ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 73 | 31 May to 6 June, 2023 | Ph.: (510) 240-5949 | Email: asrtimes@gmail.com



# ਗੁਰਬਾਣੀ ਪ੍ਰਸਾਰਣ 'ਤੇ ਵਿਵਾਦ ਕਿਉਂ?

# ਸ਼੍ਰੋਮਣੀ ਕਮੇਟੀ ਵੱਲੋਂ ਲਿਆ ਜਾਵੇ ਸਰਬ ਪ੍ਰਵਾਨਿਤ ਫ਼ੈਸਲਾ

☛ ਪੂਰੇ ਸਿੱਖ ਜਗਤ ਦੀਆਂ ਭਾਵਨਾਵਾਂ ਅਨੁਸਾਰ ਹੋਵੇ ਨਵਾਂ ਫ਼ੈਸਲਾ ☛ ਗੁਰਬਾਣੀ ਪ੍ਰਸਾਰਣ 'ਤੇ ਸਿਆਸਤ ਕਰਨ ਤੋਂ ਗੁਰੇਜ ਕਰਨ ਆਗੂ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦੇ ਪ੍ਰਸਾਰਣ ਨੂੰ ਸਿਰਫ਼ ਪੀ.ਟੀ.ਸੀ. ਚੈਨਲ ਤੋਂ ਕਰਨ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਿਚਾਲੇ ਇਸ ਸਮੇਂ ਸ਼ਬਦੀ ਜੰਗ ਹੋ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਕਹਿ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਣ ਕਰਨ ਦਾ ਹੱਕ ਸਿਰਫ਼ ਇੱਕ ਚੈਨਲ ਕੋਲ ਨਹੀਂ ਹੋਣਾ ਚਾਹੀਦਾ, ਬਲਕਿ ਸਾਰੇ ਚੈਨਲਾਂ 'ਤੇ ਗੁਰਬਾਣੀ ਦਾ ਪ੍ਰਸਾਰਣ ਮੁਫ਼ਤ ਵਿੱਚ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਇਸ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਚੁੱਕਣ ਲਈ ਤਿਆਰ ਹੈ। ਜਿਸ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ ਵੱਲੋਂ ਵੀ ਮੁੱਖ ਮੰਤਰੀ ਮਾਨ ਦਾ ਨਾਂਅ ਲਏ ਬੇਗੈਰ ਉਨ੍ਹਾਂ 'ਤੇ ਤਿੱਖਾ ਪ੍ਰਤੀਕਰਮ ਦਿੱਤਾ ਗਿਆ ਹੈ। ਸ੍ਰ. ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਕੌਮ ਦੀਆਂ ਦੋ ਮਜ਼ਬੂਤ ਸੰਸਥਾਵਾਂ ਤੇ ਸੰਪਰਦਾਵਾਂ ਦੱਸਿਆ। ਇਸ ਦੌਰਾਨ ਧਾਮੀ ਨੇ ਗੁਰਬਾਣੀ ਵੇਚਣ ਜਿਹੀ ਸ਼ਬਦਾਵਲੀ ਤੋਂ ਮੁੱਖ ਮੰਤਰੀ ਮਾਨ ਨੂੰ ਗੁਰੇਜ਼ ਕਰਨ ਦੀ ਵੀ ਅਪੀਲ ਕੀਤੀ।

ਇਥੇ ਇਹ ਜ਼ਿਕਰ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਮਹੀਨੇ ਗੁਰਮਤਿ ਪ੍ਰਕਾਸ਼ ਅਤੇ ਗੁਰਦੁਆਰਾ ਗਜ਼ਟ ਸਮੇਤ ਕਈ ਮਾਸਿਕ ਮੈਗਜ਼ੀਨ ਜ਼ਰੂਰ ਛਾਪੇ ਜਾਂਦੇ ਹਨ। ਇਹ ਮੈਗਜ਼ੀਨ ਸਿੱਖਾਂ ਵਿੱਚ ਕਾਫੀ ਸਤਿਕਾਰ ਨਾਲ ਪੜੇ ਜਾਂਦੇ ਹਨ। ਗੁਰਬਾਣੀ ਦੇ ਪ੍ਰਚਾਰ ਅਤੇ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਗੁਰਬਾਣੀ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਅਕਸਰ ਸਿੱਖ ਆਗੂਆਂ ਅਤੇ ਸੰਸਥਾਵਾਂ ਵੱਲੋਂ ਸ਼੍ਰੋਮਣੀ ਕਮੇਟੀ ਤੋਂ ਸਿੱਖਾਂ ਦਾ ਆਪਣਾ ਚੈਨਲ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

## ਸਿੱਖਾਂ ਦਾ ਆਪਣਾ 'ਪੰਥਕ ਚੈਨਲ' ਸਮੇਂ ਦੀ ਮੁੱਖ ਲੋੜ : ਸਿੱਖ ਆਗੂ

### ਪੰਥਕ ਆਗੂਆਂ ਅਨੁਸਾਰ ਗੋਦੀ ਮੀਡੀਆ ਦੇ ਸਿੱਖ ਵਿਰੋਧੀ ਪ੍ਰਚਾਰ ਦੇ ਮੁਕਾਬਲੇ ਲਈ ਸਿੱਖਾਂ ਦਾ ਆਪਣਾ ਚੈਨਲ ਹੋਣਾ ਜ਼ਰੂਰੀ

ਇਸੇ ਦੌਰਾਨ ਕੁਝ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਤੋਂ ਸਿੱਖਾਂ ਦਾ ਆਪਣਾ ਚੈਨਲ ਸ਼ੁਰੂ ਕਰਨ ਦੀ ਮੰਗ ਵੀ ਕੀਤੀ ਹੈ। ਕੁਝ ਸਮਾਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਵੀ ਸ਼੍ਰੋਮਣੀ ਕਮੇਟੀ ਨੂੰ ਆਪਣਾ ਸਿੱਖ ਚੈਨਲ ਸ਼ੁਰੂ ਕਰਨ ਸਬੰਧੀ ਕਹਿ ਚੁੱਕੇ ਹਨ ਪਰ ਸ਼੍ਰੋਮਣੀ ਕਮੇਟੀ ਨੇ ਅਜੇ ਸਿੱਖਾਂ ਦਾ ਆਪਣਾ ਚੈਨਲ ਸ਼ੁਰੂ ਕਰਨ ਸਬੰਧੀ ਕੋਈ ਸਰਗਰਮੀ ਨਹੀਂ ਵਿਖਾਈ।

ਭਾਰਤ 'ਚ ਚੈਨਲਾਂ ਦਾ ਯੁੱਗ ਸ਼ੁਰੂ ਹੋਣ ਤੋਂ ਪਹਿਲਾਂ ਪਿਛਲੇ ਦਹਾਕਿਆਂ ਦੌਰਾਨ ਅਨੇਕਾਂ ਸਿੱਖ ਅਤੇ ਪੰਥਕ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਤੋਂ ਸਿੱਖਾਂ ਦਾ ਆਪਣਾ ਅਖ਼ਬਾਰ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਅਜੇ ਤਕ ਪੂਰਾ ਨਹੀਂ ਕੀਤਾ। ਕਈ ਵਾਰ ਪੱਤਰਕਾਰਾਂ ਵੱਲੋਂ ਸਿੱਖ ਅਖ਼ਬਾਰ ਸ਼ੁਰੂ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਸਰ ਕਹਿ ਦਿੰਦੇ ਸਨ ਕਿ ਅਖ਼ਬਾਰ ਨੂੰ ਚਲਾਉਣ ਲਈ ਬਹੁਤ ਕੁਝ ਅਜਿਹਾ ਕਰਨਾ ਪੈਂਦਾ ਹੈ, ਜੋ ਕਿ ਕਈ ਵਾਰ ਸਿੱਖ ਧਰਮ ਅਨੁਸਾਰ ਸਹੀ ਨਹੀਂ ਹੁੰਦਾ, ਇਸ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਅਖ਼ਬਾਰ ਸ਼ੁਰੂ ਨਹੀਂ ਕੀਤਾ ਜਾ ਰਿਹਾ।

### ਡੀ. ਡੀ. ਪੰਜਾਬੀ ਤੋਂ ਹੋਵੇ ਗੁਰਬਾਣੀ ਪ੍ਰਸਾਰਣ

ਕੁਝ ਸਿੱਖ ਆਗੂ ਇਹ ਕਹਿ ਰਹੇ ਹਨ ਕਿ ਭਾਰਤ ਦੇ ਗੋਦੀ ਮੀਡੀਆ ਵੱਲੋਂ ਕੀਤੇ ਜਾ ਰਹੇ ਸਿੱਖ ਵਿਰੋਧੀ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਸਿੱਖਾਂ ਦਾ ਆਪਣਾ ਚੈਨਲ ਹੋਣਾ ਬਹੁਤ ਜ਼ਰੂਰੀ ਹੈ। ਸਿੱਖ ਆਗੂ ਕਹਿੰਦੇ ਹਨ ਕਿ ਕਦੇ ਅੰਮ੍ਰਿਤਪਾਲ ਦੇ ਮਾਮਲੇ ਅਤੇ ਕਦੇ ਕਿਸੇ ਹੋਰ ਮਾਮਲੇ ਦਾ ਬਹਾਨਾ ਲਗਾ ਕੇ ਭਾਰਤ ਦੇ ਗੋਦੀ ਮੀਡੀਆ ਵੱਲੋਂ ਪਿਛਲੇ ਕਾਫ਼ੀ ਸਮੇਂ ਤੋਂ ਸਿੱਖਾਂ ਖ਼ਿਲਾਫ਼ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਸਿੱਖਾਂ ਨੂੰ ਅੱਤਵਾਦੀ ਅਤੇ ਦਹਿਸ਼ਤਗਰਦ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਗੋਦੀ ਮੀਡੀਆ ਵੱਲੋਂ ਕੀਤੇ ਜਾ ਰਹੇ ਅਜਿਹੇ ਪ੍ਰਚਾਰ ਨੂੰ ਬੰਦ ਕਰਵਾਉਣ ਅਤੇ ਇਸ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਸਿੱਖਾਂ ਦੇ (ਬਾਕੀ ਸਫ਼ਾ 29 'ਤੇ)

## ਗੁਰਬਾਣੀ ਪ੍ਰਸਾਰਣ ਲਈ ਟੈਂਡਰ ਪ੍ਰਕਿਰਿਆ ਅਪਣਾਈ ਜਾਵੇਗੀ : ਹਰਜਿੰਦਰ ਸਿੰਘ ਧਾਮੀ

### ਨਿਯਮ ਤੇ ਸ਼ਰਤਾਂ ਤੈਅ ਕਰਨ ਲਈ ਸਬ ਕਮੇਟੀ ਦਾ ਗਠਨ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਗੁਰਬਾਣੀ ਦੇ ਪ੍ਰਸਾਰਣ ਸਬੰਧੀ ਇੱਕ ਸਬ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਹ ਸਬ ਕਮੇਟੀ ਜਲਦ ਹੀ ਗੁਰਬਾਣੀ ਦੇ ਪ੍ਰਸਾਰਣ ਦੇ ਲਈ ਨਿਯਮ ਤੈਅ ਕਰ ਰਹੀ ਹੈ ਅਤੇ ਜਲਦ ਹੀ ਟੈਂਡਰ ਜਾਰੀ ਕਰਕੇ ਸਾਰੇ ਟੀ.ਵੀ. ਅਦਾਰਿਆਂ ਨੂੰ ਬੋਲੀ ਲਗਾਉਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਸ਼ਰਤ ਰੱਖੀ ਕਿ ਬੋਲੀ ਵਿੱਚ ਸ਼ਾਮਲ ਹੋਣ ਵਾਲਾ ਅਦਾਰਾ ਇਸ ਗੱਲ ਦਾ ਯਕੀਨ ਦਿਵਾਏਗਾ ਕਿ ਗੁਰਬਾਣੀ ਦਾ ਪ੍ਰਸਾਰਨ ਪੂਰੀ ਦੁਨੀਆਂ ਵਿੱਚ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਜੁਲਾਈ 1998 'ਚ ਜਦੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਲਾਈਵ ਪ੍ਰਸਾਰਣ ਸ਼ੁਰੂ ਕੀਤਾ ਗਿਆ ਤਾਂ ਸਭ ਤੋਂ ਪਹਿਲਾਂ ਇਸਦੇ ਹੱਕ ਪੰਜਾਬੀ ਵਰਲਡ ਟੀਵੀ ਨੂੰ ਦਿੱਤੇ ਗਏ ਸਨ। ਲਾਈਵ ਦੇ ਅਧਿਕਾਰ ਤਾਂ ਪੰਜਾਬੀ ਵਰਲਡ ਟੀਵੀ ਨੇ ਲੈ ਲਏ ਪਰ ਉਹ ਜ਼ਿੰਮੇਦਾਰੀ ਨਿਭਾਉਣ ਦੇ ਸਮਰਥ ਨਹੀਂ ਸਨ ਜਿਸਤੋਂ ਬਾਅਦ ਉਹ ਸਾਲ ਦੇ ਅੰਦਰ ਹੀ 1999 ਤੱਕ ਹੱਥ ਖੜੇ ਕਰ ਗਏ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸਤੋਂ ਬਾਅਦ ਖਾਲਸਾ ਵਰਲਡ ਟੀਵੀ ਯੂ. ਕੇ. ਨਾਲ ਸਮਝੌਤਾ ਕੀਤਾ ਗਿਆ ਪਰ ਉਹ ਵੀ ਲਾਈਵ ਪ੍ਰਸਾਰਣ ਤੋਂ ਹੱਥ ਖੜੇ ਕਰ ਗਏ ਅਤੇ ਇਸ ਮਗਰੋਂ ਉਨ੍ਹਾਂ ਨਾਲ ਵੀ ਸਮਝੌਤਾ ਰੱਦ ਕਰ ਦਿੱਤਾ ਗਿਆ। ਉਹਨਾਂ ਦੱਸਿਆ ਕਿ ਸਤੰਬਰ 2000 'ਚ ਈ.ਟੀ.ਸੀ. ਨਾਲ ਸਮਝੌਤਾ ਹੋਇਆ ਕਿ ਸਾਲ ਦੇ 50 ਲੱਖ ਉਹ ਸ਼੍ਰੋਮਣੀ ਕਮੇਟੀ ਨੂੰ ਦੇਣਗੇ ਤੇ ਉਸ ਬਦਲੇ ਉਹ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਲਾਈਵ ਪ੍ਰਸਾਰਣ ਟੀਵੀ ਉੱਤੇ ਕਰਨਗੇ, (ਬਾਕੀ ਸਫ਼ਾ 29 'ਤੇ)

## ਜੇ ਆਮ ਵਿਅਕਤੀ ਚੈਨਲ ਚਲਾ ਸਕਦੇ ਹਨ ਤਾਂ ਸ਼੍ਰੋਮਣੀ ਕਮੇਟੀ ਕਿਉਂ ਨਹੀਂ : ਬੀਬੀ ਜਾਗੀਰ ਕੌਰ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਾਗੀਰ ਕੌਰ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ 'ਚ ਜੇ ਆਮ ਆਦਮੀ ਆਪਣੇ ਟੀ. ਵੀ. ਚੈਨਲ ਚਲਾ ਸਕਦੇ ਹਨ ਤਾਂ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਕਿਉਂ ਨਹੀਂ ਚਲਾ ਸਕਦੀ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕੋਲ ਸਿੱਖ ਧਰਮ ਬਾਰੇ ਮੈਟਰ ਅਤੇ ਇਤਿਹਾਸ ਏਨਾ ਜ਼ਿਆਦਾ ਹੈ, ਜਿਸ ਨੂੰ ਸਾਰਾ ਦਿਨ ਟੀ. ਵੀ. ਚੈਨਲ 'ਤੇ ਪ੍ਰਸਾਰਿਤ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਗੁਰਬਾਣੀ ਪ੍ਰਸਾਰਣ ਦਾ ਕੁਝ ਘੰਟੇ ਦਾ ਹੱਕ ਕਿਸੇ ਵੀ ਟੀ.ਵੀ. ਚੈਨਲ ਨੂੰ ਦੇਣ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਖੁਦ ਦਾ ਟੀ.ਵੀ.ਚੈਨਲ ਚਲਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਪ੍ਰਸਾਰਣ ਕਰਨ ਲਈ ਟੈਂਡਰ ਦੇਣ ਦੀ ਲੋੜ ਨਹੀਂ ਹੈ ਬਲਕਿ ਲੋੜ ਤਾਂ ਸ਼੍ਰੋਮਣੀ ਕਮੇਟੀ ਨੂੰ ਆਪਣਾ ਟੀ.ਵੀ. ਚੈਨਲ ਸ਼ੁਰੂ ਕਰਨ ਦੀ ਹੈ।

## ਹੋ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ, ਕੇਂਦਰ ਨੇ ਚੋਣ ਪ੍ਰਕਿਰਿਆ ਸ਼ੁਰੂ ਕਰਨ ਲਈ ਦਿੱਤੀ ਹਰੀ ਝੰਡੀ




ਚੰਡੀਗੜ੍ਹ/ਏ.ਟੀ.ਨਿਊਜ਼ : ਕੇਂਦਰ ਸਰਕਾਰ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਚੋਣ ਪ੍ਰਕਿਰਿਆ ਸ਼ੁਰੂ ਕਰਨ ਸੰਬੰਧੀ ਹਰੀ ਝੰਡੀ ਦੇ ਦਿੱਤੀ ਗਈ ਹੈ, ਜਿਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਦਾ ਅਮਲ ਸ਼ੁਰੂ ਹੋ ਗਿਆ ਹੈ, ਜਿਸ ਤਹਿਤ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐਸ.ਐਸ. ਸਾਰੋਂ (ਰਿਟਾ.) ਵੱਲੋਂ ਪੰਜਾਬ ਦੇ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਤੇ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਕੇ ਆਦੇਸ਼ ਦਿੱਤੇ ਗਏ ਹਨ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ ਆਰੰਭ ਕਰਵਾਇਆ ਜਾਵੇ। ਪੱਤਰ ਵਿੱਚ ਕਿਹਾ ਗਿਆ ਕਿ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ-48 ਅਨੁਸਾਰ ਵੋਟਰ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਹਨ। ਇਨ੍ਹਾਂ ਚੋਣਾਂ ਵਿੱਚ ਹਿੱਸਾ ਲੈਣ ਵਾਲਾ ਵੋਟਰ 21 ਸਾਲ ਦੀ (ਬਾਕੀ ਸਫ਼ਾ 29 'ਤੇ)


NAGAR KIRTAN AND RALLY FOR
REMEMBRANCE & FREEDOM
WHEN - SUNDAY, JUNE 4, 2023
WHERE - SAN FRANCISCO, CALIFORNIA
IN MEMORY OF THOUSANDS OF SIKHS MEN, WOMEN & CHILDREN WHO NEVER RETURNED HOME.
COMMEMORATING MARTYRDOM OF GURU ARJAN DEV JI & 1984 SHAHEEDS OF DARBAR SAHIB
BEGINS 10:00 AM 88 2ND STREET, SAN FRANCISCO
FOLLOWED BY RALLY AT CIVIC CENTER PLAZA
FOR MORE INFOMATION 1-(844)-REM-1984
CHECK YOUR LOCAL GURDWARA FOR TRANSPORT ARRANGEMENTS
BHAI SHAMSHER SINGH UK
BHAI KARAMJIT SINGH SUNAM
BHAI GURINDERJIT SINGH
DR AMARJIT SINGH
BHAI BALKAR SINGH CHOHLA SAHIB
BIBI JASMEET KAUR SHEENA

# ਅਮਰੀਕਾ ਖ਼ਬਰਨਾਮਾ

## ਅਮਰੀਕਾ ਨੇ ਭਾਰਤ, ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਰੋਕੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਇਸ ਸਮੇਂ ਕਰਜ਼ੇ ਦੇ ਸੰਕਟ ਨਾਲ ਜੂਝ ਰਿਹਾ ਹੈ। ਇਸ ਦਾ ਅਸਰ ਦੂਜੇ ਦੇਸ਼ਾਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਦੇ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਵਿੱਤੀ ਮਦਦ ਰੋਕ ਦਿੱਤੀ ਹੈ। ਰਿਪਬਲਿਕਨ ਸੰਸਦ ਮੈਂਬਰ ਮਾਰਜੋਰੀ ਟੇਲਰ ਗ੍ਰੀਨ ਨੇ ਬੀਤੇ ਦਿਨੀਂ ਇੱਕ ਟਵੀਟ ਵਿੱਚ ਇਹ ਜਾਣਕਾਰੀ ਦਿੱਤੀ। ਪਾਕਿਸਤਾਨ ਖੁਦ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਵਿੱਚ ਅਮਰੀਕਾ ਦਾ ਸੰਕਟ ਉਸ ਦੀਆਂ ਮੁਸ਼ਕਲਾਂ ਨੂੰ ਵਧਾ ਸਕਦਾ ਹੈ। ਗ੍ਰੀਨ ਦਾ ਟਵੀਟ ਯੂ.ਐਸ. ਦੇ ਰਾਸ਼ਟਰਪਤੀ ਜੋ ਬਿਡੇਨ

### ਕਰਜ਼ ਸੰਕਟ ਕਾਰਨ ਅਮਰੀਕਾ ਦੇ ਡਿਫ਼ਾਲਟ ਹੋਣ ਦਾ ਖ਼ਤਰਾ

### ਕਰਜ਼ੇ ਦੀ ਸੀਮਾ ਵਧਾਉਣ ਬਾਰੇ ਬਿਡੇਨ ਅਤੇ ਮੈਕਕਾਰਥੀ ਵਿਚਾਲੇ ਸਮਝੌਤਾ



ਅਤੇ ਚੋਟੀ ਦੇ ਕਾਂਗਰਸ ਦੇ ਰਿਪਬਲਿਕਨ ਕੇਵਿਨ ਮੈਕਕਾਰਥੀ ਦੇ ਸਰਕਾਰ ਵਲੋਂ 31.4 ਟ੍ਰਿਲੀਅਨ ਡਾਲਰ ਕਰਜ਼ ਸੀਮਾ ਨੂੰ ਵਧਾਉਣ ਲਈ ਇੱਕ ਅਸਥਾਈ ਸਮਝੌਤੇ 'ਤੇ ਸਹਿਮਤ ਹੋਣ ਤੋਂ ਤੁਰੰਤ ਬਾਅਦ ਆਇਆ ਹੈ।

ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਅਮਰੀਕੀ ਸਰਕਾਰ ਦੀ ਸਿਹਤ ਏਜੰਸੀ ਹੈ। ਏਜੰਸੀ ਦਾ ਮੁੱਖ ਉਦੇਸ਼ ਸੰਯੁਕਤ ਰਾਜ ਅਤੇ ਦੁਨੀਆ ਭਰ ਵਿੱਚ ਬਿਮਾਰੀਆਂ ਦੇ ਕੰਟਰੋਲ ਅਤੇ ਰੋਕਥਾਮ ਦੁਆਰਾ ਜਨਤਾ ਦੀ ਸਿਹਤ ਦੀ ਰੱਖਿਆ

## ਕੈਲੀਫੋਰਨੀਆਂ ਵਿਖੇ ਨਗਰ ਕੀਰਤਨ ਅਤੇ ਰੈਲੀ 4 ਜੂਨ ਨੂੰ

ਕੈਲੀਫੋਰਨੀਆ/ਏ.ਟੀ.ਨਿਊਜ਼ : ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ 1984 ਵਿੱਚ ਸ਼ਹੀਦ ਹੋਏ ਸਮੂਹ ਸਿੰਘ,ਸਿੰਘਣੀਆਂ ਅਤੇ ਬੱਚਿਆਂ ਦੀ ਯਾਦ ਵਿੱਚ 4 ਜੂਨ 2023 ਦਿਨ ਐਤਵਾਰ ਨੂੰ ਸਵੇਰੇ 10 ਵਜੇ 88 ਸੈਕਿੰਡ ਸਟਰੀਟ, ਸਾਨ ਫਰਾਂਸਿਸਕੋ ਕੈਲੀਫੋਰਨੀਆਂ ਵਿਖੇ ਨਗਰ ਕੀਰਤਨ ਅਤੇ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਈ ਸ਼ਮਸ਼ੇਰ ਸਿੰਘ ਯੂ ਕੇ, ਭਾਈ ਕਰਮਜੀਤ ਸਿੰਘ ਸੁਨਾਮ, ਭਾਈ ਗੁਰਿੰਦਰਜੀਤ ਸਿੰਘ, ਡਾ. ਅਮਰਜੀਤ ਸਿੰਘ, ਭਾਈ ਬਲਕਾਰ ਸਿੰਘ ਚੋਹਲਾ ਸਾਹਿਬ ਆਪਣੇ ਵਿਚਾਰ ਪੇਸ਼ ਕਰਨਗੇ।

## ਪੰਜਾਬੀ ਅਮਰੀਕਨ ਫੈਸਟੀਵਲ ਯੂਬਾ ਸਿਟੀ ਦੇ ਮੇਲੇ 'ਚ ਵੱਖ-ਵੱਖ ਸਭਿਆਚਾਰਕ ਆਈਟਮਾਂ ਨੇ ਰੰਗ ਵਖੇਰੇ

ਯੂਬਾ ਸਿਟੀ (ਹੁਸਨ ਲੜੋਆ ਬੰਗਾ ): ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਯੂਬਾ ਸਿਟੀ ਵਿੱਚ 27ਵਾਂ ਪੰਜਾਬੀਅਮੈਰੀਕਨ ਹੈਰੀਟੇਜ ਸੁਸਾਇਟੀ ਵਲੋਂ ਕਰਵਾਇਆ ਗਿਆ ਪੰਜਾਬੀ ਅਮਰੀਕਨ ਫੈਸਟੀਵਲ 'ਚ ਜਿੱਥੇ ਗਿੱਧੇ ਭੰਗੜੇ, ਗੀਤ-ਸੰਗੀਤ, ਕਾਮੇਡੀ-ਸਕਿੱਟਾਂ ਦਿਖਾਈਆਂ ਉਥੇ ਹੀ ਕਰਾਫਟਸ, ਬੱਚਿਆਂ ਦੀਆਂ ਖੇਡਾਂ ਅਤੇ ਪੰਜਾਬੀ ਪਕਵਾਨ,ਮਹਿੰਦੀ ਦੇ ਗਹਿਣੇ ਅਤੇ ਹੋਰ ਵੀ ਬਹੁਤ ਕੁਝ ਦੇਖਣ ਨੂੰ ਮਿਲਿਆ। ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਦੀ ਸਥਾਪਨਾ 1993 ਵਿਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਮਨੋਰਥ ਨਾਲ ਕੀਤੀ ਗਈ ਸੀ। ਇਸ ਮੇਲੇ ਵਿਚ ਹੁਣ ਤਕ ਸੈਂਕੜੇ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕੇ



ਹਨ। ਇਸ ਵੇਰਾਂ ਵੀ ਪ੍ਰੋਗਰਾਮ ਦਾ ਅਗਾਜ ਸ਼ਬਦ ਨਾਲ ਕੀਤਾ ਗਿਆ। ਇਸ ਤੋਂ ਬਾਅਦ ਵੱਖ ਵੱਖ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨਾਂ ਚ ਯਾਰ ਅਣਮੁੱਲੇ , ਗੱਭਰੂ ਪੰਜਾਬ, ਰੋਜ਼ਵਿਲ ਤੋਂ ਹੀਰ ਸਲੇਟੀਆਂ, ਨੱਚਦੀ ਜਵਾਨੀ, ਨੱਚ ਦੀਆਂ

(ਬਾਕੀ ਸਫ਼ਾ 29 'ਤੇ)

## ਜਵਾਨੀ 'ਚ ਕਸਰਤ ਨਾਲ ਬੁਢਾਪੇ 'ਚ ਨਹੀਂ ਹੋਵੇਗੀ ਭੁੱਲਣ ਦੀ ਬਿਮਾਰੀ

### ਮੈਕਸੀਕੋ ਦੇ ਸੈਂਟਰ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼ ਅਧਿਐਨ 'ਚ ਹੋਇਆ ਖ਼ੁਲਾਸਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਖੋਜੀਆਂ ਨੇ ਇਕ ਨਵੇਂ ਅਧਿਐਨ ਵਿੱਚ ਪਾਇਆ ਹੈ ਕਿ ਜੇ ਜਵਾਨੀ ਵਿੱਚ ਲੰਬੇ ਸਮੇਂ ਤਕ ਕਸਰਤ ਦੇ ਤੌਰ 'ਤੇ ਦੌੜਨ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਇਸ ਨਾਲ ਬੁਢਾਪੇ 'ਚ ਯਾਦਦਾਸ਼ਤ ਸਬੰਧੀ ਸਮੱਸਿਆ ਨੂੰ ਘੱਟ ਕੀਤਾ ਜਾ ਸਕਦਾ ਹੈ। ਖੋਜੀ ਟੀਮ ਨੇ ਕਿਹਾ ਕਿ ਦੌੜਨ ਨਾਲ ਐਪੀਸੋਡਿਕ ਮੈਮਰੀ ਐਨਕੋਡਿੰਗ ਦੇ ਰੱਖ-ਰਖਾਅ ਵਿੱਚ ਮਦਦ ਮਿਲਦੀ ਹੈ।



ਐਪੀਸੋਡਿਕ ਮੈਮਰੀ ਇਕ ਤਰ੍ਹਾਂ ਦੀ ਲੰਬੇ ਸਮੇਂ ਦੀ ਮੈਮਰੀ ਹੈ, ਜਿਸ ਵਿੱਚ ਸਮਾਂ, ਸਥਾਨ ਤੇ ਸਬੰਧਤ ਭਾਵਨਾਵਾਂ ਦੇ ਸਬੰਧ ਵਿੱਚ ਪਿਛਲੇ ਤਜਰਬਿਆਂ ਦੀ ਯਾਦ ਸ਼ਾਮਲ ਹੁੰਦੀ ਹੈ। ਜਰਨਲ ਈਨਿਊਰੋ ਵਿੱਚ ਪ੍ਰਕਾਸ਼ਿਤ ਅਮਰੀਕਾ ਦੇ ਫਲੋਰੀਡਾ ਅਟਲਾਂਟਿਕ ਯੂਨੀਵਰਸਿਟੀ (ਐੱਫਏਯੂ) ਤੇ ਮੈਕਸੀਕੋ ਦੇ ਸੈਂਟਰ ਫਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼ (ਸੀਆਈਐੱਨਵੀਐੱਸਟੀਏਵੀ) ਦੇ ਖੋਜੀਆਂ ਨੇ ਕਿਹਾ ਕਿ ਅਧਿਐਨ ਨੇ ਕਸਰਤ ਦੇ ਫਾਇਦਿਆਂ ਨੂੰ ਲੈ ਕੇ ਵਿਲੱਖਣ ਵੇਰਵਾ ਦਿੱਤਾ ਹੈ। ਇਹ ਬਾਲਗਾਂ ਨੂੰ ਖਾਸ ਕਰ ਕੇ ਨੌਜਵਾਨਾਂ ਵਿੱਚ ਸਿਹਤਮੰਦ ਰਹਿਣ ਦੀ ਪ੍ਰੇਰਣਾ ਦਿੰਦਾ ਹੈ। ਖੋਜੀਆਂ ਦੀ ਟੀਮ ਨੇ ਆਪਣੇ ਅਧਿਐਨ ਵਿੱਚ ਜਵਾਨੀ 'ਚ ਬਾਲਗ ਚੂਹਿਆਂ ਵਿੱਚ ਪੈਦਾ ਹੋਏ ਹਿੱਪੋਕੈਂਪਸ ਨਿਊਰਾਨਸ ਦੇ ਨੈੱਟਵਰਕ 'ਤੇ ਲੰਬੇ ਸਮੇਂ ਤਕ ਚੱਲਣ ਦੇ ਪ੍ਰਭਾਵਾਂ ਦਾ ਅਧਿਐਨ ਕੀਤਾ।

ਅਧਿਐਨ ਨਾਲ ਜੁੜੇ ਲੇਖਕ ਕਾਰਮੈਨ ਵਿਵਰ ਨੇ ਕਿਹਾ ਕਿ ਲੰਬੇ ਸਮੇਂ ਤਕ ਰੋਜ਼ਾਨਾ ਦੌੜਨ ਨੂੰ ਸ਼ਾਮਲ ਕਰਨ ਨਾਲ ਜ਼ਿਆਦਾਤਰ ਸਮਾਨ ਘਟਨਾਵਾਂ ਤੇ ਉਤੇਜਨਾਵਾਂ ਵਿਚਾਲੇ ਅੰਤਰ ਕਰਨ ਦੀ ਸਮਰੱਥਾ ਵਧਦੀ ਹੈ। ਇਸ ਨਾਲ ਬੁਢਾਪੇ ਵਿੱਚ ਯਾਦ ਸ਼ਕਤੀ ਘੱਟ ਹੋਣ ਦੀ ਸਮੱਸਿਆ ਘੱਟ ਹੁੰਦੀ ਹੈ।

ਰੋਜ਼ਾਨਾ ਕਸਰਤ ਕਰਨ ਨਾਲ ਪ੍ਰਸੰਗਿਕਤਾ 'ਤੇ ਜ਼ੋਰ ਦਿੰਦੇ ਹੋਏ ਵਿਵਰ ਕਹਿੰਦੇ ਹਨ ਕਿ ਅਧਿਐਨ 'ਚ ਪਾਇਆ ਗਿਆ ਹੈ ਕਿ ਜਵਾਨੀ ਵਿੱਚ ਸ਼ੁਰੂ ਹੋਣ ਤੇ ਪੂਰੀ ਜਵਾਨੀ 'ਚ ਜਾਰੀ ਰਹਿਣ ਵਾਲੇ ਪੁਰਾਣੀ ਕਸਰਤ, ਉਮਰ ਵਧਣ ਦੌਰਾਨ ਸਾਡੀ ਯਾਦ ਸ਼ਕਤੀ ਨੂੰ ਬਣਾਏ ਰੱਖਣ ਵਿੱਚ ਮਦਦ ਕਰਦੇ ਹਨ।

## ਨੌਜਵਾਨ ਕਬੱਡੀ ਖੇਡ ਪ੍ਰਮੋਟਰ ਮਨਜਿੰਦਰ ਸ਼ੇਰ ਗਿੱਲ ਦੀ ਅਚਾਨਕ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ 'ਚ ਕਬੱਡੀ ਖੇਡ ਨੂੰ ਪ੍ਰਮੋਟ ਕਰਨ ਵਾਲੇ ਤੇ ਵੱਖ- ਵੱਖ ਸਮਾਜਿਕ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਪਾਉਣ ਵਾਲੇ ਨੌਜਵਾਨ ਮਨਜਿੰਦਰ ਸਿੰਘ ਸ਼ੇਰਗਿੱਲ ਇਸ ਦੁਨੀਆਂ ਤੋਂ ਅਚਾਨਕ ਰੁਖਸਤ ਹੋ ਗਏ। ਪਰਿਵਾਰਿਕ ਸੂਤਰਾਂ ਤੋਂ ਪਤਾ ਚਲਿਆ ਹੈ ਕਿ ਮਨਜਿੰਦਰ ਸਿੰਘ ਸ਼ੇਰਗਿੱਲ ਉਰਫ ਮੈਨੀ ਸ਼ੇਰਗਿੱਲ ਪੁੱਤਰ ਦਲਜੀਤ ਸਿੰਘ ਸ਼ੇਰਗਿੱਲ ਨੂੰ ਅਚਾਨਕ ਰਾਤ ਨੂੰ ਦੌਰਾ ਪਿਆ ਤੇ ਸੁੱਤਾ ਪਿਆ ਹੀ ਰਹਿ ਗਿਆ। ਇਸ ਅਚਾਨਕ ਮੌਤ ਨਾਲ ਪਰਿਵਾਰ, ਸਮੁਚੇ ਖੇਡ ਪ੍ਰੇਮੀਆਂ, ਖੇਡ ਕਲੱਬਾਂ ਤੇ ਕੈਲੀਫੋਰਨੀਆ ਕਬੱਡੀ ਫੇਡਰੇਸ਼ਨ ਦਾ ਸਦਮੇ 'ਚ ਆਉਣਾ ਸੁਭਾਵਕ ਹੀ ਸੀ। ਇਸ ਮੌਕੇ ਉਨਾਂ ਨੂੰ ਪਿਆਰ ਕਰਨ ਵਾਲੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਕਬੱਡੀ ਪ੍ਰਮੋਟਰ ਤੇ ਬਿਜਨਸਮੈਨ ਸੁਰਿੰਦਰ ਸਿੰਘ ਨਿੱਝਰ, ਐਨ. ਆਰ. ਆਈ. ਸਭਾ ਦੇ ਪ੍ਰਧਾਨ ਪਾਲ ਸਹੋਤਾ, ਉਘੇ ਕਬੱਡੀ ਪ੍ਰਮੋਟਰ ਜੌਹਨ ਸਿੰਘ ਗਿੱਲ, ਸੈਂਟਰ ਵੈਲੀ ਸਪੋਰਟਸ ਕਲੱਬ ਦੇ ਲਖਬੀਰ ਸਿੰਘ ਸਹੋਤਾ ਕਾਲਾ ਟਰੇਸੀ, ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਧੀਰਾ ਨਿੱਝਰ, ਬਿਜਨਸਮੈਨ ਮਾਈਕ ਬੋਪਾਰਾਏ, ਬਿਜਨਸਮੈਂਨ ਭਿੰਦਾ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਜਿੰਦਰ ਸੇਖੋਂ, ਹਰਨੇਕ ਸਿੰਘ ਅਟਵਾਲ ਅਤੇ ਲਗਭਗ ਸਾਰੀਆਂ ਖੇਡ ਸੰਸਥਾਵਾਂ ਨੇ ਗਹਿਰਾ ਦੁੱਖ ਵਿਅਕਤ ਕੀਤਾ ਹੈ।

## ਅਮਰੀਕਾ ਵਿੱਚ ਸੱਤਾਧਾਰੀ ਤੇ ਵਿਰੋਧੀ ਧਿਰ ਕਰਜ਼ਾ ਹੱਦ ਵਧਾਉਣ ਲਈ ਸਹਿਮਤੀ ਦੇ ਨੇੜੇ ਪੁੱਜੇ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਦੇਣਦਾਰੀਆਂ ਵਿੱਚ ਫਸੀ ਅਮਰੀਕੀ ਸਰਕਾਰ ਲਈ ਇਹ ਸੁਖਾਵੀਂ ਰਿਪੋਰਟ ਹੈ ਕਿ ਕਰਜ਼ਾ ਹੱਦ ਵਧਾਉਣ ਬਾਰੇ ਛੇਤੀ ਸਹਿਮਤੀ ਬਣ ਸਕਦੀ ਹੈ।

ਸੱਤਾਧਾਰੀ ਡੈਮੋਕਰੈਟਿਕ ਤੇ ਵਿਰੋਧੀ ਰਿਪਬਲੀਕਨਾਂ ਵਿਚਾਲੇ 1 ਜੂਨ ਤੋਂ ਪਹਿਲਾਂ ਕਰਜ਼ਾ ਹੱਦ ਵਧਾਉਣ ਲਈ ਸਹਿਮਤੀ ਬਣਨ ਦੀ ਸੰਭਾਵਨਾ ਵਧ ਗਈ ਹੈ। ਡੈਮੋਕਰੈਟਿਕ ਸੂਤਰਾਂ ਅਨੁਸਾਰ ਵਾਈਟ ਹਾਊਸ ਤੇ ਰਿਪਬਲੀਕਨ ਗੱਲਕਾਰ ਸਮਝੌਤੇ ਨੇੜੇ ਪੁੱਜ ਗਏ ਹਨ। ਸੂਤਰਾਂ ਅਨੁਸਾਰ ਬੀਤੀ ਸ਼ਾਮ ਦੋਨਾਂ ਧਿਰਾਂ ਵਿਚਾਲੇ ਗੱਲਬਾਤ ਦੌਰਾਨ ਸਲਾਨਾ ਖਰਚਾ ਹੱਦ ਵਧਾਉਣ ਬਾਰੇ ਪ੍ਰਗਤੀ ਹੋਈ ਹੈ। ਰਿਪਬਲੀਕਨ ਅਖ਼ਤਿਆਰੀ ਫੰਡ ਬਾਰੇ ਸਲਾਨਾ ਹੱਦ 6 ਸਾਲ ਲਈ ਵਧਾਉਣਾ ਚਾਹੁੰਦੇ ਹਨ ਜਦ ਕਿ ਵਾਈਟ ਹਾਊਸ ਕੇਵਲ 2 ਸਾਲ ਲਈ ਹੱਦ ਵਧਾਉਣ ਦੇ ਹੱਕ ਵਿੱਚ ਹੈ। ਇਕ ਰਿਪੋਰਟ ਅਨੁਸਾਰ ਸਦਨ ਦੇ ਸਪੀਕਰ ਕੈਵਿਨ ਮੈਕਰਥੀ ਚਾਹੁੰਦੇ ਹਨ ਕਿ ਪਿਛਲੇ ਸਾਲ ਨਾਲੋਂ ਅਗਲੇ ਵਿੱਤੀ ਸਾਲ ਵਿੱਚ ਖਰਚਾ ਘੱਟ ਹੋਵੇ। ਵਾਈਟ ਹਾਊਸ ਨੇ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਕੋਈ ਵੀ ਸੰਭਾਵੀ ਸਮਝੌਤਾ ਹੋਣ ਨਾਲ ਕਰਜ਼ਾ ਹੱਦ ਵਧ ਜਾਵੇਗੀ ਜੋ ਇਹ ਤੈਅ ਕਰੇਗੀ ਕਿ 2024 ਦੇ ਅੰਤ ਤੱਕ ਅਮਰੀਕੀ ਸਰਕਾਰ ਕਿੰਨਾ ਉਧਾਰ ਲੈ ਸਕੇਗੀ। ਇਸ ਦੌਰਾਨ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਗੱਲਬਾਤ ਵਿੱਚ ਪ੍ਰਗਤੀ ਹੋਈ ਹੈ, ਮੈ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਡੇ ਕੌਮੀ ਕਰਜ਼ੇ ਸਬੰਧੀ ਸਥਿਤੀ ਨੂੰ ਖਰਾਬ ਕਰਨਾ ਕੋਈ ਵੀ ਢੰਗ ਤਰੀਕਾ ਨਹੀਂ ਹੋ ਸਕਦਾ।

## ਅਮਰੀਕਾ ਦੇ ਮਿਸ਼ੀਗਨ ਰਾਜ ਵਿੱਚ ਸੋਫੇ 'ਤੇ ਪਈ ਗੰਨ ਅਚਾਨਕ ਚੱਲ ਜਾਣ ਨਾਲ 2 ਸਾਲ ਦੇ ਬੱਚੇ ਦੀ ਮੌਤ

### ਗ਼ੈਰ ਇਰਾਦਾ ਕਤਲ ਦਾ ਮਾਮਲਾ ਦਰਜ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਦੇ ਮਿਸ਼ੀਗਨ ਰਾਜ ਦੇ ਕੈਂਟਵੁੱਡ ਸ਼ਹਿਰ ਦੇ ਇੱਕ ਘਰ ਵਿੱਚ ਸੋਫੇ 'ਤੇ ਪਈ ਗੰਨ 2 ਸਾਲ ਦੇ ਬੱਚੇ ਦੇ ਹੱਥ ਆ ਜਾਣ ਉਪੰਰਤ ਅਚਾਨਕ ਘੋੜਾ ਦੱਬ ਜਾਣ ਦੇ ਸਿੱਟੇ ਵਜੋਂ ਚੱਲੀ ਗੋਲੀ ਨਾਲ ਬੱਚੇ ਦੀ ਮੌਤ ਹੋਣ ਦੀ ਖਬਰ ਹੈ। ਪੁਲਿਸ ਅਨੁਸਾਰ ਗੰਨ ਬੱਚੇ ਦੀ ਮਾਂ ਦੇ ਦੋਸਤ ਮਾਰਕਸ ਨੈਵਿਲਸ ਜੂਨੀਅਰ (22) ਦੀ ਸੀ ਜੋ ਕਾਈਏਅਰ ਮੈਕੋਇ ਨਾਮੀ ਬੱਚੇ ਦੀ ਮੌਤ ਦਾ ਕਾਰਨ ਬਣੀ। ਬੱਚੇ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਮਾਰਕਸ ਨੈਵਿਲਸ ਵਿਰੁੱਧ ਗੈਰ ਇਰਾਦਾ ਕਤਲ ਦਾ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਨੈਵਿਲਸ ਨੇ ਅਦਾਲਤ ਵਿੱਚ ਪੇਸ਼ੀ ਦੌਰਾਨ ਆਪਣੇ ਵਿਰੁੱਧ ਦੋਸ਼ ਆਇਦ ਕਰਨ ਦਾ ਵਿਰੋਧ

ਕਰਦਿਆਂ ਕਿਹਾ ਕਿ ਮੈ ਬੱਚੇ ਨੂੰ ਨਹੀਂ ਮਾਰਿਆ। ਬਚਾਅ ਪੱਖ ਦੇ ਵਕੀਲ ਰਿਚਰਡ ਜ਼ਮਬੋਨ ਨੇ ਕਿਹਾ ਕਿ ਇਹ ਇੱਕ ਬਹੁਤ ਦੁੱਖਦਾਈ ਘਟਨਾ ਹੈ ਤੇ ਇਸ ਵਿੱਚ ਕੋਈ ਅਪਰਾਧਕ ਇਰਾਦਾ ਨਜਰ ਨਹੀਂ ਆਉਂਦਾ। ਦੂਸਰੇ ਪਾਸੇ ਇਸਤਗਾਸਾ ਪੱਖ ਨੇ ਦਲੀਲ ਦਿੱਤੀ ਇਹ ਸਿਰੇ ਦੀ ਲਾਪਰਵਾਹੀ ਹੈ। ਇਥੇ ਜਿਕਰਯੋਗ ਹੈ ਕਿ ਹਾਲ ਹੀ ਵਿੱਚ ਰਾਜ ਦੇ ਗਵਰਨਰ ਗਰੈਚਨ ਵਿਟਮਰ ਨੇ ਇਕ ਕਾਨੂੰਨ ਉਪਰ ਸਹੀ ਪਾਈ ਹੈ ਜਿਸ ਵਿੱਚ ਗੰਨ ਮਾਲਕਾਂ ਨੂੰ ਕਿਹਾ ਗਿਆ ਹੈ ਕਿ ਬੱਚਿਆਂ ਦੀ ਮੌਜੂਦਗੀ ਵਿੱਚ ਗੰਨ ਤੇ ਹੋਰ ਹਥਿਆਰ ਤਾਲੇ ਦੇ ਅੰਦਰ ਰਖੇ ਜਾਣ।

# ਸੈਕਰਾਮੈਂਟੋ ਵਿੱਚ ਕਬੱਡੀ ਟੂਰਨਾਮੈਂਟ ਕਰਵਾਇਆ

## ਪਹਿਲਾ ਸਥਾਨ ਬੇ-ਏਰੀਆ ਸਪੋਰਟਸ ਕਲੱਬ ਤੇ ਮੈਟਰੋ ਨਿਊਯਾਰਕ ਨੇ ਸਾਂਝੇ ਤੌਰ ’ਤੇ ਜਿੱਤਿਆ ਤੇ ਦੂਜੇ ਤੇ ਚੜਦਾ ਪੰਜਾਬ ਰਿਹਾ





ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) :ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਐਤਕਾਂ ਵੀ ਕਾਫੀ ਫਸਵੇਂ ਮੈਚ ਦੇਖਣ ਨੂੰ ਮਿਲੇ ਪਰ ਬੇ- ਏਰੀਆ ਸਪੋਰਟਸ ਕਲੱਬ ਅਤੇ ਮੈਟਰੋ ਨਿਊਯਾਰਕ ਨੇ ਚੜ੍ਹਦਾ ਪੰਜਾਬ ਨੂੰ ਹਰਾ ਕੇ 40-48 ਨੰਬਰਾਂ ਦੇ ਫ਼ਰਕ ਨਾਲ ਫਾਈਨਲ ਮੈਚ ਜਿੱਤ ਲਿਆ। ਜੇਤੂ ਟੀਮ ਨੂੰ 15 ਹਜ਼ਾਰ ਡਾਲਰ ਦਾ ਨਗਦ ਇਨਾਮ ਅਤੇ ਵੱਡੀ ਟਰਾਫ਼ੀ ਦਿੱਤੀ ਗਈ। ਇਹ ਇਨਾਮ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਰੋਜ਼ਵਿਲ ਵੱਲੋਂ ਸਪੌਂਸਰ ਕੀਤਾ ਗਿਆ। ਦੂਜਾ ਇਨਾਮ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਨੂੰ 13 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ ਜੋ ਕਿ ਮਾਇਕ ਬੋਪਾਰਾਏ, ਨੇਕੀ ਅਟਵਾਲ, ਭਿੰਦਾ ਗਾਖਲ, ਪਿੰਕੀ ਅਟਵਾਲ, ਕੁਲਜੀਤ ਸਿੰਘ ਨਿੱਝਰ, ਜਗਜੀਤ ਰੱਕੜ ਵੱਲੋਂ ਸਪੌਂਸਰ ਕੀਤਾ ਗਿਆ ਸੀ। ਤੀਜਾ ਇਨਾਮ ਸੋਢੀ ਸ਼ੋਕਰ, ਜਾਗਰ ਉੱਪਲ , ਬਲਵਿੰਦਰ ਸਿੱਧੂ ਰਿਵਰਸਾਈਡ ਵੱਲੋਂ 11 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ। ਅੰਡਰ 21 ਫਰਿਜ਼ਨੋ ਅਤੇ ਮਨਟੀਕਾ ਨੇ ਸਾਂਝੇ ਤੌਰ ’ਤੇ ਜਿਤਿਆ। ਇਸ ਤੋਂ ਇਲਾਵਾ ਲੋਕਲ ਓਪਨ ਸ਼ੋਅ ਮੈਚ ਚ ਬ੍ਰੇਕਫੀਲਡ ਜੇਤੂ ਰਿਹਾ ਅਤੇ ਫਰਿਜ਼ਨੋ ਦੂਜੇ ਨੰਬਰ ’ਤੇ ਰਿਹਾ ।ਇਸ ਦੌਰਾਨ ਬੈਸਟ ਰੇਡਰ ਸੁਲਤਾਨ ਸਮਸਪੁਰੀਆਂ ਤੇ ਬੈਸਟ ਜਾਫੀ ਪਾਲਾ ਜਲਾਲਪੁਰੀਆਂ ਨੂੰ ਚੁਣਿਆ ਗਿਆ। ਇਸ ਮੌਕੇ ਉੱਘੇ ਕੱਬਡੀ ਪ੍ਰਮੋਟਰ ਬੰਤ ਸਿੰਘ ਨਿੱਝਰ ਕੈਨੇਡਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵੱਖ ਵੱਖ ਟੀਮਾਂ ਦੇ ਖਿਡਾਰੀਆਂ ਨੂੰ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਉੱਘੇ ਕੱਬਡੀ ਪ੍ਰਮੋਟਰ ਜੌਨ ਸਿੰਘ ਗਿੱਲ, ਅਮੋਲਕ ਗਾਖਲ, ਇਕਬਾਲ ਗਾਖਲ ,ਸੁਰਿੰਦਰ ਨਿੱਝਰ, ਕੁਲਜੀਤ ਨਿੱਝਰ, ਤੀਰਥ ਗਾਖਲ ਨੇ ਵੀ ਇਨਾਮ ਤਕਸੀਮ ਕੀਤੇ। ਬਾਕੀ ਮੁੱਖ ਸਪੌਂਸਰਾ ਵਿੱਚ ਗਾਖਲ ਬ੍ਰਦਰਜ,ਬਲਜੀਤ ਬਾਸੀ, ਮੱਖਣ ਝੱਟੂ, ਪਾਲ ਸਿੰਘ ਕੈਲੇ, ਸੰਘਾਂ ਬ੍ਰਦਰਜ, ਸ਼ੇਰੂ ਭਾਟੀਆ, ਜਸਵਿੰਦਰ ਬੈਂਸ, ਸੈਂਟਰਲਵੈਲੀ ਦੇ ਰਾਜਾ ਧਾਮੀ, ਹੈਰੀ ਭੰਗੂ ਬਲਜੀਤ ਸੰਧੂ, ਕੁਲਦੀਪ, ਜੱਸੀ ਬੇ-ਏਰੀਆ ਸਪੋਰਟਸ ਕਲੱਬ ,(**ਬਾਕੀ ਸਫ਼ਾ 29 ’ਤੇ**)

# ਮਾਨ ਕੈਬਨਿਟ ’ਚ 2 ਨਵੇਂ ਚਿਹਰੇ ਸ਼ਾਮਲ

## ਖੁੱਡੀਆਂ ਖੇਤੀ ਤੇ ਬਲਕਾਰ ਸਿੰਘ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਣੇ

### ਮੰਤਰੀ ਨਿੱਝਰ ਨੇ ਨਿੱਜੀ ਕਾਰਨਾਂ ਕਰਕੇ ਦੇ ਦਿੱਤਾ ਸੀ ਅਸਤੀਫ਼ਾ



ਚੰਡੀਗੜ੍ਹ /ਏ.ਟੀ.ਨਿਊਜ਼: ਮੁੱਖ ਮੰਤਰੀ ਭਗਵੰਤ ਮਾਨ ਦੀ ਕੈਬਨਿਟ ’ਚ 2 ਨਵੇਂ ਚਿਹਰੇ ਸ਼ਾਮਲ ਹੋ ਗਏ ਹਨ। ਇੱਥੇ ਪੰਜਾਬ ਰਾਜ ਭਵਨ ਵਿਖੇ ਮੁੱਖ ਮੰਤਰੀ ਮਾਨ ਨੇ ਆਪਣੀ ਕੈਬਨਿਟ ’ਚ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਅਤੇ ਲੰਬੀ ਤੋਂ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਨੂੰ ਸ਼ਾਮਲ ਕਰ ਲਿਆ ਹੈ। ਦੋਹਾਂ ਮੰਤਰੀਆਂ ਵੱਲੋਂ ਰਾਜਭਵਨ ਵਿਖੇ ਮੰਤਰੀ ਅਹੁਦੇ ਦੀ ਸਹੁੰ ਚੁੱਕ ਲਈ ਗਈ ਹੈ। ਦੋਹਾਂ ਮੰਤਰੀਆਂ ਨੂੰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸਹੁੰ ਚੁਕਾਈ ਗਈ ਹੈ ।ਇਸ ਤੋਂ ਬਾਅਦ ਹੁਣ ਮੰਤਰੀਆਂ ਦੇ ਵਿਭਾਗਾਂ ’ਚ ਫੇਰਬਦਲ ਹੋ ਸਕਦਾ ਹੈ। ਇਸ ਦੇ ਨਾਲ ਹੀ ਬਲਕਾਰ ਸਿੰਘ ਦੋਆਬਾ ਖੇਤਰ ਤੋਂ ਬ੍ਰਹਮ ਸ਼ੰਕਰ ਜਿੰਪਾ ਮਗਰੋਂ ਦੂਜੇ ਮੰਤਰੀ ਬਣ ਗਏ ਹਨ। ਦੱਸਣਯੋਗ ਹੈ ਕਿ ਬੀਤੇ ਦਿਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਇੰਦਰਬੀਰ ਸਿੰਘ ਨਿੱਜਰ ਨੇ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਪਣਾ ਅਸਤੀਫ਼ਾ ਮੁੱਖ ਮੰਤਰੀ ਮਾਨ ਨੂੰ ਸੌਂਪ ਦਿੱਤਾ ਸੀ, ਜਿਸ ਨੂੰ ਮੁੱਖ ਮੰਤਰੀ ਨੇ ਅੱਗੇ ਰਾਜਪਾਲ ਕੋਲ ਮਨਜ਼ੂਰੀ ਲਈ ਭੇਜ ਦਿੱਤਾ।ਮਨਜ਼ੂਰੀ ਤੋਂ ਬਾਅਦ ਰਾਜਪਾਲ ਤੋਂ ਨਵੇਂ ਮੰਤਰੀਆਂ ਦੇ ਸਹੁੰ ਚੁੱਕਣ ਲਈ ਸਮਾਂ ਲਿਆ ਗਿਆ। ਇਹ ਵੀ ਦੱਸ ਦੇਈਏ ਕਿ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਨੂੰ ਜਲੰਧਰ ਲੋਕ ਸਭਾ ਜ਼ਿਮਨੀ ਚੋਣ ’ਚ ਕੀਤੇ ਕੰਮ ਦਾ ਇਨਾਮ ਮਿਲਿਆ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਵੀ ਲੰਬੀ ਤੋਂ 5 ਵਾਰ ਦੇ ਮੁੱਖ ਮੰਤਰੀ ਰਹੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾਇਆ ਗਿਆ ਹੈ।

# ਪੰਜਾਬ ਕੈਬਨਿਟ ਦੇ ਵਿਸਥਾਰ ਤੋਂ ਬਾਅਦ ਮਹਿਕਮਿਆਂ ਵਿੱਚ ਵੱਡਾ ਫੇਰਬਦਲ

ਚੰਡੀਗੜ੍ਹ /ਏ.ਟੀ.ਨਿਊਜ਼ : ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਮੰਤਰੀ ਮੰਡਲ ਦਾ ਅੱਜ ਵਿਸਥਾਰ ਕਰਦਿਆਂ ‘ਆਪ’ ਵਿਧਾਇਕਾਂ ਗੁਰਮੀਤ ਸਿੰਘ ਖੁੱਡੀਆਂ ਅਤੇ ਬਲਕਾਰ ਸਿੰਘ ਨੇ ਸੂਬੇ ਦੇ ਨਵੇਂ ਮੰਤਰੀਆਂ ਵਜੋਂ ਸਹੁੰ ਚੁਕਾਈ ਗਈ ਹੈ। ਪੰਜਾਬ ਕੈਬਨਿਟ ਦੇ ਵਿਸਥਾਰ ਤੋਂ ਬਾਅਦ ਮੰਤਰੀਆਂ ਦੇ ਮਹਿਕਮਿਆਂ ਵਿੱਚ ਵੱਡਾ ਫੇਰਬਦਲ ਕੀਤਾ ਗਿਆ ਹੈ। ਨਵੇਂ ਮੰਤਰੀ ਬਣੇ ਗੁਰਮੀਤ ਸਿੰਘ ਖੁੱਡੀਆਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰੋਸੈਸਿੰਗ ਵਿਭਾਗ ਦਿੱਤਾ ਗਿਆ ਹੈ। ਬਲਕਾਰ ਸਿੰਘ ਨੂੰ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਤੋਂ ਇਲਾਵਾ ਤਿੰਨ ਮੰਤਰੀਆਂ ਗੁਰਮੀਤ ਸਿੰਘ ਮੀਤ ਹੇਅਰ, ਕੁਲਦੀਪ ਸਿੰਘ ਧਾਲੀਵਾਲ ਅਤੇ ਲਾਲਜੀਤ ਸਿੰਘ ਭੁੱਲਰ ਦੇ ਵਿਭਾਗ ਬਦਲ ਦਿੱਤੇ ਗਏ ਹਨ। ਗੁਰਮੀਤ ਸਿੰਘ ਮੀਤ ਹੇਅਰ ਨੂੰ ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ, ਖੇਡਾਂ ਅਤੇ ਯੁਵਕ ਸੇਵਾਵਾਂ, ਜ਼ਮੀਨ ਅਤੇ ਪਾਣੀ ਦੀ ਸੰਭਾਲ ਮਹਿਕਮਾ ਦਿੱਤਾ ਗਿਆ ਹੈ। ਕੁਲਦੀਪ ਸਿੰਘ ਧਾਲੀਵਾਲ ਤੋਂ ਖੇਤੀਬਾੜੀ ਵਿਭਾਗ ਵਾਪਸ ਲੈ ਕੇ ਉਨ੍ਹਾਂ ਨੂੰ ਐੱਨ. ਆਰ. ਆਈ. ਮਾਮਲੇ ਅਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦਿੱਤਾ ਗਿਆ ਹੈ ਜਦਕਿ ਲਾਲਜੀਤ ਸਿੰਘ ਭੁੱਲਰ ਨੂੰ ਟ੍ਰਾਂਸਪੋਰਟ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦਿੱਤਾ ਗਿਆ ਹੈ ।ਗਿਆਹੈ।

# ਅਕਾਸ਼ਬਾਣੀ ਦੇ ਦਿੱਲੀ ਤੇ ਚੰਡੀਗੜ੍ਹ ਕੇਂਦਰਾਂ ਤੋਂ ਪੰਜਾਬੀ ਬੁਲੇਟਿਨ ਬੰਦ ਕਰਨਾ ਪੰਜਾਬੀਆਂ ਨਾਲ ਵਿਤਕਰਾ: ਧਾਮੀ

## ਸਰਕਾਰ .ਫੈਸਲੇ ’ਤੇ ਮੁੜ ਵਿਚਾਰ ਕਰਕੇ ਪਹਿਲਾਂ ਵਾਲੀ ਨੀਤੀ ਲਾਗੂ ਕਰਨ ਦੇ ਆਦੇਸ਼ ਜਾਰੀ ਕਰੇ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ : ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਪੰਜਾਬ ਦੇ ਰਾਜਧਾਨੀ ਚੰਡੀਗੜ੍ਹ ਤੋਂ ਚਲਦੇ ਅਕਾਸ਼ਬਾਣੀ ਕੇਂਦਰਾਂ ਤੋਂ ਪੰਜਾਬੀ ਖ਼ਬਰਾਂ ਦੇ ਬੁਲੇਟਿਨ ਬੰਦ ਕਰਨ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਪੰਜਾਬ ਅਤੇ ਪੰਜਾਬੀ ਭਾਸ਼ਾ ਨਾਲ ਵਿਤਕਰੇ ਵਾਲਾ ਹੈ, ਜਿਸ ਨੂੰ ਤੁਰੰਤ ਵਾਪਸ ਲਿਆ ਜਾਵੇ। ਐਡਵੋਕੇਟ ਧਾਮੀ ਨੇ ਆਖਿਆ ਕਿ ਦਿੱਲੀ ਅੰਦਰ ਵੱਡੀ ਗਿਣਤੀ ’ਚ ਪੰਜਾਬੀ ਵੱਸਦੇ ਹਨ, ਜਦਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੋਣ ਨਾਤੇ ਇਥੋਂ ਪੰਜਾਬੀ ਭਾਸ਼ਾ ਦੇ ਬੁਲੇਟਿਨ ਖਤਮ ਕਰਨੇ ਪੰਜਾਬ ਅਤੇ ਪੰਜਾਬੀਆਂ ਨਾਲ ਵੱਡਾ ਧੱਕਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਚੱਲ ਰਹੇ ਪੰਜਾਬੀ ਦੇ ਬੁਲੇਟਿਨ ਬੰਦ ਕਰਨਾ ਸਰਕਾਰ ਦੀ ਪੱਖਪਾਤੀ ਸੋਚ ਤੋਂ ਸੇਧਿਤ ਹੈ, ਜਿਸ ਨਾਲ ਪੰਜਾਬੀਆਂ ਅੰਦਰ ਨਿਰਾਸ਼ਾ ਪੈਦਾ ਹੋਣੀ ਸੁਭਾਵਿਕ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਰਕਾਰਾਂ ਖੇਤਰੀ ਭਾਸ਼ਾਵਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਯਤਨ ਕਰਨ, ਪਰ ਹੋ ਇਸ ਦੇ ਉਲਟ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ, ਜਿਸ ’ਤੇ ਸਰਕਾਰ ਨੂੰ ਮੁੜ ਵਿਚਾਰ ਕਰਕੇ ਪਹਿਲਾਂ ਵਾਂਗ ਹੀ ਪੰਜਾਬੀ ਬੁਲੇਟਿਨ ਚਾਲੂ ਰੱਖਣ ਦੇ ਆਦੇਸ਼ ਦੇਣੇ ਚਾਹੀਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.



# ਸਿਆਸੀ ਜੰਗ 'ਚ ਉਲਝਿਆ ਸੰਸਦ ਦਾ ਨਵਾਂ ਭਵਨ

## ਪੁਰਾਣੀ ਸੰਸਦ 'ਚ ਗੂੰਜਦੀ ਸੀ ਜਨਤਾ ਦੀ ਆਵਾਜ਼, ਕੀ ਨਵੀਂ ਸੰਸਦ 'ਚ ਚਲਾਏ ਜਾਣਗੇ ਚੋਣਵੇਂ ਵਾਇਸ ਓਵਰ ?

ਵਾਸਤੂ, ਵਿਰਾਸਤ, ਕਲਾ, ਸਭਿਆਚਾਰ ਦੇ ਨਾਲ-ਨਾਲ ਸੰਵਿਧਾਨ ਦੇ ਅਕਸਾਂ ਨੂੰ ਸਮੋਈ ਬੈਠੇ ਸੰਸਦ ਦੇ ਨਵੇਂ ਭਵਨ 'ਤੇ ਸਿਆਸੀ ਜੰਗ ਮੰਦਭਾਗੀ ਕਹੀ ਜਾ ਸਕਦੀ ਹੈ। ਭਾਰਤ ਸਰਕਾਰ ਵੱਲੋਂ ਇਸ ਨਵੇਂ ਸੰਸਦ ਭਵਨ ਦੇ ਵਿਹੜੇ ਵਿੱਚ ਬੋਹੜ ਦਾ ਦਰਖਤ ਲਗਾ ਕੇ ਸੰਸਦ ਨੂੰ ਆਕਸੀਜਨ ਦੇਣ ਦਾ ਯਤਨ ਕਰਨ ਦਾ ਦਿਖਾਵਾ ਕੀਤਾ ਗਿਆ ਹੈ, ਪਰ ਭਾਰਤੀ ਸੰਸਦ ਦਾ ਇਤਿਹਾਸ ਗਵਾਹ ਹੈ ਕਿ ਇਸ ਸੰਸਦ ਵਿੱਚ ਅਜਿਹੇ ਫੈਸਲੇ ਘੱਟ ਹੀ ਹੁੰਦੇ ਹਨ, ਜਿਹਨਾਂ ਤੋਂ ਆਮ ਭਾਰਤੀਆਂ ਨੂੰ ਜ਼ਿੰਦਗੀ ਜਿਉਣ ਲਈ ਆਕਸੀਜਨ ਮਿਲੇ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਨਵੇਂ ਸੰਸਦ ਭਵਨ ਦੀ ਇਮਾਰਤ ਤਾਂ ਮਜਬੂਤ ਬਣ ਗਈ ਹੈ ਪਰ ਭਾਰਤ ਵਿੱਚ ਲੋਕਤੰਤਰ ਦਾ ਪਲੱਸਤਰ ਉੱਤਰ ਰਿਹਾ ਹੈ। ਆਮ ਵੇਖਣ ਵਿੱਚ ਆਇਆ ਹੈ ਕਿ ਸੰਸਦ ਦਾ ਹਰ ਇਜਲਾਸ ਹੰਗਾਮਿਆਂ ਦੀ ਭੇਂਟ ਚੜ੍ਹ ਜਾਂਦਾ ਹੈ ਅਤੇ ਆਮ ਲੋਕਾਂ ਦੇ ਮਸਲਿਆਂ ਲਈ ਕੋਈ ਠੋਸ ਉਪਰਾਲਾ ਕਰਨ ਦੀ ਥਾਂ ਸੰਸਦ ਵਿੱਚ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਵਿਚਾਲੇ ਬੇਲੋੜੀ ਅਤੇ ਫਾਲਤੂ ਦੀ ਬਹਿਸਬਾਜੀ ਹੁੰਦੀ ਰਹਿੰਦੀ ਹੈ।

ਸੰਸਦ ਭਵਨ ਦੇ ਉਦਘਾਟਨ ਸਮਾਗਮ ਦਾ ਵਿਰੋਧ 20 ਸਿਆਸੀ ਪਾਰਟੀਆਂ ਵੱਲੋਂ ਕੀਤਾ ਗਿਆ ਅਤੇ 25 ਸਿਆਸੀ ਪਾਰਟੀਆਂ ਵੱਲੋਂ ਇਸ ਸਮਾਗਮ ਦਾ ਸਮਰਥਣ ਕੀਤਾ ਗਿਆ। ਇਥੇ ਜ਼ਿਕਰਯੋਗ ਗਲ ਇਹ ਹੈ ਕਿ ਨਵੇਂ ਸੰਸਦ ਭਵਨ ਦੇ ਉਦਘਾਟਨ ਸਮਾਗਮ ਦਾ ਬਾਈਕਾਟ ਕਰਨ ਵਾਲੀਆਂ ਸਿਆਸੀ ਧਿਰਾਂ ਸਾਲ 2024 ਦੌਰਾਨ ਇਸੇ ਸੰਸਦ ਭਵਨ 'ਚ ਜਾਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਣਾ ਪਵੇਗਾ।

ਸੰਸਦ ਦੇ ਨਵੇਂ ਭਵਨ ਦੇ ਉਦਘਾਟਨ ਸਮਾਰੋਹ ਦਾ ਬਾਈਕਾਟ ਕਰਨ ਵਿੱਚ ਕਾਂਗਰਸ ਤੋਂ ਇਲਾਵਾ ਏਆਈਯੂਡੀਐਫ, ਡੀਐਮਕੇ, ਆਮ ਆਦਮੀ ਪਾਰਟੀ, ਸ਼ਿਵ ਸੈਨਾ (ਯੂਬੀਟੀ), ਸਮਾਜਵਾਦੀ ਪਾਰਟੀ, ਟੀਐਮਸੀ, ਜਨਤਾ ਦਲ (ਯੂਨਾਈਟਿਡ), ਰਾਸ਼ਟਰਵਾਦੀ ਕਾਂਗਰਸ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਆਰਜੇਡੀ ਆਦਿ 20 ਸਿਆਸੀ (ਬਾਕੀ ਸਫ਼ਾ 29 'ਤੇ)

## ਸ਼ਾਨਾਮੱਤਾ ਹੈ ਕੌਂਸਲ ਹਾਊਸ ਤੋਂ ਨਵੇਂ ਸੰਸਦ ਭਵਨ ਤੱਕ 102 ਸਾਲ ਦਾ ਸਫ਼ਰ



- ਸੰਸਦ ਦੇ 102 ਸਾਲਾਂ ਦਾ ਸਫ਼ਰ ਬਹੁਤ ਸ਼ਾਨਦਾਰ ਰਿਹਾ ਹੈ। ਇਹ ਸਫ਼ਰ ਕੌਂਸਲ ਹਾਊਸ ਤੋਂ ਨਵੇਂ ਸੰਸਦ ਭਵਨ ਤਕ ਸ਼ਾਨਾਮੱਤੇ ਢੰਗ ਨਾਲ ਤੈਅ ਹੋਇਆ ਹੈ।
- 12 ਫਰਵਰੀ 1921: 'ਡਿਊਕ ਆਫ ਕਨਾਟ' ਨੇ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ। ਉਸ ਸਮੇਂ ਇਸ ਨੂੰ 'ਕੌਂਸਲ ਹਾਊਸ' ਕਿਹਾ ਜਾਂਦਾ ਸੀ।
- 18 ਜਨਵਰੀ, 1927: ਤਤਕਾਲੀ ਗਵਰਨਰ ਜਨਰਲ ਲਾਰਡ ਇਰਵਿਨ ਨੇ ਸੰਸਦ ਭਵਨ ਦਾ ਉਦਘਾਟਨ ਕੀਤਾ।
- 9 ਦਸੰਬਰ, 1946: ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ ਹੋਈ।
- ਅਗਸਤ 14/15, 1947: ਸੰਵਿਧਾਨ ਸਭਾ ਦੇ ਅੱਧੀ ਰਾਤ ਦੇ ਸੈਸ਼ਨ ਵਿੱਚ ਸੱਤਾ ਦਾ ਤਬਾਦਲਾ।
- 3 ਅਗਸਤ, 1970: ਤਤਕਾਲੀ ਰਾਸ਼ਟਰਪਤੀ ਵੀ.ਵੀ. ਗਿਰੀ ਨੇ ਸੰਸਦ ਭਵਨ ਅਨੇਕਸੀ ਦਾ ਨੀਂਹ ਪੱਥਰ ਰੱਖਿਆ।
- 24 ਅਕਤੂਬਰ 1975: ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸੰਸਦ ਭਵਨ ਅਨੇਕਸੀ ਦਾ ਉਦਘਾਟਨ ਕੀਤਾ।
- 15 ਅਗਸਤ, 1987: ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸੰਸਦ ਲਾਇਬ੍ਰੇਰੀ ਦਾ ਨੀਂਹ ਪੱਥਰ ਰੱਖਿਆ।
- 31 ਜੁਲਾਈ, 2017: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਭਵਨ ਅਨੇਕਸੀ ਦੇ ਵਿਸਤ੍ਰਿਤ ਹਿੱਸੇ ਦਾ ਉਦਘਾਟਨ ਕੀਤਾ।
- 10 ਦਸੰਬਰ, 2020: ਪ੍ਰਧਾਨ ਮੰਤਰੀ ਮੋਦੀ ਨੇ ਨਵੀਂ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ।
- 28 ਮਈ, 2023: ਪ੍ਰਧਾਨ ਮੰਤਰੀ ਮੋਦੀ ਨੇ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ।

## ਨਵੀਂ ਸੰਸਦੀ ਇਮਾਰਤ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀ' ਪਲ: ਮੋਦੀ



ਨਵੀਂ ਦਿੱਲੀ/ਏ.ਟੀ.ਨਿਊਜ਼: ਕਾਂਗਰਸ ਸਣੇ ਹੋਰਨਾਂ ਵਿਰੋਧੀ ਧਿਰਾਂ ਵੱਲੋਂ ਕੀਤੇ ਬਾਈਕਾਟ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਾਰਮਿਕ ਰਹੁ-ਰੀਤਾਂ ਨਾਲ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ। ਤਾਮਿਲ ਨਾਡੂ ਤੋਂ ਵਿਸ਼ੇਸ਼ ਤੌਰ 'ਤੇ ਆਏ 'ਅਧਿਨਾਮਾਂ' ਦੇ ਆਸ਼ੀਰਵਾਦ ਨਾਲ ਸ੍ਰੀ ਮੋਦੀ ਨੇ ਇਤਿਹਾਸਕ ਸੇਂਗੋਲ ਨੂੰ ਲੋਕ ਸਭਾ ਚੈਂਬਰ ਵਿੱਚ ਸਪੀਕਰ ਦੇ ਆਸਨ ਨਾਲ ਸਥਾਪਿਤ ਕੀਤਾ। ਇਸ ਦੌਰਾਨ ਉਦਘਾਟਨ ਸਮਾਗਮ ਦੇ ਦੂਜੇ ਪੜਾਅ ਤਹਿਤ ਨਵੀਂ ਸੰਸਦੀ ਇਮਾਰਤ ਦੇ ਹੇਠਲੇ ਸਦਨ 'ਚ ਜੁੜੇ ਦੋਵਾਂ ਸਦਨਾਂ ਦੇ ਮੈਂਬਰਾਂ ਤੇ ਹੋਰਨਾਂ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀਂ' ਪਲ ਹੈ। ਉਨ੍ਹਾਂ ਨਵੀਂ ਸੰਸਦ ਨੂੰ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਤੇ ਸੁਫ਼ਨਿਆਂ ਦਾ ਪ੍ਰਤੀਬਿੰਬ ਦੱਸਿਆ। ਉਨ੍ਹਾਂ ਕਿਹਾ ਕਿ ਇਹ ਆਤਮ-ਨਿਰਭਰ ਤੇ ਵਿਕਸਤ ਭਾਰਤ ਦਾ ਨਵਾਂ ਸਵੇਰਾ ਹੈ, ਜੋ ਹੋਰਨਾਂ ਮੁਲਕਾਂ ਦੀ ਤਰੱਕੀ ਦਾ ਵੀ ਪ੍ਰੇਰਨਾ ਸਰੋਤ ਬਣੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੀਂ ਸੰਸਦ ਤੋਂ ਨਵੇਂ ਟੀਚੇ ਹਾਸਲ ਕਰਨ ਲਈ 'ਨਵੇਂ ਭਾਰਤ' ਦੀਆਂ ਇੱਛਾਵਾਂ ਤੇ ਸੰਕਲਪ ਸ਼ਕਤੀ ਝਲਕਦੀ ਹੈ। ਆਉਣ ਵਾਲੇ ਸਮੇਂ ਤੇ 2026 ਮਗਰੋਂ ਕੀਤੀ ਜਾਣ ਵਾਲੀ ਹੱਦਬੰਦੀ ਦੇ ਮੱਦੇ-ਨਜ਼ਰ ਸੰਸਦ ਵਿੱਚ ਮੈਂਬਰਾਂ ਦੀ ਗਿਣਤੀ ਵਧ ਸਕਦੀ ਹੈ। ਪ੍ਰਧਾਨ ਮੰਤਰੀ ਨੇ (ਬਾਕੀ ਸਫ਼ਾ 29 'ਤੇ)

## ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਹਿੱਸਾ ਹੈ ਸੇਂਗੋਲ



ਸੇਂਗੋਲ ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਹਿੱਸਾ ਹੈ, ਜਿਸ ਨੂੰ ਨਵੇਂ ਸੰਸਦ ਭਵਨ ਵਿੱਚ ਮੁੜ ਸੁਰਜੀਤ ਕੀਤਾ ਗਿਆ ਹੈ। ਦਰਅਸਲ ਅਗਸਤ 1947 ਵਿੱਚ ਬਰਤਾਨੀਆ ਤੋਂ ਸੱਤਾ ਦੇ ਤਬਾਦਲੇ ਦੀ ਰਸਮ ਵਿੱਚ ਵਰਤੇ ਜਾਣ ਤੋਂ ਬਾਅਦ, ਸੇਂਗੋਲ ਨੂੰ ਇਲਾਹਾਬਾਦ (ਹੁਣ ਪ੍ਰਯਾਗਰਾਜ) ਵਿੱਚ ਆਨੰਦ ਭਵਨ ਮਿਊਜ਼ੀਅਮ ਦੀ ਨਹਿਰੂ ਗੈਲਰੀ ਵਿਚ ਰੱਖਿਆ ਗਿਆ ਸੀ। ਪੰਡਿਤ ਨਹਿਰੂ ਨੂੰ ਭੇਟ ਕੀਤੀ ਸੋਨੇ ਦੀ ਸੋਟੀ ਦੇ ਰੂਪ ਵਿੱਚ ਇਸ ਨੂੰ ਮਿਊਜ਼ੀਅਮ ਵਿੱਚ ਰੱਖਿਆ ਗਿਆ ਹੈ। ਦਰਅਸਲ, ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਰਾਜਦੰਡ ਦੀ ਵਰਤੋਂ ਕਰਨ ਦੀ ਪਰੰਪਰਾ ਹਜ਼ਾਰਾਂ ਸਾਲ ਪੁਰਾਣੀ ਹੈ। ਮੌਰੀਆ ਕਾਲ ਵਿੱਚ 300 ਈਸਾ ਪੂਰਵ (ਬਾਕੀ ਸਫ਼ਾ 29 'ਤੇ)

## ਲੋਕਤੰਤਰ ਇਮਾਰਤਾਂ 'ਚੋਂ ਨਹੀਂ, ਲੋਕਾਂ ਦੀ ਆਵਾਜ਼ ਨਾਲ ਚੱਲਦਾ ਹੈ: ਵਿਰੋਧੀ ਧਿਰ



ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਇੱਕ ਅਜਿਹੇ 'ਆਪਣੀ ਹੀ ਵਡਿਆਈ ਕਰਨ ਵਾਲੇ ਤਾਨਾਸ਼ਾਹ ਪ੍ਰਧਾਨ ਮੰਤਰੀ' ਨੇ ਇਹ ਉਦਘਾਟਨ ਕੀਤਾ ਹੈ ਜਿਸ ਨੂੰ ਸੰਸਦੀ ਰਵਾਇਤਾਂ ਤੋਂ ਨਫ਼ਰਤ ਹੈ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਲੋਕਤੰਤਰ ਇਮਾਰਤਾਂ 'ਚੋਂ ਨਹੀਂ ਲੋਕਾਂ ਦੀ ਆਵਾਜ਼ ਨਾਲ ਚੱਲਦਾ ਹੈ। ਉਨ੍ਹਾਂ ਪਹਿਲਵਾਨਾਂ ਨੂੰ ਜਬਰੀ ਚੁੱਕਣ ਤੇ ਉਨ੍ਹਾਂ ਨਾਲ ਖਿੱਚ ਧੂਹ ਕਰਨ 'ਤੇ ਵੀ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਟਵੀਟ ਕੀਤਾ, 'ਰਾਸ਼ਟਰਪਤੀ ਤੋਂ ਸੰਸਦ ਦੇ ਉਦਘਾਟਨ ਦਾ ਹੱਕ ਖੋਹ ਲਿਆ ਗਿਆ। ਤਾਨਾਸ਼ਾਹੀ ਤਾਕਤ ਨਾਲ ਮਹਿਲਾ ਖਿਡਾਰੀਆਂ ਨੂੰ ਸੜਕਾਂ 'ਤੇ ਕੁੱਟਿਆ ਗਿਆ। ਭਾਜਪਾ-ਆਰਐਸਐਸ ਦੇ ਤਿੰਨ ਝੂਠ ਲੋਕਤੰਤਰ, ਰਾਸ਼ਟਰਵਾਦ ਤੇ ਬੇਟੀ ਬਚਾਓ ਦਾ ਸੱਚ ਦੇਸ਼ ਦੇ ਸਾਹਮਣੇ ਆ ਗਿਆ ਹੈ।' ਕਾਂਗਰਸ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਕੇ ਕਿਹਾ ਕਿ (ਬਾਕੀ ਸਫ਼ਾ 29 'ਤੇ)

# ਜਲਵਾਯੂ ਤਬਦੀਲੀ ਕਾਰਨ ਵਧੇਗੀ ਮਹਿੰਗਾਈ

ਲੰਡਨ/ਏ.ਟੀ.ਨਿਊਜ਼ : ਯੂਰਪ ਦੀ ਸਭ ਤੋਂ ਵੱਡੀ ਅਰਥ ਵਿਵਸਥਾ ਜਰਮਨੀ ਨੇ ਮੰਦੀ ਕਾਰਨ ਪੂਰੀ ਦੁਨੀਆ ਨੂੰ ਹੈਰਾਨ ਤੇ ਪਰੇਸ਼ਾਨ ਕਰ ਦਿੱਤਾ ਹੈ। ਅਮਰੀਕਾ ਤੋਂ ਵੀ ਕੋਈ ਚੰਗੀ ਖ਼ਬਰ ਨਹੀਂ ਆ ਰਹੀ ਹੈ। ਭਾਰਤ ਤੋਂ ਜਰਮਨੀ ਨੂੰ ਹੋਣ ਵਾਲੇ ਨਿਰਯਾਤ ਦੇ ਅੰਕੜਿਆਂ ਨੂੰ ਦੇਖਦੇ ਹੋਏ ਇੱਥੇ ਵੀ ਤਣਾਅ ਵਧਣ ਲੱਗਾ ਹੈ। ਅਜਿਹੇ ਵਿੱਚ ਯੂਰਪੀਅਨ ਸੈਂਟਰਲ ਬੈਂਕ ਵੱਲੋਂ ਅਗਲੇ ਦਹਾਕੇ ਲਈ ਗਲੋਬਲ ਮਹਿੰਗਾਈ ਨੂੰ ਲੈ ਕੇ ਕੀਤੀ ਗਈ ਭਵਿੱਖਬਾਣੀ ਬਹੁਤ ਚਿੰਤਾਜਨਕ ਹੈ।

ਯੂਰਪੀਅਨ ਸੈਂਟਰਲ ਬੈਂਕ ਦੀ ਨਵੀਂ ਖੋਜ ਮੁਤਾਬਕ ਜਲਵਾਯੂ ਪਰਿਵਰਤਨ ਕਾਰਨ ਅਗਲੇ ਦਹਾਕੇ ਵਿੱਚ ਗਲੋਬਲ ਮਹਿੰਗਾਈ ਹਰ ਸਾਲ ਇਕ ਫੀਸਦੀ ਵਧੇਗੀ। ਇਸ ਖੋਜ ਮੁਤਾਬਕ ਮੂਲ ਰੂਪ ਵਿੱਚ ਇਸ ਮਹਿੰਗਾਈ ਲਈ ਖ਼ੁਰਾਕੀ ਵਸਤਾਂ ਦੀ ਵਧੀ ਹੋਈ ਕੀਮਤ ਜ਼ਿੰਮੇਵਾਰ ਹੋਵੇਗੀ, ਜਿਸ ਦਾ ਅਸਰ ਜਲਵਾਯੂ ਪਰਿਵਰਤਨ ਨਾਲ ਹੋਣ ਜਾ ਰਿਹਾ ਹੈ।

**ਸਾਲ 2035 ਲਈ ਅਨੁਮਾਨ**

ਪਿਛਲੇ ਹਫ਼ਤੇ ਪ੍ਰਕਾਸ਼ਿਤ ਰਿਪੋਰਟ ਵਿੱਚ ਤਾਪਮਾਨ ਵਿੱਚ ਵਾਧੇ ਕਾਰਨ



2035 ਤੱਕ ਸਾਲਾਨਾ ਮਹਿੰਗਾਈ 0.32 ਤੋਂ 1.18% ਤੱਕ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਸੀ। ਇਹ ਸਥਿਤੀ ਆਮ ਖਪਤਕਾਰਾਂ ਦੇ ਨਾਲ-ਨਾਲ ਨੀਤੀ ਨਿਰਮਾਤਾਵਾਂ ਲਈ ਵੀ ਪ੍ਰੇਸ਼ਾਨੀ ਵਾਲੀ ਹੋਵੇਗੀ। ਯੂਰਪੀਅਨ ਸੈਂਟਰਲ ਬੈਂਕ ਨੇ ਮਹਿੰਗਾਈ ਦਰ ਨੂੰ 2% 'ਤੇ ਰੱਖਣ ਦਾ ਟੀਚਾ ਮਿਥਿਆ ਗਿਆ ਹੈ।

**ਜਲਵਾਯੂ ਤਬਦੀਲੀ ਦੇ ਭਿਆਨਕ ਪ੍ਰਭਾਵ**

ਇਕ ਹੋਰ ਨਵੀਂ ਖੋਜ ਤੋਂ ਪਤਾ ਲੱਗਾ ਹੈ ਕਿ ਗਲੋਬਲ ਵਾਰਮਿੰਗ ਕਾਰਨ ਜਲਵਾਯੂ ਪਰਿਵਰਤਨ ਦਾ ਸੰਕਟ ਕਿੰਨਾ ਡੂੰਘਾ ਹੋ ਰਿਹਾ ਹੈ। ਇਸ ਮੁਤਾਬਕ ਪਿਛਲੇ ਤਿੰਨ ਦਹਾਕਿਆਂ ਵਿੱਚ ਜਲਵਾਯੂ ਪਰਿਵਰਤਨ ਦੇ ਸੰਕਟ ਅਤੇ ਮਨੁੱਖੀ ਗਤੀਵਿਧੀਆਂ ਕਾਰਨ ਦੁਨੀਆ ਦੀਆਂ 50 ਫੀਸਦੀ ਵੱਡੀਆਂ ਝੀਲਾਂ ਅਤੇ ਜਲ ਭੰਡਾਰ ਸੁੰਗੜ ਗਏ ਹਨ। ਇਸ ਖੋਜ ਮੁਤਾਬਕ 1992 ਤੋਂ 2020 ਦਰਮਿਆਨ ਲਗਭਗ 600 ਕਿਊਬਿਕ ਕਿਲੋਮੀਟਰ ਪਾਣੀ ਖਤਮ ਹੋ ਗਿਆ। ਸਥਿਤੀ ਦੀ ਗੰਭੀਰਤਾ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਇਹ ਓਨਾ ਹੀ ਪਾਣੀ ਹੈ ਜਿੰਨਾ 2015 ਵਿੱਚ ਪੂਰੇ ਅਮਰੀਕਾ ਵਿੱਚ ਵਰਤਿਆ ਗਿਆ ਸੀ।

ਜੇਕਰ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਇਸ ਖੋਜ ਦੇ ਅਨੁਸਾਰ, ਪ੍ਰਾਇਦੀਪ ਦੇ ਖੇਤਰ ਵਿੱਚ ਸਥਿਤ ਅੱਧੇ ਤੋਂ ਵੱਧ ਜਲ ਭੰਡਾਰਾਂ ਵਿੱਚ ਪਾਣੀ ਦੀ ਗੰਭੀਰ ਕਮੀ ਦੇਖੀ ਗਈ ਹੈ, ਜਿਸ ਦਾ ਮੁੱਖ ਕਾਰਨ ਸਿਲਟੇਸ਼ਨ ਹੈ। ਸਿਲਟੇਸ਼ਨ ਦਾ ਮਤਲਬ ਹੈ ਕਿ ਬਰੀਕ ਰੇਤ, ਮਿੱਟੀ ਜਾਂ ਹੋਰ ਸਮੱਗਰੀ ਜੋ ਵਗਦੇ ਪਾਣੀ ਦੁਆਰਾ ਲਿਜਾਈ ਜਾਂਦੀ ਹੈ ਅਤੇ ਤਲਛਟ ਦੇ ਰੂਪ ਵਿੱਚ ਜਮ੍ਹਾਂ ਹੁੰਦੀ ਹੈ, ਖਾਸ ਕਰਕੇ ਇੱਕ ਨਹਿਰ ਜਾਂ ਬੰਦਰਗਾਹ ਵਿੱਚ। ਪੰਜਾਬ ਵਿੱਚ ਦਰਿਆ ਆਮ ਸੁੱਕੇ ਮਿਲ ਜਾਣਗੇ। ਪਿਛਲੇ ਹਫ਼ਤੇ ਸਾਇੰਸ ਜਰਨਲ ਵਿੱਚ ਪ੍ਰਕਾਸ਼ਿਤ ਇਸ ਖੋਜ ਤੋਂ ਪਤਾ ਚੱਲਦਾ ਹੈ ਕਿ ਲੱਦਾਖ ਵਿੱਚ ਸੋ ਮੋਰੀਰੀ ਝੀਲ ਸਮੇਤ ਭਾਰਤ ਦੀਆਂ ਕੁਦਰਤੀ ਝੀਲਾਂ ਉੱਤੇ ਜਲਵਾਯੂ ਤਬਦੀਲੀ ਦਾ ਸਭ ਤੋਂ ਵੱਧ ਅਸਰ ਪਿਆ ਹੈ।ਇੱਕ ਪਾਸੇ ਜਿੱਥੇ ਜਲਵਾਯੂ ਪਰਿਵਰਤਨ ਕਾਰਨ ਅਤਿਅੰਤ ਮੌਸਮੀ ਘਟਨਾਵਾਂ ਵਿੱਚ ਵਾਧਾ ਹੋਣ ਕਾਰਨ ਖੇਤੀ ਪ੍ਰਭਾਵਿਤ ਹੋ ਰਹੀ ਹੈ, ਉੱਥੇ ਹੀ ਪਾਣੀ ਦੇ ਕੁਦਰਤੀ ਸੋਮਿਆਂ ਦਾ ਸੁੱਕਣਾ ਭਵਿੱਖ ਲਈ ਤਬਾਹੀ ਦੀ ਚਿਤਾਵਨੀ ਦੇ ਰਿਹਾ ਹੈ ਅਤੇ ਇਸ ਪੱਖੋਂ ਯੂਰਪੀ ਸੈਂਟਰਲ ਬੈਂਕ ਦਾ ਅੰਦਾਜ਼ਾ ਇੱਕ ਅਸਲੀ ਖ਼ਤਰਾ ਹੈ ਇਸ ਦੇ ਵਿਰੁੱਧ ਇੱਕ ਚਿਤਾਵਨੀ ਹੈ।

# ਕੈਨੇਡਾ 'ਚ ਗੈਂਗਸਟਰ ਅਮਰਪ੍ਰੀਤ ਸਮਰਾ ਦੀ ਗੋਲੀਆਂ ਮਾਰ ਕੇ ਹੱਤਿਆ





ਵੈਨਕੂਵਰ/ਏ.ਟੀ.ਨਿਊਜ਼ : ਵੈਨਕੂਵਰ ਵਿੱਚ ਕਈ ਸਾਲਾਂ ਤੋਂ ਚੱਲ ਰਹੀ ਗੈਂਗਵਾਰ ਦਰਮਿਆਨ ਇੱਕ ਹੋਰ ਗੈਂਗਸਟਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਾਰੇ ਗਏ ਗੈਂਗਸਟਰ ਦੀ ਪਛਾਣ ਅਮਰਪ੍ਰੀਤ ਸਮਰਾ (28) ਵਜੋਂ ਹੋਈ ਹੈ। ਕਾਤਲਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਕੁਝ ਦੂਰੀ 'ਤੇ ਜਾ ਕੇ ਆਪਣੀ ਕਾਰ ਨੂੰ ਅੱਗ ਲਾ ਦਿੱਤੀ। ਪੁਲਿਸ ਅਨੁਸਾਰ ਅਮਰਪ੍ਰੀਤ ਸਮਰਾ ਫਿਰੌਤੀਆਂ, ਡਕੈਤੀਆਂ ਅਤੇ ਅਗਵਾ ਆਦਿ ਕਈ ਜੁਰਮਾਂ ਵਿੱਚ ਸ਼ਾਮਲ ਸੀ। ਕੁਝ ਮਹੀਨੇ ਪਹਿਲਾਂ ਉਹ ਜੇਲ੍ਹ 'ਚੋਂ ਬਾਹਰ ਆਇਆ ਸੀ। ਮਈ 2021 ਵਿੱਚ ਮਾਰੇ ਗਏ ਜੇਲ੍ਹ ਅਫਸਰ ਬਿਕਰਮਦੀਪ ਰੰਧਾਵਾ ਦਾ ਘਰ ਅਮਰਪ੍ਰੀਤ ਸਮਰਾ ਦੇ ਗੁਆਂਢ ਵਿੱਚ ਹੋਣ ਕਰਕੇ ਪੁਲਿਸ ਨੂੰ ਸ਼ੱਕ ਸੀ ਕਿ ਉਸ ਦੇ ਕਤਲ ਪਿੱਛੇ ਸਮਰਾ ਦਾ ਹੀ ਹੱਥ ਸੀ। ਪੁਲਿਸ ਹੁਣ ਤਕ ਇਸ ਦੇ ਸਬੂਤ ਇਕੱਠੇ ਕਰ ਰਹੀ ਸੀ।ਜਾਣਕਾਰੀ ਅਨੁਸਾਰ ਵੈਨਕੂਵਰ ਦੇ ਫਰੇਜ਼ਰ ਵਿਊ ਹਾਲ ਵਿੱਚ ਵਿਆਹ ਸਮਾਗਮ ਚੱਲ ਰਿਹਾ ਸੀ, ਜਿਸ ਵਿੱਚ ਅਮਰਪ੍ਰੀਤ ਸਮਰਾ ਤੇ ਉਸ ਦਾ ਵੱਡਾ ਭਰਾ ਰਵਿੰਦਰ ਸਮਰਾ ਸ਼ਾਮਲ ਸਨ। ਡੇਢ ਕੁ ਵਜੇ ਤਕ ਦੋਵੇਂ ਡੀਜੇ ਉਤੇ ਭੰਗੜਾ ਪਾ ਰਹੇ ਸਨ।

# ਹੁਸ਼ਿਆਰਪੁਰ ਦੇ ਜੰਮਪਲ ਚਮਨ ਲਾਲ ਬਣੇ ਬਰਮਿੰਘਮ ਦੇ ਲਾਰਡ ਮੇਅਰ



ਲੰਡਨ/ਏ.ਟੀ.ਨਿਊਜ਼ : ਪੰਜਾਬ ਦੇ ਜੰਮਪਲ ਚਮਨ ਲਾਲ ਨੇ ਬਰਮਿੰਘਮ ਦਾ ਪਹਿਲਾ ਭਾਰਤੀ-ਬਰਤਾਨਵੀ ਲਾਰਡ ਮੇਅਰ ਬਣ ਕੇ ਇਤਿਹਾਸ ਸਿਰਜ ਦਿੱਤਾ ਹੈ। ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਸ਼ਹਿਰ ਬਰਮਿੰਘਮ ਦੇ ਕੌਂਸਲਰਾਂ ਨੇ ਚਮਨ ਲਾਲ ਨੂੰ ਕੌਂਸਲ ਦੀ ਅਗਵਾਈ ਲਈ ਚੁਣਿਆ ਹੈ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੱਖੋਵਾਲ ਪਿੰਡ 'ਚ ਜਨਮੇ ਚਮਨ ਬਰਤਾਨਵੀ ਸਿੱਖਾਂ ਦੇ ਰਵਿਦਾਸੀਆ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਯੂਕੇ ਜਾਣ ਤੋਂ ਬਾਅਦ ਉਹ ਕਈ ਸਾਲਾਂ ਤੱਕ ਸਥਾਨਕ ਕੌਂਸਲ ਦੇ ਮੈਂਬਰ (ਕੌਂਸਲਰ) ਰਹੇ ਹਨ। ਲੇਬਰ ਪਾਰਟੀ ਨਾਲ ਜੁੜੇ ਚਮਨ ਪਹਿਲੀ ਵਾਰ 1994 ਵਿੱਚ ਚੁਣੇ ਗਏ ਸਨ ਤੇ ਹਾਲ ਹੀ ਵਿੱਚ ਹੋਈਆਂ ਸਥਾਨਕ ਚੋਣਾਂ 'ਚ ਉਹ ਮੁੜ ਸੋਹੋ ਤੇ ਜਿਊਲਰੀ ਕੁਆਰਟਰ ਵਾਰਡ ਤੋਂ ਕੌਂਸਲਰ ਚੁਣੇ ਗਏ ਸਨ। ਮੇਅਰ ਬਣਨ ਮੌਕੇ ਹੋਏ ਸਮਾਰੋਹ ਵਿੱਚ ਉਨ੍ਹਾਂ ਕਿਹਾ ਕਿ, 'ਇਹ ਮੇਰੇ ਤੇ ਮੇਰੇ ਪਰਿਵਾਰ ਲਈ ਬੜੇ ਮਾਣ ਵਾਲੀ ਗੱਲ ਹੈ, ਨਾ ਸਿਰਫ ਭਾਰਤ ਵਿੱਚ ਜਨਮੇ ਇਕ ਫ਼ੌਜੀ ਅਧਿਕਾਰੀ ਦੇ ਬੇਟੇ ਵਜੋਂ, ਪਰ ਬਰਮਿੰਘਮ ਵਿੱਚ ਇੱਥੋਂ ਤੱਕ ਪਹੁੰਚਣ ਵਜੋਂ ਵੀ।' ਚਮਨ ਲਾਲ ਨੇ ਕਿਹਾ ਕਿ ਉਨ੍ਹਾਂ ਕਦੇ ਨਹੀਂ ਸੋਚਿਆ ਸੀ ਕਿ ਇਕ ਦਿਨ ਉਹ ਬਰਮਿੰਘਮ ਦੇ ਲਾਰਡ ਮੇਅਰ ਬਣਨਗੇ।

# ਯੁੱਧ ਦੇ 15 ਮਹੀਨਿਆਂ ਬਾਅਦ ਵੀ ਨਹੀਂ ਘਟੀ ਪੁਤਿਨ ਦੀ ਤਾਕਤ

ਮਾਸਕੋ/ਏ.ਟੀ.ਨਿਊਜ਼ : ਯੂਕਰੇਨ 'ਤੇ ਹਮਲੇ ਦੀ ਸ਼ੁਰੂਆਤ ਨੂੰ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਰੂਸੀ ਰਾਸ਼ਟਰਪਤੀ ਪੁਤਿਨ ਦੀ ਤਾਕਤ ਘੱਟ ਨਹੀਂ ਹੋਈ ਹੈ। ਜਰਮਨੀ ਦੀ ਖ਼ੁਫ਼ੀਆ ਏਜੰਸੀ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਯੂਕਰੇਨ 'ਤੇ ਹਮਲਾ 15 ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ। ਰੂਸੀ ਰਾਸ਼ਟਰਪਤੀ ਨੇ ਇਸ ਨੂੰ 'ਸਪੈਸ਼ਲ ਮਿਲਟਰੀ ਅਪਰੇਸ਼ਨ' ਦਾ ਨਾਂ ਦਿੱਤਾ ਸੀ ਤਾਂ ਸ਼ਾਇਦ ਉਨ੍ਹਾਂ ਨੂੰ ਵੀ ਅੰਦਾਜ਼ਾ ਨਹੀਂ ਸੀ ਕਿ ਇਹ ਅਪਰੇਸ਼ਨ ਇੰਨਾ ਲੰਬਾ ਚੱਲੇਗਾ। ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਯੂਕਰੇਨ ਨਾਟੋ ਦੇ ਸਹਿਯੋਗ ਨਾਲ ਰੂਸ ਦਾ ਸਾਹਮਣਾ ਕਰ ਰਿਹਾ ਹੈ। ਇਸ ਦੌਰਾਨ, ਅੰਤਰਰਾਸ਼ਟਰੀ ਪਾਬੰਦੀਆਂ ਅਤੇ ਯੁੱਧ ਨੂੰ ਲੈ ਕੇ ਰੂਸੀ ਲੋਕਾਂ ਦੇ ਵਿਰੋਧ ਦੀਆਂ ਆਵਾਜ਼ਾਂ ਦੇ ਵਿਚਾਲੇ ਸਮੇਂ-ਸਮੇਂ 'ਤੇ ਪੁਤਿਨ ਦੇ ਕਮਜ਼ੋਰ ਹੋਣ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ ਪਰ ਇਨ੍ਹਾਂ ਖ਼ਬਰਾਂ ਦੀ ਕਦੇ ਪੁਸ਼ਟੀ ਨਹੀਂ ਹੋ ਸਕੀ। ਯੁੱਧ ਤੋਂ ਤੁਰੰਤ ਬਾਅਦ ਦੇ ਦਿਨਾਂ ਵਿੱਚ ਰੂਸੀ ਮੁਦਰਾ ਦੇ ਮੁੱਲ ਵਿੱਚ ਮਹੱਤਵਪੂਰਨ ਗਿਰਾਵਟ ਆਈ ਸੀ, ਪਰ ਅਗਲੇ




ਮਹੀਨਿਆਂ ਵਿੱਚ ਪਹਿਲਾਂ ਨਾਲੋਂ ਮਜ਼ਬੂਤ ਉਭਾਰ ਆਇਆ ਹੈ। ਇਸੇ ਤਰ੍ਹਾਂ, ਕਈ ਹੋਰ ਮਾਮਲਿਆਂ ਵਿੱਚ, ਰੂਸ ਨੇ ਆਪਣੇ ਆਪ ਨੂੰ ਕਮਜ਼ੋਰ ਨਹੀਂ ਦਿਖਾਇਆ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵੀ ਪੁਤਿਨ ਦੇ ਦੋਸਤ ਦੇਸਾਂ ਨੇ ਅੱਜ ਤੱਕ ਉਸ ਦਾ ਸਾਥ ਨਹੀਂ ਛੱਡਿਆ। ਇਸ ਸਮੇਂ ਕੋਈ ਵੀ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਯੁੱਧ ਦਾ ਨਤੀਜਾ ਕੀ ਹੋਵੇਗਾ ਜਾਂ ਇਹ ਕਦੋਂ ਖਤਮ ਹੋਵੇਗਾ, ਪਰ ਪੁਤਿਨ ਨੇ ਜਿਸ ਤਰ੍ਹਾਂ ਦੇਸ਼ ਨੂੰ ਆਪਣੇ ਨਾਲ ਰੱਖਿਆ ਹੈ, ਉਸ ਦੇ ਸਮਰਥਨ ਨੂੰ ਲੈ ਕੇ ਰੂਸੀ ਜਨਤਾ ਵਿੱਚ ਕੋਈ ਖਦਸ਼ਾ ਨਹੀਂ ਹੈ।

**ਪੁਤਿਨ ਕਮਜ਼ੋਰ ਨਹੀਂ ਹੋਏ**

ਹੁਣ ਜਰਮਨ ਦੀ ਵਿਦੇਸ਼ੀ ਖ਼ੁਫ਼ੀਆ ਏਜੰਸੀ ਬੀਐਨਡੀ ਦਾ ਕਹਿਣਾ ਹੈ ਕਿ ਪੁਤਿਨ ਦੇ ਸਿਸਟਮ ਵਿੱਚ ਕੋਈ ਦਰਾੜ ਨਹੀਂ ਆਈ ਹੈ। ਬੀਐਨਡੀ ਦੇ ਮੁਖੀ ਬਰੂਨੋ ਕਾਲ ਨੇ ਬੀਤੇ ਦਿਨੀਂ ਬਰਲਿਨ ਵਿੱਚ ਫੈਡਰਲ ਅਕੈਡਮੀ ਫਾਰ ਸਕਿਓਰਿਟੀ ਪਾਲਿਸੀ ਵਿੱਚ ਇਹ ਗੱਲ ਕਹੀ। ਕਾਲ ਦਾ ਕਹਿਣਾ ਹੈ ਕਿ ਰੰਗਰੂਟਾਂ ਦੀ ਨਵੀਂ ਭਰਤੀ ਦੇ ਨਾਲ ਰੂਸ ਅਜੇ ਵੀ ਯੁੱਧ ਨੂੰ ਲੰਮਾ ਕਰਨ ਦੀ ਸਥਿਤੀ ਵਿੱਚ ਹੈ। ਕਾਲ ਨੇ ਹਥਿਆਰਾਂ ਅਤੇ ਗੋਲਾ ਬਾਰੂਦ ਲਈ ਵੀ ਇਹੀ ਗੱਲ ਕਹੀ। ਉਸ ਦਾ ਕਹਿਣਾ ਸੀ ਕਿ ਰਣਨੀਤਕ ਪ੍ਰਮਾਣੂ ਹਥਿਆਰਾਂ ਕਾਰਨ ਉਹ ਯੂਕਰੇਨ ਉਪਰ ਭਾਰੂ ਪੈ ਸਕਦਾ ਹੈ। ਚੀਨ ਦੀ ਮਦਦ ਕਾਰਨ ਉਹ ਯੂਰਪ ਤੇ ਅਮਰੀਕਾ ਨੂੰ ਪ੍ਰਮਾਣੂ ਜੰਗ ਦੀਆਂ ਧਮਕੀਆਂ ਦੇ ਰਿਹਾ ਹੈ।

ਯੂਰਪੀ ਮਾਮਲਿਆਂ ਦੇ ਮਾਹਿਰ ਅਤੇ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸੈਂਟਰ ਫਾਰ ਯੂਰਪੀਅਨ ਸਟੱਡੀਜ਼ ਦੇ ਪ੍ਰੋਫੈਸਰ ਗੁਲਸ਼ਨ ਸਚਦੇਵਾ ਜਰਮਨ ਖ਼ੁਫ਼ੀਆ ਏਜੰਸੀ ਦੇ ਦਾਅਵਿਆਂ ਨਾਲ ਸਹਿਮਤ ਹਨ। ਉਸ ਨੇ ਦੱਸਿਆ ਕਿ ਪੁਤਿਨ ਦੀ ਸ਼ਕਤੀ ਬਾਰੇ ਜਰਮਨ ਖ਼ੁਫ਼ੀਆ ਮੁਖੀ ਦਾ ਮੁਲਾਂਕਣ ਸਹੀ ਹੈ। ਬੇਮਿਸਾਲ ਆਰਥਿਕ ਪਾਬੰਦੀਆਂ ਦੇ ਬਾਵਜੂਦ ਰੂਸ ਦੀ ਆਰਥਿਕਤਾ ਚੱਲ ਰਹੀ ਹੈ। ਊਰਜਾ ਉਤਪਾਦਨ ਅਤੇ ਨਿਰਯਾਤ ਵੱਧ ਰਹੇ ਹਨ। ਰੂਸ ਦੇ ਆਮ ਲੋਕ ਡਰੇ ਹੋਏ ਹਨ ਪਰ ਪੁਤਿਨ ਦੀ ਸੱਤਾ ਦਾ ਕੋਈ ਗੰਭੀਰ ਵਿਰੋਧ ਨਹੀਂ ਹੋ ਰਿਹਾ।

ਇਸ ਜੰਗ ਦਾ ਇੰਨੇ ਦਿਨਾਂ ਤੱਕ ਖਿੱਚਣਾ ਵੀ ਪੁਤਿਨ ਦੀ ਰੂਸ ਉਪਰ ਮਜ਼ਬੂਤ ਪਕੜ ਦਾ ਸੰਕੇਤ ਹੈ। ਰੂਸੀ ਲੋਕਾਂ ਨੇ ਸਥਾਨਕ ਤੌਰ 'ਤੇ ਕੁਝ ਸਮੱਸਿਆਵਾਂ ਦੇਖੀਆਂ ਹਨ ਪਰ ਇਹ ਸ਼ੁਰੂਆਤੀ ਦਿਨਾਂ ਦੀ ਗਲ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਇੰਗਲਿਸ਼ ਹੈਰੀਟੇਜ ਚੈਰਿਟੀ ਵੱਲੋਂ ਸੋਫੀਆ ਦਲੀਪ ਸਿੰਘ ਦੀ ਰਿਹਾਇਸ਼ 'ਤੇ ਲਗਾਈ ਨੀਲੀ ਇਤਿਹਾਸਕ ਤਖ਼ਤੀ








**ਲੰਡਨ/ਏ.ਟੀ.ਨਿਊਜ਼ :** ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਸਿੱਖ ਸਾਮਰਾਜ ਦੇ ਆਖ਼ਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਧੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੇ ਲੰਡਨ ਸਥਿਤ ਨਿਵਾਸ 'ਤੇ ਬੀਤੇ ਦਿਨੀਂ ਇੰਗਲਿਸ਼ ਹੈਰੀਟੇਜ ਚੈਰਿਟੀ ਵਲੋਂ 'ਨੀਲੀ ਤਖ਼ਤੀ' ਲਗਾਈ ਗਈ ਹੈ । ਇਸ ਤਖ਼ਤੀ ਦੇ ਉਦਘਾਟਨ ਮੌਕੇ ਯੂ.ਕੇ. ਦੇ ਐਮ.ਪੀ. ਤਨਮਨਜੀਤ ਸਿੰਘ ਢੇਸੀ, ਸਿੱਖ ਇਤਿਹਾਸਕਾਰ ਅਨੀਤਾ ਅਨੰਦ, ਪੀਟਰ ਬੈਂਸ, ਹਰਮਿੰਦਰ ਸਿੰਘ ਗਿੱਲ ਤੋਂ ਇਲਾਵਾ ਬਰਤਾਨਵੀ ਫੌਜ ਦੇ ਅਧਿਕਾਰੀ ਵੀ ਮੌਜੂਦ ਸਨ । ਇੰਗਲਿਸ਼ ਹੈਰੀਟੇਜ ਚੈਰਿਟੀ ਵਲੋਂ ਚਲਾਈ ਗਈ 'ਨੀਲੀ ਤਖ਼ਤੀ' ਸਕੀਮ ਤਹਿਤ ਇਤਿਹਾਸਕ ਸ਼ਖਸੀਅਤਾਂ ਨਾਲ ਜੁੜੀਆਂ ਵਿਸ਼ੇਸ਼ ਇਮਾਰਤਾਂ ਦੀ ਮਹੱਤਤਾ ਨੂੰ ਪੇਸ਼ ਕੀਤਾ ਜਾਂਦਾ ਹੈ । ਮਹਾਰਾਣੀ ਵਿਕਟੋਰੀਆ ਵਲੋਂ ਲੰਡਨ ਦੇ ਦੱਖਣ-ਪੱਛਮ 'ਚ ਹੈਮਪਟਨ ਕੋਰਟ ਪੈਲੇਸ ਵਿਖੇ ਸੋਫੀਆ ਅਤੇ ਉਹਨਾਂ ਦੀਆਂ ਭੈਣਾਂ ਨੂੰ 'ਫੈਰਾਡੇ ਹਾਊਸ' ਦਿੱਤਾ ਗਿਆ ਸੀ । ਰਾਜਕੁਮਾਰੀ ਸੋਫੀਆ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੱਕ ਇਸ ਨਿਵਾਸ ਵਿਚ ਰਹੀ । ਸੋਫੀਆ: ਪ੍ਰਿੰਸੈਸ, ਸਫਰਾਗੇਟ, ਰਿਵੋਲਿਊਸ਼ਨਰੀ ਜੀਵਨੀ ਦੀ ਲੇਖਿਕਾ ਅਨੀਤਾ ਆਨੰਦ ਨੇ ਕਿਹਾ ਕਿ ਮੈਨੂੰ ਔਰਤਾਂ ਦੇ ਵੋਟ ਪਾਉਣ ਦੇ ਅਧਿਕਾਰ ਲਈ ਸੰਘਰਸ਼ ਕਰਨ ਵਾਲਿਆਂ ਦੀ ਕਹਾਣੀ ਪਤਾ ਹੈ ਅਤੇ ਫਿਰ ਮੈਨੂੰ ਇਸ ਅਸਾਧਾਰਣ ਔਰਤ ਬਾਰੇ ਪਤਾ ਲੱਗਾ ਅਤੇ ਉਹਨਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਈ।ਆਨੰਦ ਨੇ ਕਿਹਾ ਕਿ ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਪਹਿਲੀ ਔਰਤ ਐਮ.ਪੀ. ਕਨਸਟੈਂਸ ਮਾਰਕਇਵਕਜ਼ 1918 ਦੀਆਂ ਆਮ ਚੋਣਾਂ ਮੌਕੇ ਚੁਣੀ ਗਈ ਸੀ ਪਰ ਉਸ ਦੇ ਸਹੁੰ ਨਾ ਚੁੱਕਣ ਕਰਕੇ ਆਪਣੀ ਸੀਟ ਹਾਸਲ ਨਹੀਂ ਕਰ ਸਕੀ। ਇਸ ਤੋਂ ਬਾਅਦ ਨੈਨਸੀ ਐਸਟਰ ਦਸੰਬਰ 1919 ਵਿੱਚ ਪੌਲੀਮਾਊਥ ਸੁਟਨ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਚੁਣੀ ਗਈ। ਇਸ ਨੂੰ ਅਧਿਕਾਰਤ ਤੌਰ 'ਤੇ ਬ੍ਰਿਟਿਸ਼ ਪਾਰਲੀਮੈਂਟ ਦੀ ਪਹਿਲੀ ਔਰਤ ਮੈਂਬਰ ਵਜੋਂ ਜਾਣਿਆ ਜਾਂਦਾ ਹੈ।ਆਨੰਦ ਨੇ ਕਿਹਾ ਕਿਸੋਫੀਆ ਦਲੀਪ ਸਿੰਘ ਦਾ ਜਨਮ ਅੱਠ ਅਗਸਤ 1876 ਨੂੰ ਐਲਵੀਡਨ ਹਾਲ ਸਫਲਕ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਪਹਿਲੀ ਪਤਨੀ ਬੰਬਾ ਮੂਲਰ ਦੀ ਕੁੱਖੋਂ ਹੋਇਆ ਤੇ ਦੇਹਾਂਤ 22 ਅਗਸਤ, 1948 ਨੂੰ 72 ਸਾਲ ਦੀ ਉਮਰ ਵਿੱਚ ਟੇਲਰਸ ਗਰੀਨ, ਬਕਿੰਘਮਸ਼ਾਇਰ ਇੰਗਲੈਂਡ ਵਿੱਚ ਹੋਇਆ। ਉਨ੍ਹਾਂ ਦਾ ਪੂਰਾ ਨਾਮ ਸੋਫੀਆ ਅਲੈਗਜ਼ੈਂਡਰ ਦਲੀਪ ਸਿੰਘ

## ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋਂ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਵਿੱਚ ਫਰਿਜਨੋ ਵਿਖੇ ਵਿਸ਼ੇਸ਼





ਸੈਕਰਾਮੈਂਟੋ,ਕੈਲੀਫੋਰਨੀਆਂ(ਹੁਸਨ ਲੜੋਆ ਬੰਗਾ): ਉੱਘੇ ਲੇਖਕ, ਚਿੰਤਕ, ਸ਼ਾਇਰ ਅਤੇ ਵਿਸ਼ਲੇਸ਼ਕ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋਂ ਉਹਨਾਂ ਦੇ ਫਾਰਮ ਹਾਊਸ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿੱਥੇ ਸ਼ਾਇਰ, ਲੇਖਕ, ਸਹਿਤਕਾਰ, ਪੱਤਰਕਾਰ ਪਹੁੰਚੇ ਹੋਏ ਸਨ। ਇਸ ਸਮੇਂ ਜਿੱਥੇ ਕਵੀ ਦਰਬਾਰ ਹੋਇਆ, ਓਥੇ ਗਾਇਕ ਸੁਖਦੇਵ ਸਾਹਿਲ ਨੇ ਗਾਇਕੀ ਦੇ ਐਸੇ ਸੁਰ ਲਾਏ ਕਿ ਹਰ-ਕੋਈ ਅਸ਼ ਅਸ਼ ਕਰ ਉੱਠਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸ਼ਾਇਰ ਹਰਜਿੰਦਰ ਕੰਗ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ, ਉਪਰੰਤ ਕਰਨਲ ਹਰਦੇਵ ਸਿੰਘ ਗਿੱਲ ਨੇ ਬੋਲਦਿਆਂ ਕਿਹਾ ਕਿ ਡਾ. ਗੁਰਮੇਲ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਸਨ, ਉਹਨਾਂ ਲੰਮਾ ਸਮਾਂ ਫਰਿਜਨੋ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਇਆ ਅਤੇ ਬਹੁਤ ਖੋਜ ਭਰਪੂਰ ਕਾਰਜ ਕੀਤੇ। ਡਾ. ਗੁਰੂਮੇਲ ਸਿੱਧੂ ਨੇ ਤਕਰੀਬਨ ਚਾਰ ਪੰਜ ਸ਼ਾਇਰੋ ਸ਼ਾਇਰੀ ਦੀਆਂ ਕਿਤਾਬਾਂ ਲਿਖੀਆਂ। ਕੁਝ ਕੁ ਵਾਰਤਿਕ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਈਆ। ਗਦਰ ਦਾ ਦੂਜਾ ਪੱਖ ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਵਿੱਚੋ ਇੱਕ ਹੈ। ਸੰਤੋਖ ਮਨਿਹਾਸ ਨੇ ਰੇਖਾ ਚਿੱਤਰ ਨਾਮੀ ਕਵਿਤਾ ਪੜਕੇ ਉਹਨਾਂ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਕਹਾਣੀਕਾਰ ਕਰਮ ਸਿੰਘ ਮਾਨ ਨੇ ਉਹਨਾਂ ਨਾਲ ਆਪਣੀਆਂ ਸਾਂਝਾਂ ਸਾਂਝੀਆਂ ਕੀਤੀਆਂ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ਼ ਅਤੇ ਇੰਡੋ ਯੂ. ਐਸ. ਐਸੋਸ਼ੀਏਸ਼ਨ ਦੇ ਮੈਂਬਰਾਂ ਤੋਂ ਬਿਨਾਂ ਡਾ. ਹਰਮੇਸ਼ ਕੁਮਾਰ ਅਤੇ ਸ਼ਾਇਰ ਦਲਜੀਤ ਰਿਆੜ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਬੋਲਣ ਵਾਲੇ ਬੁਲਾਰਿਆਂ ਅਤੇ ਸ਼ਾਇਰਾਂ ਵਿੱਚ ਨੀਲਮ ਲਾਜ ਸੈਣੀ, ਗੁਲਸ਼ਨ ਦਿਆਲ, ਬਲਜਿੰਦਰ ਸਿੰਘ ਸੰਧੂ, ਸੁੱਚਾ ਸਿੰਘ ਥਿੰਦ, ਹਰਜਿੰਦਰ ਢੇਸੀ, ਜਗਜੀਤ ਨੌਸ਼ਿਹਰਬੀ , ਅਸ਼ਰਫ ਗਿੱਲ, ਅਵਤਾਰਾ ਗੋਦਾਰਾ, ਕੁਲਵਿੰਦਰ,ਸਾਧੂ ਸਿੰਘ ਸੰਘਾ, ਪ੍ਰੀਤ, ਇੰਦਰਜੀਤ ਜੀਤ ਚੁੰਗਾਵਾ, ਬਲਜੀਤ ਕੌਰ ਸਿੱਧੂ, ਅਰਜਨ ਸਿੰਘ ਜੋਸ਼ਨ ਆਦਿ ਦੇ ਨਾਮ ਜ਼ਿਕਰਯੋਗ ਹਨ।

## ਆਲ ਸਟੇਟ ਇਸ਼ੋਰੈਂਸ ਦੇ ਅਵਨਿੰਦਰ ਸਿੰਘ ਨੂੰ ਸਦਮਾ



ਯੂਨੀਅਨ ਸਿਟੀ/ ਕੈਲੀਫੋਰਨੀਆ/ਏ.ਟੀ.ਨਿਊਜ਼ : ਆਲ ਸਟੇਟ ਇਸ਼ੋਰੈਂਸ ਦੇ ਅਵਨਿੰਦਰ ਸਿੰਘ ਦੇ ਵੱਡੇ ਭਰਾ ਗੁਰਜਿੰਦਰ ਸਿੰਘ ਦਾ 25 ਮਈ 2023 ਨੂੰ 81 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ ਹੈ। ਗੁਰਜਿੰਦਰ ਸਿੰਘ ਦਾ ਪਿਛੋਕੜ ਜਲੰਧਰ ਦੇ ਲਾਡੋਵਾਲੀ ਦਾ ਸੀ। ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਅਤੇ ਉਚ ਵਿਦਿਆ ਜਲੰਧਰ ਸ਼ਹਿਰ ਅਤੇ ਅੰਮ੍ਰਿਤਸਰ ਦੇ ਕਾਲਜਾਂ ਤੋਂ ਪ੍ਰਾਪਤ ਕੀਤੀ। ਉਪਰੰਤ ਇੰਡੀਅਨ ਨੇਵੀ ਵਿੱਚ 1988 ਤਕ ਸਫਲਤਾਪੂਰਵਕ ਸੇਵਾ ਨਿਭਾਈ। ਬੰਬਈ ਤੋਂ ਕਈ ਬੰਦਰਗਾਹਾਂ ਦੇ ਸ਼ਹਿਰਾਂ 'ਚ ਰਹੇ। ਸੇਵਾ ਮੁਕਤੀ ਤੋਂ ਬਾਅਦ ਦਿੱਲੀ ਵਿਖੇ ਰਿਹਾਇਸ਼ ਕਰ ਲਈ। ਅਪ੍ਰੈਲ 1997 ਵਿੱਚ ਅਮਰੀਕਾ ਪ੍ਰਵਾਸ ਕੀਤਾ। ਵੱਖ ਵੱਖ ਮੁੱਢਲੇ ਕੰਮਾਂ ਨੂੰ ਕਰਦੇ ਵੀ ਆਪਣੇ ਪੁੱਤਰ ਅਤੇ ਦੋ ਧੀਆਂ ਨੂੰ ਅਮਰੀਕਾ ਸਥਾਪਤ ਕੀਤਾ।

ਗੁਰਜਿੰਦਰ ਸਿੰਘ ਦਾ ਅੰਤਮ ਸਸਕਾਰ 3 ਜੂਨ 2023 ਨੂੰ ਸਵੇਰੇ 9.30-11.30 ਵਜੇ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ 300, ਗੁਰਦੁਆਰਾ ਰੋਡ ਫ੍ਰੀਮਾਊਂਟ ਸੀਏ 94536 ਹੋਵੇਗੀ। ਉਪਰੰਤ ਗੁਰੂ ਦਾ ਲੰਗਰ ਵਰਤੇਗਾ। ਗੁਰਜਿੰਦਰ ਸਿੰਘ ਦੋਸਤਾਂ, ਮਿੱਤਰਾਂ, ਪ੍ਰਵਾਰਾਂ, ਰਿਸ਼ਤੇਦਾਰਾਂ ਵਿੱਚ ਹਮੇਸ਼ਾ ਯਾਦ ਰਹਿਣਗੇ।

ਦੁੱਖ ਸਾਂਝਾ ਕਰਨ ਲਈ ਅਵਨਿੰਦਰ ਸਿੰਘ (510) 825-0807, ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ (510) 415-9377 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਸਾਹਿਤ ਦੇ ਨਾਮਵਰ ਲਿਖਾਰੀ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ ਪੁਸਤਕ 'ਵਿਚਿ ਬਾਣੀ ਅੰਮ੍ਰਿਤੁ ਸਾਰੇ' ਦਾ ਲੋਕ ਅਰਪਣ ਸਮਾਗਮ







ਸਰੀ/ਏ.ਟੀ.ਨਿਊਜ਼ : ਪੰਜਾਬੀ ਸਾਹਿਤ ਦੀ ਝੋਲੀ ਵਿੱਚ 35 ਪੁਸਤਕਾਂ ਪਾਉਣ ਵਾਲੇ ਨਾਮਵਰ ਲਿਖਾਰੀ ਅਤੇ ਉਸਤਾਦ ਢਾਡੀ ਗਿਆਨੀ ਕੇਵਲ ਸਿੰਘ ਨਿਰਦੋਸ਼ ਕਿਸੇ ਜਾਣਕਾਰੀ ਦੇ ਮੁਹਤਾਜ ਨਹੀਂ। ਪਿਛਲੇ ਕੁਝ ਅਰਸੇ ਤੋਂ ਗਿਆਨੀ ਕੇਵਲ ਸਿੰਘ ਨਿਰਦੋਸ਼ ਜੀ ਦੀ ਸਿਹਤ ਨਾਸਾਜ਼ ਚੱਲ ਰਹੀ ਹੈ, ਪਰ ਮਾਨਸਿਕ ਤੌਰ 'ਤੇ ਪੂਰੀ ਚੜ੍ਹਦੀ ਕਲਾ ਵਿੱਚ ਹਨ। ਸਰੀਰਕ ਢਿੱਲ ਮਠ ਦੇ ਬਾਵਜੂਦ ਗਿਆਨੀ ਜੀ ਨੇ ਸਾਹਿਤ ਰਚਨਾ ਜਾਰੀ ਰੱਖੀ ਅਤੇ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਵੀ ਪਿਛਲੇ 5 ਸਾਲਾਂ ਵਿੱਚ ਉਨ੍ਹਾਂ 8 ਕਿਤਾਬਾਂ ਲਿਖੀਆਂ ਹਨ। ਨਿਰਦੋਸ਼ ਜੀ ਦੀ 471 ਸਫ਼ਿਆਂ ਦੀ ਵੱਡ ਆਕਾਰੀ ਪੁਸਤਕ 'ਵਿਚਿ ਬਾਣੀ ਅੰਮ੍ਰਿਤੁ ਸਾਰੇ' ਦਾ ਲੋਕ ਅਰਪਣ ਸਮਾਗਮ, 28 ਮਈ ਦਿਨ ਐਤਵਾਰ ਨੂੰ ਖਾਲਸਾ ਲਾਇਬ੍ਰੇਰੀ, ਸਰੀ ਵਿਖੇ ਕੀਤਾ ਗਿਆ। ਗਿਆਨੀ ਜੀ ਨੇ ਜਿਥੇ ਆਪਣੀ ਕਾਵਿ-ਸਿਰਜਣਾ ਬਾਰੇ ਚੜ੍ਹਦੀ ਕਲਾ ਭਰਪੂਰ ਵਿਚਾਰ ਸਾਂਝੇ ਕੀਤੇ, ਉਥੇ ਆਪਣੀ ਅਗਲੀ ਛਪਣ ਵਾਲੀ ਕਿਤਾਬ ਵਿੱਚੋਂ ਕੁਝ ਅੰਸ਼ ਸਾਂਝੇ ਕੀਤੇ। ਇਸ ਸਮਾਗਮ ਵਿੱਚ ਲਖਜੀਤ ਸਿੰਘ ਸਾਰੰਗ, ਬੀਬੀ ਹਰਸ਼ਰਨ ਕੌਰ, ਮਨਜੀਤ ਕੌਰ ਕੰਗ, ਮੀਨੂੰ ਬਾਵਾ, ਚਮਕੌਰ ਸਿੰਘ ਸੇਖੋਂ, ਅਮਰੀਕ ਪਲਾਹੀ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ, ਹਰਦਮ ਸਿੰਘ ਮਾਨ, ਤਰਲੋਚਨ ਸਿੰਘ ਬਾਹੀਆ, ਡਾ. ਸੁਖਵਿੰਦਰ ਸਿੰਘ ਵਿਰਕ ਅਤੇ ਅਮਨਜੀਤ ਸਿੰਘ ਚੀਮਾ ਸਮੇਤ ਹੋਰ ਬੁਲਾਰਿਆਂ ਨੇ ਪ੍ਰਭਾਵਸ਼ਾਲੀ ਕਿਤਾਬ ਲਈ ਗਿਆਨੀ ਜੀ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ। ਡਾ. ਰਮਿੰਦਰਪਾਲ ਸਿੰਘ ਕੰਗ ਦੇ ਸੰਚਾਲਨ ਦੀ ਸੇਵਾ ਨਿਭਾਈ। ਪੁਸਤਕ 'ਵਿਚਿ ਬਾਣੀ ਅੰਮ੍ਰਿਤੁ ਸਾਰੇ' ਵਿੱਚ ਸੁਖਮਨੀ ਸਾਹਿਬ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸਮੁੱਚੀ ਬਾਣੀ ਤੇ ਭੱਟਾਂ ਦੇ ਸਵਾਈਆਂ ਦੀ ਭਾਵ-ਅਰਥੀ ਕਾਵਿ ਵਿਆਖਿਆ ਹੈ। ਨਿਰਦੋਸ਼ ਸਾਹਿਬ ਦੀ ਇਕ ਹੋਰ ਕਿਤਾਬ ਭਗਤ ਕਬੀਰ ਜੀ ਦੇ ਸਲੋਕਾਂ ਦੀ ਭਾਵ ਅਰਥ ਵਿਆਖਿਆ ਦਾ ਸਮਾਗਮ ਵੀ ਜਲਦੀ ਹੀ ਕੀਤਾ ਜਾਵੇਗਾ।

'ਆਮ ਆਦਮੀ ਦੀ ਕਲਮ ਤੋਂ'

# ਕਿਵੇਂ ਹੋਵੇਗਾ ਪੰਜਾਬ ਭ੍ਰਿਸ਼ਟਾਚਾਰ ਮੁਕਤ ?



## ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਫੈਲਿਆ ਹੋਇਆ ਹੈ ਭ੍ਰਿਸ਼ਟਾਚਾਰ

-ਪੰਜਾਬ ਦੀ ਮੌਜੂਦ ਆਪ ਸਰਕਾਰ ਵੱਲੋਂ ਵੱਖ- ਵੱਖ ਅਖ਼ਬਾਰਾਂ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਫੋਟੋ ਵਾਲੇ ਇਸ਼ਤਿਹਾਰ 'ਭ੍ਰਿਸ਼ਟਾਚਾਰ ਮੁਕਤ ਪੰਜਾਬ', 'ਸਰਕਾਰ ਨੇ ਨਿਭਾਇਆ ਵਾਅਦਾ,' 'ਗ੍ਰਿਫਤਾਰੀਆਂ 300 ਤੋਂ ਜ਼ਿਆਦਾ' ਦੇ ਕੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ 'ਚ ਪਿਛਲੇ ਇੱਕ ਸਾਲ 'ਚ 300 ਤੋਂ ਵੱਧ ਭ੍ਰਿਸ਼ਟਾਚਾਰੀ ਗ੍ਰਿਫ਼ਤਾਰ ਹੋ ਚੁੱਕੇ ਹਨ ਅਤੇ ਪੰਜਾਬ ਵਿੱਚ ਰਿਸ਼ਵਤ ਮੰਗਣ ਵਾਲਿਆਂ ਦੀ ਹੁਣ ਖੈਰ ਨਹੀਂ। ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਜਾਰੀ ਇਹਨਾਂ ਇਸ਼ਤਿਹਾਰਾਂ 'ਚ ਸੱਚਾਈ ਵੀ ਹੋ ਸਕਦੀ ਹੈ, ਪਰ ਹੁਣ ਪੰਜਾਬ ਪੂਰੀ ਤਰਾਂ ਭ੍ਰਿਸ਼ਟਾਚਾਰ ਮੁਕਤ ਹੋ ਗਿਆ ਹੈ, ਇਸ ਦਾਅਵੇ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ।




ਭੋਲੇ ਬਾਦਸ਼ਾਹੋ! ਜਿਹੜੇ ਪੰਜਾਬ 'ਚ ਜਨਮ ਤੋਂ ਲੈ ਕੇ ਮੌਤ ਤਕ ਹਰ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਉਥੇ ਭ੍ਰਿਸ਼ਟਾਚਾਰ ਇਕ ਦਮ ਹੀ ਜਾਂ ਇੱਕ ਸਾਲ ਵਿੱਚ ਪੂਰੀ ਤਰਾਂ ਸਮਾਪਤ ਕਿਸ ਤਰੀਕੇ ਨਾਲ ਹੋ ਸਕਦਾ ਹੈ। ਗਲ ਸ਼ੁਰੂ ਕਰਦੇ ਹਾਂ ਬੱਚੇ ਦੇ ਜਨਮ ਸਮੇਂ ਹੁੰਦੇ ਭ੍ਰਿਸ਼ਟਾਚਾਰ ਦੀ। ਜਦੋਂ ਕਿਸੇ ਹਸਪਤਾਲ 'ਚ ਬੱਚਾ ਜਨਮ ਲੈਂਦਾ ਹੈ ਤਾਂ ਅਕਸਰ ਨਵ ਜੰਮੇ ਬੱਚੇ ਦੇ 'ਮੁੰਡਾ' ਹੋਣ 'ਤੇ ਹਸਪਤਾਲ ਦੀਆਂ ਦਾਈਆਂ, ਨਰਸਾਂ ਅਤੇ ਦਰਜਾ ਚਾਰ ਕਰਮਚਾਰਣਾਂ ਵੱਲੋਂ ਸਬੰਧਿਤ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਵਧਾਈਆਂ (ਇਸ ਦਾ ਮਤਲਬ ਸਭ ਸਮਝਦੇ ਹਨ) ਮੰਗੀਆਂ ਵੀ ਜਾਂਦੀਆਂ ਹਨ। ਕੀ ਇਸ ਤਰਾਂ ਵਧਾਈਆਂ ਮੰਗਣਾ ਭ੍ਰਿਸ਼ਟਾਚਾਰ ਨਹੀਂ? ਇਸ ਤੋਂ ਇਲਾਵਾ ਅਕਸਰ ਬੱਚੇ ਦੇ ਜਨਮ ਸਮੇਂ ਕੁਝ ਪ੍ਰਾਈਵੇਟ ਹਸਪਤਾਲਾਂ 'ਚ 'ਨਾਰਮਲ ਡਲਿਵਰੀ' ਕਰਨ ਦੀ ਥਾਂ ਜੱਚਾ ਦੇ ਛੋਟੇ ਜਾਂ ਵੱਡੇ ਅਪਰੇਸ਼ਨ ਕਰਕੇ ਬੱਚੇ ਨੂੰ ਜਨਮ ਦਿਵਾਇਆ ਜਾਂਦਾ ਹੈ, ਕੀ ਇਹ ਭ੍ਰਿਸ਼ਟਾਚਾਰ ਨਹੀਂ? ਇਸ ਤੋਂ ਇਲਾਵਾ ਕੁਝ ਹਸਪਤਾਲਾਂ 'ਚ ਇਹ ਵੀ ਵੇਖਣ 'ਚ ਆਇਆ ਹੁੰਦਾ ਹੈ ਕਿ ਜੱਚਾ ਦੇ ਅਪਰੇਸ਼ਨ ਵੇਲੇ ਸਬੰਧਿਤ ਮਹਿਲਾ ਕੱਟੀ ਵੱਢੀ ਹੋਈ ਬੈੱਡ 'ਤੇ ਪਈ ਹੁੰਦੀ ਹੈ ਪਰ ਅਪਰੇਸ਼ਨ ਕਰਨ ਵਾਲੇ ਡਾਕਟਰ ਅਕਸਰ ਆਪਣੀਆਂ ਗੱਲਾਂ 'ਚ ਮਸਤ ਹੁੰਦੇ ਹਨ, ਹੁਣ ਅਜਿਹੀ ਸਥਿਤੀ ਨੂੰ ਕੀ ਕਿਹਾ ਜਾਵੇ?

ਕਹਿਣ ਦਾ ਭਾਵ ਇਹ ਹੈ ਕਿ ਇਸ ਤਰਾਂ ਬੱਚੇ ਦੇ ਜਨਮ ਤੋਂ ਹੀ ਭ੍ਰਿਸ਼ਟਾਚਾਰ ਸ਼ੁਰੂ ਹੋ ਜਾਂਦਾ ਹੈ। ਫਿਰ ਬੱਚੇ ਨੂੰ ਸਕੂਲ ਵਿੱਚ ਦਾਖਲਾ ਕਰਵਾਉਣ, ਫੀਸਾਂ ਭਰਨ, ਯੂਨੀਫ਼ਾਰਮ, ਸਕੂਲ ਬੈਗ ਤੇ ਕਿਤਾਬਾਂ ਲੈਣ 'ਚ ਵੀ ਅਕਸਰ ਭ੍ਰਿਸ਼ਟਾਚਾਰ ਹੋਣ ਦੀਆਂ ਖ਼ਬਰਾਂ ਮੀਡੀਆ ਦੀਆਂ ਸੁਰਖ਼ੀਆਂ ਬਣਦੀਆਂ ਹਨ। ਸਕੂਲ ਤੋਂ ਬਾਅਦ ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਵੀ ਭ੍ਰਿਸ਼ਟਾਚਾਰ ਕਿਸੇ ਨਾ ਕਿਸੇ ਰੂਪ 'ਚ ਸਾਹਮਣੇ ਆਉਂਦਾ ਹੈ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਦੋਂ ਨੌਜਵਾਨ ਨੌਕਰੀ ਲਈ ਅਪਲਾਈ ਕਰਦੇ ਹਨ ਤਾਂ ਕਈ ਵਾਰ ਚੰਗੀ ਨੌਕਰੀ ਲੈਣ ਲਈ ਵੀ ਕਿਸੇ ਨਾ ਕਿਸੇ ਤਰਾਂ ਦੀ ਸਿਫ਼ਾਰਸ਼ ਜਾਂ ਪੈਸੇ ਦੇ ਲੈਣ ਦੇਣ ਦੀਆਂ ਖ਼ਬਰਾਂ ਪਿਛਲੇ ਸਮੇਂ ਦੌਰਾਨ ਸੁਰਖ਼ੀਆਂ 'ਚ ਆਉਂਦੀਆਂ ਰਹੀਆਂ ਹਨ। ਇਹ ਵੀ ਤਾਂ ਭ੍ਰਿਸ਼ਟਾਚਾਰ ਦਾ ਇੱਕ ਰੂਪ ਹੈ।

ਕਿਸੇ ਵੀ ਆਮ ਵਿਅਕਤੀ ਨੇ ਕਿਸੇ ਵੀ ਸਰਕਾਰੀ ਦਫ਼ਤਰ ਵਿੱਚ ਕੋਈ ਜਾਇਜ਼ ਕੰਮ ਕਰਵਾਉਣਾ ਹੋਵੇ ਤਾਂ ਵੀ ਅਕਸਰ ਉਸ ਵਿਅਕਤੀ ਨੂੰ ਕਈ ਵਾਰ ਸਬੰਧਿਤ ਸਰਕਾਰੀ ਮੁਲਾਜ਼ਮ ਨਾਲ ਗੁਪਤ ਲੈਣ ਦੇਣ ਕਰਨ ਲਈ ਮਜਬੂਰ ਹੋਣ ਦੀ ਚਰਚਾ ਅਕਸਰ ਆਮ ਲੋਕ ਹੀ ਕਰਦੇ ਹਨ। ਅਕਸਰ ਆਮ ਲੋਕ ਕਹਿੰਦੇ ਹਨ ਕਿ ਜੇ ਕਿਸੇ ਵਿਅਕਤੀ ਨੇ ਕਿਸੇ ਸਰਕਾਰੀ ਦਫ਼ਤਰ ਵਿੱਚ ਆਪਣੀ ਫਾਈਲ ਅੱਗੇ ਤੋਰਨੀ ਹੁੰਦੀ ਹੈ ਤਾਂ ਅਕਸਰ ਉਸ ਨੂੰ ਆਪਣੀ ਫਾਈਲ ਨੂੰ 'ਪਹੀਏ' ਲਗਾਉਣ ਲਈ ਮਜਬੂਰ ਹੋਣਾ ਪੈਂਦਾ ਹੈ, ਫਾਈਲ ਨੂੰ ਇਹ ਪਹੀਏ ਲਗਾਉਣ ਅਰਥ ਸਾਰਿਆਂ ਨੂੰ ਹੀ ਪਤਾ ਹੈ। ਜਦੋਂ ਕੋਈ ਸਰਕਾਰੀ ਮੁਲਾਜ਼ਮ ਆਪਣੀ ਨੌਕਰੀ ਤੋਂ ਸੇਵਾ ਮੁਕਤ ਹੁੰਦਾ ਹੈ ਤਾਂ ਅਕਸਰ ਉਸ ਨੂੰ

(ਬਾਕੀ ਸਫ਼ਾ 31 'ਤੇ)

## ਪਹਿਲਵਾਨ ਬੱਚੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਸਿੱਖ : ਜਥੇਦਾਰ ਹਰਪ੍ਰੀਤ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ : ਦਿੱਲੀ ਦੇ ਜੰਤਰ ਮੰਤਰ 'ਤੇ ਇਨਸਾਫ ਲਈ ਧਰਨੇ 'ਤੇ ਬੈਠੀਆਂ ਓਲੰਪੀਅਨ ਔਰਤ ਪਹਿਲਵਾਨਾਂ ਨਾਲ ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਦੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਨਿੰਦਾ ਕੀਤੀ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਵਿੱਚ ਇਸ ਧੱਕੇਸ਼ਾਹੀ ਖ਼ਿਲਾਫ ਰੋਸ ਦਰਜ ਕਰਦਿਆਂ ਕਿਹਾ ਕਿ ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਭਾਰਤ ਵਾਸਤੇ ਸੋਨ ਤਗਮੇ ਜਿੱਤਣ ਵਾਲੀਆਂ ਕੁੜੀਆਂ ਨੂੰ ਡਾਂਗਾਂ ਨਾਲ ਕੁੱਟਣਾ ਤੇ ਬੇਵੱਸ ਕੁੜੀਆਂ ਦੀਆਂ ਹੂਕਾਂ ਨਵੀਂ ਸੰਸਦ ਦੇ ਇਤਿਹਾਸ ਦਾ ਪਹਿਲਾ ਕਾਲਾ ਵਰਕਾ ਹੈ। ਜਥੇਦਾਰ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਸਿੱਖ ਪਹਿਲਵਾਨ ਬੱਚੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਤਾਂ ਜੋ ਬੱਚੀਆਂ ਨਾਲ ਇਨਸਾਫ ਹੋ ਸਕੇ। ਉਹਨਾਂ ਕਿਹਾ ਕਿ ਇਹ ਬੱਚੀਆਂ ਅਕਾਲ ਤਖਤ ਸਾਹਿਬ ਵਿਖੇ ਇਨਸਾਫ ਲੈਣ ਲਈ ਆਈਆਂ ਸਨ। ਸੋ ਸਿੱਖ ਜਗਤ ਦਾ ਫਰਜ਼ ਹੈ ਕਿ ਉਹਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰੇ।




ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਸਰਕਾਰੀ ਤੰਤਰ ਵੱਲੋਂ ਮਨੁੱਖੀ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨਾਲ ਜ਼ਬਰਦਸਤੀ ਕਰਨਾ ਲੋਕਤੰਤਰ 'ਤੇ ਦਾਗ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਦੇਸ਼ ਲਈ ਨਵੀਂ ਬਣੀ ਸੰਸਦ ਦਾ ਉਦਘਾਟਨ (ਬਾਕੀ ਸਫ਼ਾ 30 'ਤੇ)

## ਪਾਕਿਸਤਾਨ ਖ਼ਾਲਸਾ ਸਿੱਖ ਕੌਂਸਲ ਦੇ ਚੇਅਰਮੈਨ ਨੂੰ ਕਰਾਚੀ ਦੇ ਹੋਟਲ ਵਿੱਚ 'ਸ੍ਰੀ ਸਾਹਿਬ' ਪਹਿਨਣ ਕਾਰਨ ਰੋਕਿਆ



ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ਖਾਲਸਾ ਸਿੱਖ ਕੌਂਸਲ ਅਤੇ ਨੈਸ਼ਨਲ ਪੀਸ ਕਮੇਟੀ ਐਂਡ ਇੰਟਰਫੇਥ ਹਾਰਮੋਨੀ ਦੇ ਚੇਅਰਮੈਨ ਸਰਦਾਰ ਅਮਰ ਸਿੰਘ ਨੇ ਕਰਾਚੀ ਦੇ ਮੈਰੀਅਟ ਹੋਟਲ ਦੇ ਪ੍ਰਬੰਧਕਾਂ ਅਤੇ ਸਟਾਫ ਖ਼ਿਲਾਫ਼ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਉਲੰਘਣਾ ਲਈ ਸ਼ਿਕਾਇਤ ਦਰਜ ਕਰਵਾਈ ਹੈ। ਸਰਦਾਰ ਅਮਰ ਸਿੰਘ ਦਾ ਦਾਅਵਾ ਹੈ ਕਿ ਉਹ ਇੰਟਰਫੇਥ ਹਾਰਮੋਨੀ ਦੇ ਇੱਕ ਮਹੱਤਵਪੂਰਨ ਸਮਾਗਮ ਵਿੱਚ ਸ਼ਾਮਲ ਹੋਣ ਜਾ ਰਿਹਾ ਸੀ ਪਰ ਕਿਉਂਕਿ ਉਹ ਕ੍ਰਿਪਾਨ ਲੈ ਕੇ ਜਾ ਰਿਹਾ ਸੀ, (ਬਾਕੀ ਸਫ਼ਾ 30 'ਤੇ)

## ਬ੍ਰਿਜ ਭੂਸ਼ਣ ਵੱਲੋਂ ਪਹਿਲਵਾਨਾਂ ਦੇ ਅੰਦੋਲਨ ਨੂੰ ਖ਼ਲਿਸਤਾਨੀਆਂ ਦੀ ਮੂਵਮੈਂਟ ਕਰਾਰ ਦੇਣ ਦੀ ਧਾਮੀ ਵਲੋਂ ਨਿਖੇਧੀ

ਫਤਿਹਗੜ੍ਹ ਸਾਹਿਬ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਦੇ ਜੰਤਰ-ਮੰਤਰ ਵਿਖੇ ਧਰਨਾ ਦੇ ਰਹੀਆਂ ਔਰਤ ਪਹਿਲਵਾਨ ਦੇ ਹੱਕ ਵਿੱਚ ਸ਼੍ਰੋਮਣੀ ਕਮੇਟੀ ਅਤੇ ਸਿੱਖ ਕੌਮ ਵੱਲੋਂ ਮਦਦ ਕੀਤੇ ਜਾਣ ਦੇ ਐਲਾਨ 'ਤੇ ਭਾਜਪਾ ਸੰਸਦ ਮੈਂਬਰ ਅਤੇ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਵੱਲੋਂ ਪਹਿਲਵਾਨਾਂ ਦੇ ਅੰਦੋਲਨ ਨੂੰ ਖਾਲਿਸਤਾਨੀਆਂ ਦੀ ਮੂਵਮੈਂਟ ਕਰਾਰ ਦੇਣ ਦੀ ਨਿਖੇਧੀ ਕੀਤੀ ਹੈ। (ਬਾਕੀ ਸਫ਼ਾ 30 'ਤੇ)

## ਸਿੰਧੀ ਸਮਾਜ ਸਿਖ ਧਰਮ ਦਾ ਅਨਿੱਖੜਵਾਂ ਅੰਗ: ਜਥੇ. ਹਰਪ੍ਰੀਤ ਸਿੰਘ

ਇੰਦੌਰ/ਏ.ਟੀ.ਨਿਊਜ਼ : ਇੰਦੌਰ ਵਿੱਚ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੰਧੀ ਸਮਾਜ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਦਾ ਸਿੱਖ ਕੌਮ ਵਿੱਚ ਵੱਡਾ ਸਤਿਕਾਰ ਹੈ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ ਪਰ ਕੁਝ ਲੋਕਾਂ ਵੱਲੋਂ ਸਿੰਧੀ ਤੇ ਸਿੱਖ ਸਮਾਜ ਵਿੱਚ ਵਖਰੇਵੇਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਹ ਗੁਰਮਤਿ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਇੰਦੌਰ ਵਿੱਚ ਅੰਮ੍ਰਿਤ ਵੇਲਾ ਟਰੱਸਟ ਦੇ ਸਹਿਯੋਗ ਨਾਲ ਕਰਵਾਇਆ ਗਿਆ। ਗੁਰਦੁਆਰਾ ਖ਼ਾਲਸਾ ਬਾਗ ਇੰਦੌਰ ਵਿੱਚ ਕਰਵਾਏ ਗਏ ਇਸ ਗੁਰਮਤਿ ਸਮਾਗਮ 'ਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਮਹਿਤਾ ਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਵਿੱਚ ਕੁਝ ਵਿਅਕਤੀਆਂ ਵੱਲੋਂ ਸਿੰਧੀ ਭਾਈਚਾਰੇ ਦੇ ਘਰਾਂ ਅਤੇ ਧਾਰਮਿਕ ਅਸਥਾਨਾਂ 'ਚੋਂ ਪਾਵਨ ਸਰੂਪ ਜਬਰੀ ਚੁੱਕ ਲਏ ਗਏ ਸਨ।



## ਭਾਈ ਖੈੜਾ ਦੇ ਦਿਲ ਦੇ ਰੋਗ ਦਾ ਹੋਇਆ ਇਲਾਜ, ਪਿਆ ਸਟੈਂਟ

### ਸ਼੍ਰੋਮਣੀ ਕਮੇਟੀ ਨੇ ਕਰਵਾਇਆ ਇਲਾਜ

ਅੰਮ੍ਰਿਤਸਰ/ਏ.ਟੀ.ਨਿਊਜ਼ : ਬੰਦੀ ਸਿੰਘ ਭਾਈ ਗੁਰਦੀਪ ਸਿੰਘ ਖੈੜਾ, ਜਿਨ੍ਹਾਂ ਨੂੰ ਦਿਲ ਦੇ ਗੰਭੀਰ ਰੋਗ ਕਾਰਨ ਬੀਤੇ ਦਿਨੀਂ ਪਹਿਲਾ ਸਰਕਾਰੀ ਤੇ ਬਾਅਦ ਵਿੱਚ ਇੱਕ ਸਥਾਨਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਸੀ, ਦਾ ਦਿਲ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਉਨ੍ਹਾਂ ਦੀ ਦਿਲ ਦੀ ਬੰਦ ਨਾੜੀ ਨੂੰ ਖੋਲ੍ਹਣ ਲਈ ਸਟੈਂਟ ਪਾਇਆ ਗਿਆ। ਇਸ ਦੌਰਾਨ ਉਨ੍ਹਾਂ ਦਾ ਹਾਲ ਜਾਨਣ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਪ੍ਰੋ: ਵਿਰਸਾ ਸਿੰਘ ਵਲਟੋਹਾ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਸੀਨੀਅਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ 'ਤੇ ਸ਼੍ਰੋਮਣੀ ਕਮੇਟੀ ਵਲੋਂ ਭਾਈ ਖੈੜਾ ਦਾ ਇਲਾਜ ਸਥਾਨਕ ਨਿੱਜੀ ਹਸਪਤਾਲ ਤੋਂ ਕਰਵਾਇਆ ਜਾ ਰਿਹਾ ਹੈ।



## ਦਰਪਣ ਝੂਠ ਨਹੀਂ ਬੋਲਦਾ

# ਹਿਰਾਸਤ ’ਚ ਰੱਖੇ ਗਏ ਭਾਰਤ ਦੇ ਚੈਂਪੀਅਨ, ਹੋਇਆ ਲੋਕ-ਤੰਤਰ ਦਾ ਕਤਲ

ਬੀਤੇ ਐਤਵਾਰ ਨੂੰ ਨਵੀਂ ਸੰਸਦ ਦੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਉਦਘਾਟਨ ਦੌਰਾਨ ਭਾਰਤ ਦਾ ਮਾਣ ਉੱਚਾ ਕਰਨ ਵਾਲੀਆਂ ਪਹਿਲਵਾਨ ਧੀਆਂ ਪੁਲਿਸ ਦੇ ਵਹਿਸ਼ੀਪੁਣੇ ਦਾ ਸ਼ਿਕਾਰ ਹੋ ਗਈਆਂ ਅਤੇ ਉਨ੍ਹਾਂ ਦੀ ਨਿਆਂ ਦੇਣ ਦੀ ਥਾਂ ਸੜਕਾਂ ’ਤੇ ਘਸੀਟਿਆ ਗਿਆ ਅਤੇ ਫਿਰ ਸਾਰੇ ਪ੍ਰਦਰਸ਼ਨ ਕਾਰੀ ਪਹਿਲਵਾਨਾਂ ਨੂੰ ਥਾਣੇ ਲਿਜਾ ਕੇ ਬੇਇੱਜ਼ਤੀ ਕੀਤੀ ਗਈ। ਇਸ ਸੰਘਰਸ਼ ਦੌਰਾਨ ਰਾਸ਼ਟਰੀ ਝੰਡੇ ਪੁਲਿਸ ਦੇ ਪੈਰਾਂ ਵਿੱਚ ਰੁਲ ਰਹੇ ਸਨ ਅਤੇ ਇਹ ਸਿਰਫ਼ ਜੰਤਰ-ਮੰਤਰ ਦੀ ਹਾਲਤ ਨਹੀਂ ਸੀ, ਦਿੱਲੀ ਸਮੇਤ ਪੂਰਾ ਐਨਸੀਆਰ ਲਗਭਗ ਜੇਲ੍ਹ ਵਿੱਚ ਬਦਲ ਗਿਆ ਸੀ। ਦਿੱਲੀ ਦੀਆਂ ਸਾਰੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਸਨ । ਦੱਸ ਦੇਈਏ ਕਿ ਭਾਰਤੀ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਪਹਿਲਵਾਨ ਨਵੇਂ ਸੰਸਦ ਭਵਨ ਦੇ ਸਾਹਮਣੇ ਬੀਬੀਆਂ ਦੀ ਮਹਾਪੰਚਾਇਤ ਦਾ ਆਯੋਜਨ ਕਰਨ ਜਾ ਰਹੇ ਸਨ।



ਇੰਡੀਅਨ ਐਕਸਪ੍ਰੈੱਸ ਦੇ ਅਨੁਸਾਰ, ਪਹਿਲਵਾਨ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ, ਬਜਰੰਗ ਪੂਨੀਆ ਅਤੇ ਕਈ ਹੋਰਾਂ ਨੂੰ ਜੰਤਰ-ਮੰਤਰ ’ਤੇ ਪ੍ਰਦਰਸ਼ਨ ਕਾਰੀਆਂ ਅਤੇ ਪੁਲਿਸ ਵਿਚਾਲੇ ਝੜਪ ਤੋਂ ਬਾਅਦ ਦਿੱਲੀ ਪੁਲਿਸ ਨੇ ਹਿਰਾਸਤ ਵਿੱਚ ਲਿਆ ਗਿਆ ਸੀ। ਅੰਦੋਲਨਕਾਰੀ ਪਹਿਲਵਾਨਾਂ ਦੇ ਸਮਰਥਨ ਵਿੱਚ ਆਉਣ ਵਾਲੇ ਲੋਕਾਂ, ਖਾਸ ਕਰਕੇ ਕਿਸਾਨਾਂ ਅਤੇ ਖਾਪ ਪੰਚਾਇਤ ਦੇ ਮੈਂਬਰਾਂ ਨੂੰ ਟਿੱਕਰੀ ਸਰਹੱਦ, ਸਿੰਘੂ ਸਰਹੱਦ ਅਤੇ ਗਾਜ਼ੀਪੁਰ ਸਰਹੱਦ ਤੋਂ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹਰਿਆਣਾ ਪੁਲਿਸ ਨੇ ਵੀ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਵੱਡੇ ਪੱਧਰ ’ਤੇ ਬੈਰੀਕੇਡਿੰਗ ਕੀਤੀ ਅਤੇ ਕਿਸਾਨ ਤੇ ਖਾਪ ਆਗੂਆਂ ਹਰਦੀਪ ਅਹਿਲਾਵਤ ਤੇ ਮਹਿੰਦਰ ਨੰਦਾਲ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਕਈ ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਯੂਨੀਵਰਸਿਟੀ ਅਧਿਕਾਰੀਆਂ ਨੇ ਕੈਂਪਸ ਵਿੱਚ ਸੁਰੱਖਿਆ ਵਧਾ ਕੇ ਉਨ੍ਹਾਂ ਨੂੰ ‘ਮਹਿਲਾ ਮਹਾਂ ਪੰਚਾਇਤ’ ਵਿੱਚ ਹਿੱਸਾ ਲੈਣ ਤੋਂ ਰੋਕਿਆ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਈਸਾ) ਨੇ ਦਾਅਵਾ ਕੀਤਾ ਕਿ ਕੈਂਪਸ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ ਸੀ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਨੂੰ ਦਿੱਲੀ ਪੁਲਿਸ ਨੇ ਗਾਜ਼ੀਪੁਰ ਸਰਹੱਦ ’ਤੇ ਰੋਕ ਦਿੱਤਾ ਗਿਆ ਸੀ। ਕਿਸਾਨ ਯੂਨੀਅਨ ਏਕਤਾ ਆਜ਼ਾਦ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਦੇ ਕਾਫਲੇ ਨੂੰ ਖਨੌਰੀ ਪੰਜਾਬ-ਹਰਿਆਣਾ ਬਾਰਡਰ ’ਤੇ ਰੋਕ ਲਿਆ ਗਿਆ।

ਹੁਣ ਜੰਤਰ-ਮੰਤਰ ਵਿਖੇ ਪਿਛਲੇ ਇੱਕ ਮਹੀਨੇ ਤੋਂ ਚੱਲ ਰਹੇ ਪਹਿਲਵਾਨਾਂ ਦਾ ਧਰਨਾ ਪੁਲਿਸ ਨੇ ਧੱਕੇ ਨਾਲ ਖਤਮ ਕਰ ਦਿੱਤਾ ਗਿਆ। ਦਿੱਲੀ ਪੁਲਿਸ ਦੇ ਬੁਲਾਰੇ ਸੁਮਨ ਨਲਵਾ ਨੇ ਕਿਹਾ ਕਿ ਪਹਿਲਵਾਨਾਂ ਨਾਲ ਪ੍ਰਦਰਸ਼ਨ ਬਾਰੇ ਚਰਚਾ ਕੀਤੀ ਗਈ ਸੀ, ਪਰ ਉਨ੍ਹਾਂ ਨੇ ਕੁਝ ਵੀ ਸੁਣਨ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣਾ ਪਿਆ। ਜੇਕਰ ਉਹ ਕਿਤੇ ਹੋਰ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਮੰਗਦੇ ਹਨ ਤਾਂ ਇਜਾਜ਼ਤ ਦਿੱਤੀ ਜਾ ਸਕਦੀ ਹੈ ਪਰ ਉਨ੍ਹਾਂ ਨੂੰ ਜੰਤਰ-ਮੰਤਰ ’ਤੇ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪੁਲਿਸ ਅਨੁਸਾਰ ਜੰਤਰ-ਮੰਤਰ ’ਤੇ 109 ਪ੍ਰਦਰਸ਼ਨ ਕਾਰੀਆਂ ਸਮੇਤ ਦਿੱਲੀ ਭਰ ਵਿੱਚ 700 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਤੇ ਸ਼ਾਮ ਤੱਕ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਔਰਤ ਪਹਿਲਵਾਨਾਂ ਨਾਲ ਸਖ਼ਤੀ ਕਰਨ ਦੇ ਮਾਮਲੇ ਨੂੰ ਸਿਰੇ ਤੋਂ ਨਕਾਰਦਿਆਂ ਨਲਵਾ ਨੇ ਕਿਹਾ ਕਿ ਅਸੀਂ ਕੋਈ ਸਖ਼ਤੀ ਨਹੀਂ ਕੀਤੀ, ਇਹ ਸਾਰੇ ਪਿਛਲੇ 38 ਦਿਨਾਂ ਤੋਂ ਇੱਥੇ ਬੈਠੇ ਹਨ। ਅਸੀਂ ਉਨ੍ਹਾਂ ਨੂੰ ਹਰ ਸਹੂਲਤ ਪ੍ਰਦਾਨ ਕਰ ਰਹੇ ਸਾਂ ਪਰ ਜਦੋਂ 28 ਤਰੀਕ ਦਾ ਦਿਨ ਨਵੀਂ ਪਾਰਲੀਮੈਂਟ ਦਾ ਉਦਘਾਟਨ ਪੂਰੇ ਦੇਸ਼ ਅਤੇ ਦਿੱਲੀ ਪੁਲਿਸ ਲਈ ਮਹੱਤਵਪੂਰਨ ਸੀ ਅਤੇ ਉਨ੍ਹਾਂ ਨੇ ਇਨਕਾਰ ਕਰਨ ਦੇ ਬਾਵਜੂਦ ਸਾਡੀ ਗੱਲ ਨਹੀਂ ਸੁਣੀ ਤਾਂ ਸਾਨੂੰ ਇਹ ਕਦਮ ਚੁੱਕਣਾ ਪਿਆ।

ਪੁਲਿਸ ਨੇ ਬਜਰੰਗ ਪੂਨੀਆ, ਸਾਕਸ਼ੀ ਮਲਿਕ, ਵਿਨੇਸ਼ ਫੋਗਾਟ ਅਤੇ ਹੋਰ ਪ੍ਰਬੰਧਕਾਂ ਦੇ ਖ਼ਿਲਾਫ਼ ਦੰਗਾ ਕਰਨ ਅਤੇ ਸਰਕਾਰੀ ਕਰਮਚਾਰੀਆਂ ਦੇ ਕੰਮ ਵਿੱਚ ਰੁਕਾਵਟ ਪਾਉਣ ਲਈ ਐਫਆਈਆਰ ਦਰਜ ਕੀਤੀ ਹੈ।

ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਭਾਜਪਾ ਸਰਕਾਰ ਦਾ ਹੰਕਾਰ ਏਨਾ ਵਧ ਗਿਆ ਹੈ ਕਿ ਉਹ ਔਰਤ ਖਿਡਾਰੀਆਂ ਦੀ ਆਵਾਜ਼ ਨੂੰ ਪੈਰਾਂ ਹੇਠ ਰੋਲ ਰਹੀ ਹੈ। ਪੂਰਾ ਦੇਸ਼ ਸਰਕਾਰ ਦਾ ਹੰਕਾਰ ਅਤੇ ਇਸ ਬੇਇਨਸਾਫ਼ੀ ਨੂੰ ਦੇਖ ਰਿਹਾ ਹੈ। ਰਾਹੁਲ ਗਾਂਧੀ ਨੇ ਟਵੀਟ ਕੀਤਾ ਕਿ ਰਾਜਾਭਿਸ਼ੇਕ ਪੂਰਾ ਹੋਇਆ, ਹੰਕਾਰੀ ਰਾਜਾ ਸੜਕਾਂ ’ਤੇ ਕੁਚਲ ਰਿਹਾ ਲੋਕਾਂ ਦੀ ਆਵਾਜ਼।

ਉਲੰਪਿਕ ਜੇਤੂ ਪਹਿਲਵਾਨ ਸਾਕਸ਼ੀ ਮਲਿਕ ਨੇ ਇਸ ਦਰਦ ਨੂੰ ਆਪਣੇ ਟਵੀਟ ਵਿੱਚ ਇਸ ਤਰ੍ਹਾਂ ਬਿਆਨ ਕੀਤਾ-

ਜਿਨਸੀ ਸ਼ੋਸ਼ਣ ਕਰਨ ਵਾਲਾ ਗੁੰਡਾ ਬ੍ਰਿਜ ਭੂਸ਼ਣ ਅੱਜ ਸੰਸਦ ਵਿੱਚ ਬੈਠਾ ਹੈ ਅਤੇ ਸਾਨੂੰ ਸੜਕ ’ਤੇ ਘਸੀਟਿਆ ਜਾ ਰਿਹਾ ਸੀ। ਇਹ ਭਾਰਤੀ ਖੇਡਾਂ ਲਈ ਉਦਾਸ ਦਿਨ ਹੈ। ਸਾਕਸ਼ੀ ਮਲਿਕ ਨੇ ਲਿਖਿਆ ਸੀ ਕਿ ਉਨ੍ਹਾਂ ਦਾ ਸਾਰਾ ਸਮਾਨ ਜੰਤਰ-ਮੰਤਰ ਤੋਂ ਹਟਾਇਆ ਗਿਆ। ਮਲਿਕ ਨੇ ਕਿਹਾ ਸੀ, ਸਾਰੇ ਪਹਿਲਵਾਨਾਂ ਅਤੇ ਬਜ਼ੁਰਗਾਂ, ਮਾਵਾਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ, ਪੁਲਿਸ ਨੇ ਹੁਣ ਜੰਤਰ-ਮੰਤਰ ’ਤੇ ਸਾਡੇ ਮੋਰਚੇ ਨੂੰ ਉਖਾੜ (ਬਾਕੀ ਸਫ਼ਾ 30 ’ਤੇ)

# ਸਫਾਈ ਕਰਮਚਾਰੀਆਂ ਦੀ ਜ਼ਿੰਦਗੀ ਤੇ ਮੌਤ ਗਟਰ ਵਿੱਚ

## ਦਲਿਤਾਂ ਨੇ ‘ਸਟਾਪ ਕਿਲਿੰਗ ਅੱਸ’ ਨਾਂਅ ਦੀ ਮੁਹਿੰਮ ਚਲਾਈ



ਸੀਵਰ-ਸੈਪਟਿਕ ਟੈਂਕ ਵਿੱਚ ਸਫਾਈ ਦੌਰਾਨ ਹੋ ਰਹੀਆਂ ਮੌਤਾਂ ਖ਼ਿਲਾਫ਼ ਐੱਸ ਕੇ ਏ (ਸਫਾਈ ਕਰਮਚਾਰੀ ਅੰਦੋਲਨ) ਨੇ 11 ਮਈ 2022 ਤੋਂ ‘ਸਟਾਪ ਕਿਲਿੰਗ ਅੱਸ’ ਨਾਂਅ ਦੀ ਮੁਹਿੰਮ ਚਲਾਈ ਹੋਈ ਹੈ, ਜਿਸ ’ਚ ਉਹ ਸੀਵਰ-ਸੈਪਟਿਕ ਟੈਂਕ ਦੀ ਸਫਾਈ ਦੌਰਾਨ ਹੋ ਰਹੀਆਂ ਮੌਤਾਂ ਤੇ ਇਹ ਕੰਮ ਕਰਨ ਵਾਲਿਆਂ ਪ੍ਰਤੀ ਸਰਕਾਰ ਦੀ ਬੇਰੁਖੀ ਨੂੰ ਉਜਾਗਰ ਕਰਦਾ ਆ ਰਿਹਾ ਹੈ। ਮੁਹਿੰਮ ਦੇ ਇਕ ਸਾਲ ਹੋਣ ’ਤੇ ਐੱਸ ਕੇ ਏ ਨੇ ਦੱਸਿਆ ਹੈ ਕਿ ਸਾਲ ਵਿੱਚ ਟੈਂਕਾਂ ਦੀ ਸਫਾਈ ਦੌਰਾਨ 100 ਸਫਾਈ ਸੇਵਕ ਮਾਰੇ ਜਾ ਚੁੱਕੇ ਹਨ, ਗਟਰ ਵਿੱਚ ਸਫਾਈ ਸੇਵਕਾਂ ਦਾ ਮਰਨਾ ਜਾਰੀ ਹੈ, ਪਰ ਸਰਕਾਰਾਂ ਕੋਈ ਠੋਸ ਕਦਮ ਚੁੱਕਣ ਦਾ ਭਰੋਸਾ ਦੇਣ ਲਈ ਤਿਆਰ ਨਹੀਂ। ਦੇਸ਼ ਦਾ ਸੰਵਿਧਾਨ ਹਰ ਨਾਗਰਿਕ ਨੂੰ ਮਾਣ ਨਾਲ ਜ਼ਿੰਦਗੀ ਜਿਊਣ ਦੀ ਗਰੰਟੀ ਦਿੰਦਾ ਹੈ, ਪਰ ਸਫਾਈ ਕਰਮਚਾਰੀ ਸਮਾਜ ਇਸ ਗਰੰਟੀ ਤੋਂ ਵੰਚਿਤ ਰੱਖਿਆ ਜਾ ਰਿਹਾ ਹੈ।

ਸਫਾਈ ਦਾ ਕੰਮ ਜਾਤ ਆਧਾਰਿਤ ਹੈ, ਗਟਰ ਵਿੱਚ ਜਾਨ ਗੁਆਉਣ ਵਾਲੇ ਸਾਰੇ ਭਾਰਤੀ ਨਾਗਰਿਕ ਦਲਿਤ ਸਮਾਜ ਵਿੱਚੋਂ ਆਉਦੇ ਹਨ। ਇਸ ਸਮਾਜ ਨਾਲ ਸੰਸਥਾਗਤ ਬੇਇਨਸਾਫ਼ੀ ਹੋ ਰਹੀ ਹੈ, ਜਿਸ ਕਰਕੇ ਉਹ ਸੜਕਾਂ ’ਤੇ ਉਤਰਨ ਲਈ ਮਜਬੂਰ ਹੈ। ਸੁਪਰੀਮ ਕੋਰਟ ਨੇ ਲੋਕਹਿੱਤ ਪਟੀਸ਼ਨ ’ਤੇ 27 ਮਾਰਚ 2014 ਨੂੰ ਦਿੱਤੇ ਫੈਸਲੇ ਵਿੱਚ ਕਿਹਾ ਸੀ ਕਿ ਕਿਸੇ ਵੀ ਇਨਸਾਨ ਨੂੰ ਹੰਗਾਮੀ ਹਾਲਤ ਵਿੱਚ ਵੀ ਸੀਵਰ-ਸੈਪਟਿਕ ਟੈਂਕ ਵਿੱਚ ਨਹੀਂ ਉਤਾਰਿਆ ਜਾ ਸਕਦਾ। ਫਿਰ ਵੀ ਭਾਰਤ ਵਿੱਚ ਸੁਪਰੀਮ ਕੋਰਟ ਦੇ ਹੁਕਮ ਦੀ ਅਵੱਗਿਆ ਹੋ ਰਹੀ ਹੈ। ਸੰਸਦ ਮੈਲਾ ਪ੍ਰਥਾ ਬੰਦ ਕਰਨ ਵਾਲਾ ਕਾਨੂੰਨ ਬਣਾ ਚੁੱਕੀ ਹੈ, ਜਿਸ ਵਿੱਚ ਸੀਵਰ-ਮਲ ਦੀ ਹੱਥ ਨਾਲ ਸਫਾਈ ’ਤੇ ਰੋਕ ਹੈ, ਫਿਰ ਵੀ ਗਟਰ ਵਿੱਚ ਇਸ ਸਮਾਜ ਦੇ ਲੋਕ ਮਰ ਰਹੇ ਹਨ। ਛੂਤਛਾਤ ਅਧਾਰਤ ਸਿਸਟਮ ਉਨ੍ਹਾਂ ਨੂੰ ਹਾਸ਼ੀਏ ਤੋਂ ਵੀ ਅੱਗੇ ਧੱਕ ਰਿਹਾ ਹੈ। ਐੱਸ ਕੇ ਏ ਦੀ ਮੰਗ ਹੈ ਕਿ ਸੀਵਰ-ਸੈਪਟਿਕ ਟੈਂਕ ਦੀ ਸਫਾਈ ਦੌਰਾਨ ਹੋਣ ਵਾਲੀਆਂ ਮੌਤਾਂ ਲਈ ਪ੍ਰਧਾਨ ਮੰਤਰੀ ਦੇਸ਼ ਤੋਂ ਮੁਆਫੀ ਮੰਗਣ। ਪ੍ਰਧਾਨ ਮੰਤਰੀ ਦੱਸਣ ਕਿ 1993 ਵਿੱਚ ਮੈਲਾ ਪ੍ਰਥਾ ਖਤਮ ਕਰਨ ਵਾਲਾ ਕਾਨੂੰਨ ਬਣਨ ਤੋਂ ਬਾਅਦ ਹੁਣ ਤਕ ਕਿੰਨੇ ਸਫਾਈ ਸੇਵਕ ਜਾਨ ਗੁਆ ਚੁੱਕੇ ਹਨ। ਇਨ੍ਹਾਂ ਮੌਤਾਂ ਲਈ ਸਰਕਾਰੀ ਤੰਤਰ ਦੀ ਜਵਾਬਦੇਹੀ ਤੇ ਜ਼ਿੰਮੇਵਾਰੀ ਤੈਅ ਕੀਤੀ ਜਾਵੇ। (ਬਾਕੀ ਸਫ਼ਾ 30 ’ਤੇ)

# ਭਾਰਤ ਬਣਿਆ ਗ਼ੁਲਾਮਾਂ ਦਾ ਦੇਸ਼ !

## 5 ਕਰੋੜ ਲੋਕ ਹੰਡਾ ਰਹੇ ਨੇ ਗੁਲਾਮਾਂ ਵਾਲਾ ਜੀਵਨ ਬਤੀਤ

### ਆਸਟ੍ਰੇਲੀਆ ਆਧਾਰਿਤ ਅੰਤਰਰਾਸ਼ਟਰੀ ਸੰਸਥਾ ਵਾਕ ਫ੍ਰੀ ਫਾਉਂਡੇਸ਼ਨ ਨੇ ਜਾਰੀ ਕੀਤੀ ਇਕ ਰਿਪੋਰਟ

ਆਸਟ੍ਰੇਲੀਆ ਆਧਾਰਿਤ ਅੰਤਰਰਾਸ਼ਟਰੀ ਸੰਸਥਾ ਵਾਕ ਫ੍ਰੀ ਫਾਉਂਡੇਸ਼ਨ ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਦੁਨੀਆ ਵਿੱਚ ਦੱਸਿਆ ਗਿਆ ਕਿ ਅੱਜ ਵੀ 5 ਕਰੋੜ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਹ ਰਿਪੋਰਟ 172 ਦੇਸ਼ਾਂ ਦੇ ਸਰਵੇ ਤੋਂ ਬਾਅਦ ਤਿਆਰ ਕੀਤੀ ਗਈ ਹੈ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ 5 ਕਰੋੜ ਲੋਕਾਂ ਵਿਚੋਂ ਗੁਲਾਮੀ ਦਾ ਜੀਵਨ ਜਿਊਣ ਵਾਲੇ ਲਗਭਗ ਢਾਈ ਕਰੋੜ ਲੋਕ ਜੀ-20 ਸਮੂਹ ਦੇ ਦੇਸ਼ਾਂ ਵਿੱਚ ਵੀ ਰਹਿ ਰਹੇ ਹਨ। ਇਨ੍ਹਾਂ ਵਿਕਸਿਤ ਦੇਸ਼ਾਂ ਵਿੱਚ ਵੀ ਲੋਕਾਂ ਨੂੰ ਜਬਰੀ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।



ਜੇਕਰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਗੁਲਾਮੀ ਦਾ ਜੀਵਨ ਜਿਊਣ ਵਾਲੇ ਲੋਕਾਂ ਦੇ ਅੰਕੜਿਆਂ ਨੂੰ ਦੇਖੀਏ ਤਾਂ ਸਭ ਤੋਂ ਪਹਿਲੇ ਨੰਬਰ ’ਤੇ ਭਾਰਤ ਹੈ। ਜਿਥੇ ਲਗਭਗ ਇੱਕ ਕਰੋੜ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਬਹੁਤੇ ਦਲਿਤ ਤੇ ਕਿਰਤੀ ਜਮਾਤ ਨਾਲ ਸੰਬੰਧਿਤ ਹਨ। ਘੱਟ ਗਿਣਤੀ ਭਾਈਚਾਰਾ ਖਾਸ ਕਰਕੇ ਸਿੱਖ ਵੱਡੀ ਪੱਧਰ ਉਪਰ ਗੁਲਾਮੀ ਭੋਗ ਰਹੇ ਹਨ।

ਭਾਰਤ ਤੋਂ ਬਾਅਦ ਚੀਨ ਦਾ ਨੰਬਰ ਆਉਂਦਾ ਹੈ, ਜਿਥੇ 58 ਲੱਖ ਲੋਕ ਗੁਲਾਮਾਂ ਵਾਲਾ ਜੀਵਨ ਜੀਅ ਰਹੇ ਹਨ। ਰੂਸ ਵਿਚ 19 ਲੱਖ, ਇੰਡੋਨੇਸ਼ੀਆ ਵਿਚ 18 ਲੱਖ, ਤੁਰਕੀ ਵਿਚ 13 ਲੱਖ ਅਤੇ ਅਮਰੀਕਾ ਵਿਚ 11 ਲੱਖ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਜਿਨ੍ਹਾਂ ਦੇਸ਼ਾਂ ਵਿਚ ਇਸ ਤਰ੍ਹਾਂ ਦੀ ਗੁਲਾਮੀ ਦਾ ਘੱਟ ਪ੍ਰਚਲਣ ਹੈ, ਉਨ੍ਹਾਂ ਵਿੱਚ ਸਵਿਟਜ਼ਰਲੈਂਡ, ਨਾਰਵੇ, ਜਰਮਨੀ, ਨੀਦਰਲੈਂਡਜ਼, ਸਵੀਡਨ, ਡੈਨਮਾਰਕ, ਬੈਲਜੀਅਮ, ਆਇਰਲੈਂਡ, ਜਾਪਾਨ ਅਤੇ ਫਿਨਲੈਂਡ ਆਦਿ ਸ਼ਾਮਿਲ ਹਨ। ਉਂਜ ਇਨ੍ਹਾਂ ਦੇਸ਼ਾਂ ਵਿਚੋਂ ਵੀ ਜ਼ਿਆਦਾਤਰ ਦੇਸ਼ ਜੀ-20 ਸਮੂਹ ਦੇ ਮੈਂਬਰ ਹਨ।

ਰਿਪੋਰਟ ਦੇ ਮੁਤਾਬਿਕ 2021 ਦੇ ਅੰਤ ਤੱਕ 5 ਕਰੋੜ ਲੋਕ ਇਹ ਆਧੁਨਿਕ ਗੁਲਾਮੀ ਝੱਲਣ ਲਈ ਮਜਬੂਰ ਸਨ। ਇਨ੍ਹਾਂ ਵਿਚੋਂ 2.8 ਕਰੋੜ ਲੋਕਾਂ ਤੋਂ ਜਬਰੀ ਮਜ਼ਦੂਰੀ ਕਰਵਾਈ ਜਾ ਰਹੀ ਸੀ ਅਤੇ 2.2 ਕਰੋੜ ਲੋਕਾਂ ਦੇ ਜਬਰੀ ਵਿਆਹ ਕੀਤੇ ਗਏ ਸਨ। 2016 ਤੋਂ ਬਾਅਦ 2021 ਤੱਕ ਅਜਿਹੇ ਲੋਕਾਂ ਦੀ ਗਿਣਤੀ ਵਿਚ ਇਕ ਕਰੋੜ ਲੋਕਾਂ ਦਾ ਹੋਰ ਵਾਧਾ ਹੋਇਆ ਸੀ। ਆਧੁਨਿਕ ਗੁਲਾਮੀ ਹੰਢਾਅ ਰਹੇ ਵੱਡੀ ਗਿਣਤੀ ਵਿੱਚ ਲੋਕ ਉੱਤਰੀ ਕੋਰੀਆ, ਐਰੀਟ੍ਰਿਆ, ਮੌਰੀਟਾਨੀਆ, ਸਾਊਦੀ ਅਰਬ ਅਤੇ ਤੁਰਕੀ ਵਿੱਚ ਰਹਿੰਦੇ ਹਨ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਬਰਤਾਨੀਆ, ਆਸਟ੍ਰੇਲੀਆ, ਨੀਦਰਲੈਂਡਜ਼, ਪੁਰਤਗਾਲ ਤੇ ਅਮਰੀਕਾ ਆਦਿ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਇਸ ਸਮੱਸਿਆ ਦੇ ਹੱਲ ਲਈ ਪ੍ਰਭਾਵੀ ਕਦਮ ਤਾਂ ਚੁੱਕੇ ਜਾ ਰਹੇ ਹਨ, ਪਰ ਅਜਿਹੇ ਲੋਕਾਂ ਦੀਆਂ ਸਥਿਤੀਆਂ ਵਿੱਚ ਅਜੇ ਵੀ ਇਨ੍ਹਾਂ ਦੇਸ਼ਾਂ ਵਿਚ ਬਹੁਤਾ ਸੁਧਾਰ ਨਹੀਂ ਹੋਇਆ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੀ-20 ਸਮੂਹ ਦੇ, ਬਹੁਤੇ ਦੇਸ਼ ਅਜੇ ਵੀ ਓਨੀ ਗੰਭੀਰਤਾ ਨਾਲ ਅਜਿਹੇ ਕਦਮ ਨਹੀਂ ਚੁੱਕ ਰਹੇ, ਜਿਨ੍ਹਾਂ ਨਾਲ ਕਿ ਇਨ੍ਹਾਂ ਦੇਸ਼ਾਂ ਵਿਚ ਆਧੁਨਿਕ ਗੁਲਾਮੀ ਨੂੰ ਪੂਰੀ ਤਰ੍ਹਾਂ ਸਮਾਪਤ ਕੀਤਾ ਜਾ ਸਕੇ।

ਭਾਵੇਂ ਸੰਯੁਕਤ ਰਾਸ਼ਟਰ ਸੰਘ ਦੀਆਂ ਵੱਖ-ਵੱਖ ਏਜੰਸੀਆਂ ਵਲੋਂ ਇਸ ਸੰਬੰਧ ਵਿਚ ਸਮੇਂ-ਸਮੇਂ ’ਤੇ ਆਵਾਜ਼ ਬੁਲੰਦ ਕੀਤੀ ਜਾਂਦੀ ਹੈ ਅਤੇ ਵਾਕ ਫ੍ਰੀ ਫਾਊਂਡੇਸ਼ਨ ਵਰਗੀਆਂ ਸੰਸਥਾਵਾਂ ਵੱਲੋਂ ਵੀ ਰਿਪੋਰਟਾਂ ਜਾਰੀ ਕੀਤੀਆਂ ਜਾਂਦੀਆਂ ਹਨ, ਪਰ ਅਜੇ ਵੀ ਗੁਲਾਮਾਂ ਵਾਲਾ ਜੀਵਨ ਜੀਅ ਰਹੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਵਿੱਚ ਵੱਡੇ ਸੁਧਾਰ ਨਹੀਂ ਹੋਏ। ਪੂਰੇ ਸਿਖ ਜਗਤ ਨੂੰ ਕੌਮਾਂਤਰੀ ਪੱਧਰ ਉਪਰ ਗੁਲਾਮੀ ਦਾ ਵਿਰੋਧ ਕਰਨਾ ਚਾਹੀਦਾ ਹੈ। ਖਾਸ ਕਰਕੇ ਭਾਰਤ ਵਿੱਚ ਦਲਿਤਾਂ , ਮੁਸਲਮਾਨਾਂ ,ਕਿਸਾਨਾਂ ਤੇ ਸਿੱਖਾਂ ਨਾਲ ਵਿਤਕਰੇ ਹੋ ਰਹੇ ਹਨ ਉਸ ਵਿਰੁਧ ਸੋਸ਼ਲ ਮੀਡੀਆ ਤੇ ਸੰਗਤੀ ਪੱਧਰ ਉਪਰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਅਜੀਬੋ ਗ਼ਰੀਬ ਦੁਨੀਆਂ

# ਦੁਨੀਆਂ ਦੇ 7 ਸਭ ਤੋਂ ਅਨੋਖ਼ੇ ਦਰਖ਼ਤ





ਦੁਨੀਆਂ ਵਿੱਚ ਹਜ਼ਾਰਾਂ ਅਤੇ ਲੱਖਾਂ ਕਿਸਮਾਂ ਦੇ ਦਰਖ਼ਤ ਅਤੇ ਪੌਦੇ ਪਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਕੁਝ ਆਪਣੀ ਵਿਸ਼ੇਸ਼ਤਾ ਕਾਰਨ ਪਛਾਣੇ ਜਾਂਦੇ ਹਨ ਅਤੇ ਕੁਝ ਆਪਣੀਆਂ ਅਜੀਬ ਚੀਜ਼ਾਂ ਕਾਰਨ ਜਾਣੇ ਜਾਂਦੇ ਹਨ। ਕੁਝ ਸੁੰਦਰ ਰੁੱਖਾਂ ਅਤੇ ਪੌਦਿਆਂ ਦੇ ਅੰਦਰ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜੋ ਬਹੁਤ ਅਜੀਬ ਹੁੰਦੀਆਂ ਹਨ।

ਦੁਨੀਆਂ ਭਰ 'ਚ ਪਾਏ ਜਾਣ ਵਾਲੇ 7 ਅਜੀਬ ਦਰਖ਼ਤ ਆਪਣੇ ਆਕਾਰ, ਲੰਬਾਈ, ਸੁੰਦਰਤਾ ਅਤੇ ਵਿਸ਼ੇਸ਼ਤਾ ਕਾਰਨ ਪਛਾਣੇ ਜਾਂਦੇ ਹਨ। ਆਪਣੇ ਅਜੀਬੋ-ਗਰੀਬ ਹੋਣ ਕਾਰਨ ਉਹ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ ਅਤੇ ਅਕਸਰ ਸੈਲਾਨੀ ਇਨ੍ਹਾਂ ਨੂੰ ਦੇਖਣ ਆਉਂਦੇ ਰਹਿੰਦੇ ਹਨ। ਜੇਕਰ ਤੁਸੀਂ ਕਦੇ ਵੀ ਇਨ੍ਹਾਂ ਥਾਂਵਾਂ 'ਤੇ ਜਾਣਾ ਹੋਵੇ ਤਾਂ ਇੱਥੇ ਪਾਏ ਜਾਣ ਵਾਲੇ ਇਨ੍ਹਾਂ ਖਾਸ ਰੁੱਖਾਂ ਨੂੰ ਦੇਖਣਾ ਨਾ ਭੁੱਲੋ। ਯਕੀਨਨ ਉਨ੍ਹਾਂ ਦੀ ਖ਼ੂਬਸੂਰਤੀ ਅਤੇ ਖਾਸੀਅਤ ਤੁਹਾਨੂੰ ਹੈਰਾਨ ਕਰ ਦੇਵੇਗੀ।

## ਵਿਸਟੇਰੀਆ ਜਾਪਾਨ

ਵਿਸਟੀਰੀਆ ਜਾਪਾਨ ਵਿੱਚ ਪਾਇਆ ਜਾਣ ਵਾਲਾ ਸਭ ਤੋਂ ਸੁੰਦਰ ਰੁੱਖ ਹੈ, ਜਿਸ ਉੱਤੇ ਬਹੁਤ ਸਾਰੇ ਗੁਲਾਬੀ ਫੁੱਲ ਦਿਖਾਈ ਦਿੰਦੇ ਹਨ। ਇਸ ਦੀਆਂ ਲੰਬੀਆਂ ਵੇਲਾਂ 'ਤੇ ਲਟਕਦੇ ਫੁੱਲਾਂ ਕਾਰਨ ਇਸ ਨੂੰ ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਰੁੱਖ ਕਿਹਾ ਜਾਂਦਾ ਹੈ।



## ਗ੍ਰੇਟ ਸੇਕੋਆ ਟ੍ਰੀ

ਗ੍ਰੇਟ ਸੇਕੋਆ ਧਰਤੀ ਦਾ ਸਭ ਤੋਂ ਉੱਚਾ ਰੁੱਖ ਹੈ ਅਤੇ ਇਹ ਇਹ ਵਿਸ਼ੇਸ਼ਤਾ ਹੈ ਜੋ ਇਸ ਨੂੰ ਵਿਲੱਖਣ ਬਣਾਉਂਦੀ ਹੈ। ਇਹ 275 ਫੁੱਟ ਉੱਚਾ ਦਰਖ਼ਤ ਅੱਜ ਦਾ ਨਹੀਂ ਸਗੋਂ ਬਹੁਤ ਪੁਰਾਣਾ ਹੈ ਅਤੇ ਇਸ ਦੀ ਉਮਰ 2300 ਤੋਂ 2700 ਸਾਲ ਦੱਸੀ ਜਾਂਦੀ ਹੈ।

## ਜਬੂਟੀਕਾਬਾ

ਅਮਰੀਕਾ 'ਚ ਪਾਇਆ ਜਾਣ ਵਾਲਾ ਇਹ ਦਰਖ਼ਤ ਅਜੀਬ ਹੈ ਕਿਉਂਕਿ ਇਸ 'ਚ ਆਉਣ ਵਾਲੇ ਫਲ ਇਸ ਦੀਆਂ ਟਾਹਣੀਆਂ ਦੀ ਬਜਾਏ ਤਣੇ 'ਤੇ ਉੱਗਦੇ ਹਨ। ਇਹ ਅੰਗੂਰ ਵਰਗੀ ਪ੍ਰਜਾਤੀ ਦਾ ਇੱਕ ਫਲ ਹੈ ਜਿਸ ਨੂੰ ਲੋਕ ਖਾਣਾ ਪਸੰਦ ਕਰਦੇ ਹਨ।

## ਬੋਤਲ ਟ੍ਰੀ

ਬੋਤਲ ਦੇ ਆਕਾਰ ਦਾ ਇਹ ਦਰਖ਼ਤ ਆਸਟ੍ਰੇਲੀਆ ਵਿੱਚ ਪਾਇਆ ਜਾਂਦਾ ਹੈ ਅਤੇ ਇਸ ਦੀ ਸ਼ਕਲ ਕਾਰਨ ਇਸ ਨੂੰ ਅਜੀਬ ਅਤੇ ਵਿਲੱਖਣ ਕਿਹਾ ਜਾਂਦਾ ਹੈ। ਜਾਣਕਾਰੀ ਅਨੁਸਾਰ ਇਹ ਇੱਕ ਜ਼ਹਿਰੀਲਾ ਦਰਖ਼ਤ ਹੈ। ਹਾਲਾਂ ਕਿ, ਲੋਕ ਅਕਸਰ ਇਸ ਦੇ ਨਾਲ ਤਸਵੀਰਾਂ ਖਿੱਚਦੇ ਦੇਖੇ ਜਾਂਦੇ ਹਨ।

## ਡਰੈਗਨ ਬਲੱਡ ਟ੍ਰੀ

ਇਹ ਅਨੋਖਾ ਦਰਖ਼ਤ ਯਮਨ ਦੇ ਸੋਕੋਤਰਾ ਵਿੱਚ ਪਾਇਆ ਜਾਂਦਾ ਹੈ ਅਤੇ ਇਸ ਦੀ ਇੱਕ ਵਿਸ਼ੇਸ਼ਤਾ ਦੇ ਕਾਰਨ ਇਸ ਨੂੰ ਡਰੈਗਨ ਬਲੱਡ ਨਾਮ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਇਸ ਦਰਖ਼ਤ 'ਚੋਂ ਖ਼ੂਨ ਵਰਗਾ ਲਾਲ ਤਰਲ ਨਿਕਲਦਾ ਹੈ। ਨਾਲ ਹੀ, ਇਸ ਦੀ ਬਣਤਰ ਵੀ ਬਹੁਤ ਵਿਲੱਖਣ ਹੈ ਜੋ ਇਸ ਨੂੰ ਦੂਜੇ ਰੁੱਖਾਂ ਤੋਂ ਵੱਖਰਾ ਬਣਾਉਂਦੀ ਹੈ।

## ਸਿਲਕ ਕਾਟਨ ਟ੍ਰੀ

ਕੰਬੋਡੀਆ ਵਿੱਚ ਪਾਇਆ ਜਾਣ ਵਾਲਾ ਇਹ ਦਰਖ਼ਤ ਬਹੁਤ ਹੀ ਅਜੀਬ ਹੈ। ਇਹ ਬਹੁਤ ਸੰਘਣਾ ਅਤੇ ਵੱਡਾ ਹੈ ਅਤੇ ਇਹ ਆਪਣੇ ਆਲੇ ਦੁਆਲੇ ਹਰ ਚੀਜ਼ ਨੂੰ ਘੇਰ ਲੈਂਦਾ ਹੈ। ਇਹੀ ਕਾਰਨ ਹੈ ਕਿ ਇਸ ਨੂੰ ਅਜੀਬ ਰੁੱਖ ਕਿਹਾ ਜਾਂਦਾ ਹੈ।



## ਕ੍ਰੂਕਡ ਫਾਰੇਸਟ

ਇਹ ਪੋਲੈਂਡ ਵਿੱਚ ਪਾਈਨ ਦੇ ਰੁੱਖ ਦਾ ਜੰਗਲ ਹੈ। ਹਾਲਾਂ ਕਿ, ਪਾਈਨ ਦੇ ਦਰਖ਼ਤ ਹੋਣਾ ਉਨ੍ਹਾਂ ਦੀ ਵਿਸ਼ੇਸ਼ਤਾ ਨਹੀਂ ਹੈ, ਸਗੋਂ ਉਨ੍ਹਾਂ ਦਾ ਆਕਾਰ ਉਨ੍ਹਾਂ ਨੂੰ ਵਿਸ਼ੇਸ਼ ਬਣਾਉਂਦਾ ਹੈ। ਇਹ ਬਹੁਤ ਹੀ ਵਕਰਦਾਰ ਆਕਾਰ ਦੇ ਰੁੱਖ ਹਨ ਜੋ ਆਉਣ ਵਾਲੇ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ।

# ਭਾਰਤ ਦੇ 5 ਅਨੋਖ਼ੇ ਬਾਜ਼ਾਰ



ਇਹ ਦੁਨੀਆਂ ਅਜੀਬ ਚੀਜ਼ਾਂ ਨਾਲ ਭਰੀ ਹੋਈ ਹੈ, ਪਰ ਜੇਕਰ ਅਸੀਂ ਆਪਣੇ ਭਾਰਤ ਨੂੰ ਦੇਖੀਏ ਤਾਂ ਇੱਥੇ ਵੀ ਅਜੀਬ ਚੀਜ਼ਾਂ ਦੀ ਕੋਈ ਕਮੀ ਨਹੀਂ ਹੈ। ਇਸ ਦੇਸ਼ ਦੇ ਹਰ ਕੋਨੇ ਜਾਂ ਗਲੀ ਵਿੱਚ ਤਰ੍ਹਾਂ-ਤਰ੍ਹਾਂ ਦੇ ਬਾਜ਼ਾਰ ਨਜ਼ਰ ਆਉਣਗੇ। ਲੋਕਾਂ ਦੀ ਜ਼ਰੂਰਤ ਦੇ ਹਿਸਾਬ ਨਾਲ ਹਰ ਸ਼ਹਿਰ, ਗਲੀ, ਪਿੰਡ, ਕਸਬੇ ਜਾਂ ਝੀਲ ਦੇ ਨੇੜੇ ਬਾਜ਼ਾਰ ਉਪਲਬਧ ਹੁੰਦੇ ਹਨ ਪਰ ਅੱਜ ਅਸੀਂ ਤੁਹਾਨੂੰ ਭਾਰਤ ਦੇ 5 ਅਜੀਬ ਬਾਜ਼ਾਰਾਂ ਬਾਰੇ ਦੱਸਾਂਗੇ, ਜਿਨ੍ਹਾਂ ਬਾਰੇ ਜਾਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ।

**1. ਮਨੀਪੁਰ ਦਾ ਇਮਾ ਕੀਥਲ ਬਾਜ਼ਾਰ :** ਮਨੀਪੁਰ ਦਾ ਇਮਾ ਕੀਥਲ ਬਾਜ਼ਾਰ ਬਹੁਤ ਵਧੀਆ ਲੱਗਦਾ ਹੈ। ਇਮਾ ਕੀਥਲ ਦਾ ਮਤਲਬ ਮਾਂ ਦਾ ਬਾਜ਼ਾਰ ਹੈ ਅਤੇ ਇਹ ਦੁਨੀਆਂ ਦੇ ਸਭ ਤੋਂ ਵੱਡੇ ਔਰਤਾਂ ਦੇ ਬਾਜ਼ਾਰਾਂ ਵਿੱਚੋਂ ਇੱਕ ਹੈ। ਇਸ ਮਾਰਕੀਟ ਵਿੱਚ 5 ਹਜ਼ਾਰ ਤੋਂ ਵੱਧ ਦੁਕਾਨਾਂ ਹਨ, ਜਿਨ੍ਹਾਂ ਦੀਆਂ ਦੁਕਾਨਦਾਰ ਸਿਰਫ਼ ਔਰਤਾਂ ਹਨ। ਇਹ ਬਾਜ਼ਾਰ 150 ਸਾਲ ਪੁਰਾਣਾ ਦੱਸਿਆ ਜਾਂਦਾ ਹੈ, ਜੋ ਮਨੀਪੁਰ ਦੀ ਰਾਜਧਾਨੀ ਇੰਫਾਲ ਵਿੱਚ ਸਥਿਤ ਹੈ।

**2. ਆਸਾਮ ਦਾ ਜੋਨਬੀਲ ਬਾਜ਼ਾਰ:** ਬਹੁਤ ਘੱਟ ਬਾਜ਼ਾਰ ਹਨ ਜਿੱਥੇ ਬਾਰਟਰ ਸਿਸਟਮ ਅਜੇ ਵੀ ਜਿਉਂਦਾ ਰੱਖਿਆ ਗਿਆ ਹੈ। ਉਨ੍ਹਾਂ ਵਿੱਚੋਂ ਇੱਕ ਜੌਨਬੀਲ ਬਾਜ਼ਾਰ ਹੈ। ਇਹ ਬਾਜ਼ਾਰ ਹਫ਼ਤੇ ਵਿੱਚ ਸਿਰਫ਼ ਤਿੰਨ ਦਿਨ ਖੁੱਲ੍ਹਦਾ ਹੈ। 15ਵੀਂ ਸਦੀ ਵਿੱਚ ਸ਼ੁਰੂ ਹੋਇਆ ਇਹ ਬਾਜ਼ਾਰ ਇਸ ਖੇਤਰ ਦੇ ਵੱਖ-ਵੱਖ ਕਬੀਲਿਆਂ ਵਿੱਚ ਏਕਤਾ ਲਿਆਉਣ ਲਈ ਬਹੁਤ ਚੱਲਦਾ ਹੈ।

**3. ਕਸ਼ਮੀਰ ਦਾ ਫਲੋਟਿੰਗ ਮਾਰਕੀਟ:** ਭਾਰਤ ਵਿੱਚ ਫਲੋਟਿੰਗ ਮਾਰਕੀਟ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਇਹ ਕਸ਼ਮੀਰ ਵਿੱਚ ਡਲ ਝੀਲ ਉੱਤੇ ਇੱਕ ਫਲੋਟਿੰਗ ਮਾਰਕੀਟ ਹੈ ਜੋ ਦੋ ਸਦੀਆਂ ਪੁਰਾਣਾ ਦੱਸਿਆ ਜਾਂਦਾ ਹੈ। ਇਹ ਬਾਜ਼ਾਰ ਹਰ ਰੋਜ਼ ਸਵੇਰੇ 5 ਵਜੇ ਤੋਂ ਸਵੇਰੇ 7 ਵਜੇ ਤੱਕ ਖੁੱਲ੍ਹਦਾ ਹੈ ਜਿੱਥੇ ਹਰ ਤਰ੍ਹਾਂ ਦੀਆਂ ਸਬਜ਼ੀਆਂ ਅਤੇ ਫਲ ਵੇਚੇ ਜਾਂਦੇ ਹਨ।

**4. ਉੱਤਰ ਪ੍ਰਦੇਸ਼ ਦਾ ਅਤਰ ਬਾਜ਼ਾਰ :** ਕਨੌਜ, ਉੱਤਰ ਪ੍ਰਦੇਸ਼ ਵਿੱਚ ਅਤਰ ਬਾਜ਼ਾਰ 650 ਤੋਂ ਵੱਧ ਅਤਰ ਵੇਚਦਾ ਹੈ ਅਰਥਾਤ ਅਤਰ ਜਾਂ ਇਤਰ। ਕਨੌਜ ਅਤੇ ਇਸ ਦਾ ਬਾਜ਼ਾਰ ਹਰਸ਼ਵਰਧਨ ਦੇ ਸਮੇਂ ਤੋਂ ਮਸ਼ਹੂਰ ਹੈ ਅਤੇ ਇਹ ਬਾਜ਼ਾਰ ਏਸ਼ੀਆ ਵਿੱਚ ਮਸ਼ਹੂਰ ਹੈ।

**5. ਬਿਹਾਰ ਦਾ ਸੋਨਪੁਰ ਬਾਜ਼ਾਰ :** ਇਸ ਨੂੰ ਏਸ਼ੀਆ ਦਾ ਸਭ ਤੋਂ ਵੱਡਾ ਪਸ਼ੂ ਬਾਜ਼ਾਰ ਕਿਹਾ ਜਾਂਦਾ ਹੈ ਅਤੇ

(ਬਾਕੀ ਸਫ਼ਾ 31 'ਤੇ)


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਅੰਤਰਰਾਸ਼ਟਰੀ ਝਰੋਖਾ

## ਕੈਨੇਡਾ: ਸਸਕੈਚਵਨ ਸੂਬੇ 'ਚ ਸਿੱਖਾਂ ਨੂੰ ਵਿਸ਼ੇਸ਼ ਮੌਕਿਆਂ 'ਤੇ ਬਿਨਾਂ ਹੈਲਮਟ ਮੋਟਰਸਾਈਕਲ ਚਲਾਉਣ ਦੀ ਪ੍ਰਵਾਨਗੀ



ਟੋਰਾਂਟੋ/ਏ.ਟੀ.ਨਿਊਜ਼ : ਸਰਕਾਰ ਨੇ ਕੈਨੇਡਾ ਦੇ ਸਸਕੈਚਵਨ ਸੂਬੇ ਵਿੱਚ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਨਗਰ ਕੀਰਤਨ ਤੇ ਰੈਲੀਆਂ ਸਣੇ ਹੋਰਨਾਂ ਵਿਸ਼ੇਸ਼ ਮੌਕਿਆਂ 'ਤੇ ਹੈਲਮਟ ਪਾਉਣ ਤੋਂ ਆਰਜ਼ੀ ਛੋਟ ਦਿੱਤੀ ਹੈ। ਸਰਕਾਰ ਨੇ ਇਹ ਫੈਸਲਾ ਅਜਿਹੇ ਮੌਕੇ ਲਿਆ ਹੈ ਜਦੋਂ ਬ੍ਰਿਟਿਸ਼ ਕੋਲੰਬੀਆ ਅਧਾਰਿਤ 'ਲੀਜੈਂਡਰੀ ਸਿੱਖ ਰਾਈਡਰਜ਼' ਨਾਂ ਦੇ ਮੋਟਰਸਾਈਕਲ ਗਰੁੱਪ ਨੇ ਸੂਬਾ ਸਰਕਾਰ ਅੱਗੇ ਤਜਵੀਜ਼ ਰੱਖੀ ਸੀ ਕਿ ਉਨ੍ਹਾਂ ਨੂੰ ਲੋਕ ਭਲਾਈ ਦੇ ਕੰਮਾਂ ਲਈ ਫੰਡ ਇਕੱਤਰ ਕਰਨ ਖਾਤਿਰ ਪੂਰੇ ਕੈਨੇਡਾ ਵਿੱਚ ਮੋਟਰਸਾਈਕਲ ਰੈਲੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ। ਚੇਤੇ ਰਹੇ ਕਿ ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਮੈਨੀਟੋਬਾ ਤੇ ਓਂਟਾਰੀਓ ਸੂਬਿਆਂ ਵਿਚ ਧਾਰਮਿਕ ਕਾਰਨਾਂ ਕਰਕੇ ਜਿੱਥੇ ਪੱਗੜੀਧਾਰੀ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਮੌਕੇ ਹੈਲਮਟ ਪਾਉਣ ਤੋਂ ਮੁਕੰਮਲ ਛੋਟ ਹੈ, ਉਥੇ ਸਸਕੈਚਵਨ ਵਿੱਚ ਸੜਕਾਂ 'ਤੇ ਮੋਟਰਸਾਈਕਲ ਚਲਾਉਣ ਮੌਕੇ ਸਾਰਿਆਂ ਲਈ ਹੈਲਮਟ ਪਾਉਣਾ ਲਾਜ਼ਮੀ ਹੈ। ਸਬੰਧਤ ਮੰਤਰੀ ਡੌਨ ਮੌਰਗਨ ਨੇ ਕਿਹਾ, "ਮੋਟਰਸਾਈਕਲ ਸਵਾਰਾਂ ਦੀ ਸੁਰੱਖਿਆ ਲਈ ਹੈਲਮਟ ਲਾਜ਼ਮੀ ਹੈ।"

ਸਸਕੈਚਵਨ ਸਰਕਾਰ ਵੱਲੋਂ ਜਾਰੀ ਰਿਲੀਜ਼ ਮੁਤਾਬਕ ਵਹੀਕਲ ਇਕੁਇਪਮੈਂਟ ਰੈਗੂਲੇਸ਼ਨਜ਼ ਵਿੱਚ ਕੀਤੀ ਸੋਧ ਆਰਜ਼ੀ ਹੈ ਤੇ ਇਹ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਬਿਨਾਂ ਹੈਲਮਟ ਵਹੀਕਲ ਚਲਾਉਣ ਦੀ ਮੁਕੰਮਲ ਛੋਟ ਨਹੀਂ ਦਿੰਦੀ। ਮੌਰਗਨ ਨੇ ਕਿਹਾ ਕਿ ਮੋਟਰਸਾਈਕਲ ਹੈਲਮਟ ਕਾਨੂੰਨ ਵਿੱਚ ਮੁਕੰਮਲ ਛੋਟ ਦੇਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ ਹੈ ਤੇ ਸਾਡੀ ਸਰਕਾਰ ਇਸ ਨੂੰ ਆਰਜ਼ੀ ਵਿਵਸਥਾ ਵਜੋਂ ਵੇਖਦੀ ਹੈ। ਮੰਤਰੀ ਨੇ ਕਿਹਾ ਕਿ ਛੋਟ ਬਾਰੇ ਸਸਕੈਚਵਾਨ ਗਵਰਨਮੈਂਟ ਇੰਸ਼ੋਰੈਂਸ (ਐੱਸਜੀਆਈ) ਵੱਲੋਂ ਲੋੜੀਂਦੀ ਪ੍ਰਵਾਨਗੀ ਦਿੱਤੀ ਜਾਵੇਗੀ ਤੇ ਇਹ ਛੋਟ ਸਿਰਫ ਸਿੱਖ ਭਾਈਚਾਰੇ ਦੇ ਪੱਗੜੀਦਾਰੀ ਮੈਂਬਰਾਂ ਨੂੰ ਮਿਲੇਗੀ, ਜੋ ਆਪਣੇ ਧਾਰਮਿਕ ਅਕੀਦੇ ਕਰਕੇ ਹੈਲਮਟ ਨਹੀਂ ਪਾ ਸਕਦੇ। ਲਰਨਿੰਗ ਲਾਇਸੈਂਸ ਵਾਲੇ ਮੁਸਾਫ਼ਰਾਂ ਜਾਂ ਸਵਾਰਾਂ ਨੂੰ ਇਸ ਛੋਟ ਦਾ ਲਾਭ ਨਹੀਂ ਮਿਲੇਗਾ।

## ਬਿਲ ਗੇਟਸ ਦੀ ਪ੍ਰੇਮਿਕਾ ਰਹਿ ਚੁਕੀ ਕੁੜੀ ਉੱਪਰ ਲੱਗ ਰਹੇ ਨੇ, ਜਾਸੂਸੀ ਦੇ ਦੋਸ਼



ਵਾਸ਼ਿੰਗਟਨ/ਏ.ਟੀ.ਨਿਊਜ਼: ਬਿਲ ਗੇਟਸ, ਮਾਈਕ੍ਰੋਸਾਫਟ ਕੰਪਨੀ ਦੇ ਸੰਸਥਾਪਕ, ਜੋ ਇੱਕ ਸਫਲ ਵਪਾਰੀ ਅਤੇ ਅਰਬਪਤੀ ਹਨ। ਉਹ ਹੁਣ ਆਪਣੀ ਸਾਬਕਾ ਪ੍ਰੇਮਿਕਾ ਕਾਰਨ ਕਾਫੀ ਚਰਚਾ ਵਿੱਚ ਹਨ। ਬਿਲ ਗੇਟਸ ਦਾ ਕਿਸੇ ਸਮੇਂ ਰਹੀ ਰੂਸੀ ਲੜਕੀ ਮਿਲਾ ਐਂਟੋਨੋਵਾ ਨਾਲ 2009-10 ਦੌਰਾਨ ਪ੍ਰੇਮ ਸੰਬੰਧ ਸਨ। ਮਿਲਾ ਇੱਕ ਰੂਸੀ ਬ੍ਰਿਜ ਖਿਡਾਰੀ ਹੈ।

ਜਦੋਂ ਮਿਲਾ ਐਂਟੋਨੋਵਾ 20 ਸਾਲਾਂ ਦੀ ਸੀ, ਉਸ ਦਾ ਬਿਲ ਗੇਟਸ ਨਾਲ ਪ੍ਰੇਮ ਸੰਬੰਧ ਸਨ। 2010 ਦੇ ਇੱਕ ਵੀਡੀਓ ਵਿੱਚ, ਮਿਲਾ ਐਂਟੋਨੋਵਾ ਨੇ ਖੁਦ ਕਥਿਤ ਤੌਰ 'ਤੇ ਕਬੂਲ ਕੀਤਾ ਸੀ ਕਿ ਉਹ 2009 ਦੇ ਅਖੀਰ ਵਿੱਚ ਵਾਸ਼ਿੰਗਟਨ ਡੀਸੀ ਵਿੱਚ ਇੱਕ ਬ੍ਰਿਜ ਟੂਰਨਾਮੈਂਟ ਦੌਰਾਨ ਬਿਲ ਗੇਟਸ ਨੂੰ ਮਿਲੀ ਸੀ। ।ਡੇਲੀ ਮੇਲ ਯੂਕੇ ਵਿੱਚ ਛਪੀ ਖਬਰ ਮੁਤਾਬਕ ਰੂਸ ਨੇ ਐਂਟੋਨੋਵਾ ਰਾਹੀਂ ਜਾਸੂਸੀ ਕੀਤੀ। ਡੇਲੀਮੇਲ ਨੇ ਦੱਸਿਆ ਕਿ ਐਂਟੋਨੋਵਾ ਇੱਕ ਰੂਸੀ ਜਾਸੂਸ ਦੇ ਸੰਪਰਕ ਵਿੱਚ ਸੀ। ਇਸ ਜਾਸੂਸ ਦਾ ਦੋਸਤ ਚੈਪਮੈਨ ਸੀ। ਐਂਟੋਨੋਵਾ ਅਤੇ ਜੈਸਸ ਚੈਪਮੈਨ ਦੀ ਤਸਵੀਰ ਸਾਹਮਣੇ ਆਈ ਹੈ ਜਿਸ ਤੋਂ ਬਾਅਦ ਜਾਸੂਸੀ ਦਾ ਮਾਮਲਾ ਸਾਹਮਣੇ ਆਇਆ ਹੈ।

ਐਨ ਚੈਪਮੈਨ ਨੂੰ 2010 ਦੌਰਾਨ ਨਿਊਯਾਰਕ, ਅਮਰੀਕਾ ਵਿੱਚ ਜਾਸੂਸੀ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਕਿਹਾ ਜਾ ਰਿਹਾ ਹੈ ਕਿ ਐਂਟੋਨੋਵਾ ਦੇ ਖਿਲਾਫ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਇਹ ਖਬਰ ਸਾਹਮਣੇ ਆਉਂਦੇ ਹੀ ਅਮਰੀਕੀ ਉਦਯੋਗਪਤੀ ਬਿਲ ਗੇਟਸ ਵੀ ਸੁਰਖੀਆਂ ਵਿੱਚ ਆ ਗਏ ਹਨ। ਦੱਸ ਦੇਈਏ ਕਿ ਬਿਲ ਗੇਟਸ ਦਾ ਜਨਮ 28 ਅਕਤੂਬਰ 1955 ਨੂੰ ਵਾਸ਼ਿੰਗਟਨ ਵਿੱਚ ਹੋਇਆ ਸੀ। ਇੱਕ ਮੱਧ ਵਰਗੀ ਪਰਿਵਾਰ ਵਿੱਚ ਪੈਦਾ ਹੋਏ ਬਿਲ ਗੇਟਸ ਨੇ ਮਾਈਕ੍ਰੋਸਾਫਟ ਨਾਂ ਦੀ ਕੰਪਨੀ ਖੋਲ੍ਹੀ ਹੈ।

## ਸਿੰਧੀ ਮੰਦਰ ਦੇ ਪ੍ਰਬੰਧਕਾਂ ਨੇ ਸਿੱਖਾਂ 'ਤੇ ਕੇਸ ਦਰਜ ਕਰਵਾਇਆ

**ਮਾਮਲਾ ਬੇਅਦਬੀ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਜਾਉਣ ਦਾ**

ਲੰਡਨ/ਏ.ਟੀ.ਨਿਊਜ਼: ਲੰਡਨ ਦੇ ਇੱਕ ਸਿੰਧੀ ਮੰਦਰ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਜਾਉਣ ਦੇ ਸਬੰਧ ਵਿੱਚ ਕੁਝ ਸਿੱਖਾਂ 'ਤੇ ਕੇਸ ਦਰਜ ਕਰਨ ਨੂੰ ਲੈ ਕੇ ਸਿੱਖ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਬੀਤੇ ਦਿਨੀਂ ਫ਼ੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਵੱਲੋਂ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਕੀਤੀ ਇੱਕ ਪ੍ਰੈਸ ਕਾਨਫ਼ਰੰਸ ਵਿੱਚ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਜਗਵਿੰਦਰ ਸਿੰਘ, ਭਾਈ ਤਰਸੇਮ ਸਿੰਘ ਦਿਉਲ, ਭਾਈ ਗੁਰਦੇਵ ਸਿੰਘ ਚੌਹਾਨ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਸਰਬਜੀਤ ਸਿੰਘ, ਭਾਈ ਕੁਲਦੀਪ ਸਿੰਘ ਦਿਉਲ, ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਜਗਦੀਪ ਸਿੰਘ , ਭਾਈ ਦੁਪਿੰਦਰਜੀਤ ਸਿੰਘ, ਭਾਈ ਜਗਜੀਤ ਸਿੰਘ ਨੇ ਹਿੱਸਾ ਲਿਆ ਅਤੇ ਉਨ੍ਹਾਂ ਦੱਸਿਆ ਕਿ ਸਿੰਧੀ ਮੰਦਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੇਜ਼ 'ਤੇ ਰੱਖ ਕੇ ਕੁਰਸੀ 'ਤੇ ਬੈਠ ਕੇ ਪਾਠ ਕੀਤਾ ਜਾਂਦਾ ਹੈ ਅਤੇ ਕੁਰਸੀਆਂ 'ਤੇ ਬੈਠ ਕੇ ਹੀ ਸੁਣਿਆ ਜਾਂਦਾ ਹੈ । ਇਸ ਤੋਂ ਇਲਾਵਾ

(ਬਾਕੀ ਸਫ਼ਾ 31 'ਤੇ)

## ਹੁਣ ਲੈਬ 'ਚ ਪੈਦਾ ਹੋਣਗੇ ਬੱਚੇ : ਵਿਗਿਆਨੀ



ਟੋਕੀਉ/ਏ.ਟੀ.ਨਿਊਜ਼ : ਜਾਪਾਨ ਦੇ ਵਿਗਿਆਨੀਆਂ ਦਾ ਦਾਅਵਾ ਹੈ ਕਿ ਸਿਰਫ਼ 5 ਸਾਲ ਦੇ ਅੰਦਰ ਲੈਬ ਵਿੱਚ ਮਨੁੱਖੀ ਬੱਚਿਆਂ ਨੂੰ ਜਨਮ ਦੇਣਾ ਸੰਭਵ ਹੋਵੇਗਾ। ਵਿਗਿਆਨੀਆਂ ਨੇ ਸ਼ੁਕਰਾਣੂ ਅਤੇ ਅੰਡੇ ਬਣਾਏ ਹਨ। ਇਨ੍ਹਾਂ ਤੋਂ, ਭਰੂਣ ਬਣਾਏ ਜਾਣਗੇ, ਜਿਨ੍ਹਾਂ ਨੂੰ ਬਾਅਦ ਵਿੱਚ ਇੱਕ ਆਰਟੀਫੀਸ਼ਲ ਕੁੱਖ ਵਿੱਚ ਵਿਕਸਿਤ ਕੀਤਾ ਜਾਵੇਗਾ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਕਿਊਸ਼ੂ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਕਾਤਸੁਹਿਕੋ ਹਯਾਸ਼ੀ ਨੇ ਕਿਹਾ ਕਿ ਅਸੀਂ ਬਹੁਤ ਨੇੜੇ ਹਾਂ ਅਤੇ ਜਲਦੀ ਹੀ ਪੂਰੀ ਦੁਨੀਆ ਵਿੱਚ ਇਸ ਦਾ ਐਲਾਨ ਕਰਨ ਜਾ ਰਹੇ ਹਾਂ। ਪ੍ਰੋਫ਼ੈਸਰ ਹਯਾਸ਼ੀ ਨੇ ਇਹ ਪ੍ਰਯੋਗ ਕੁਝ ਸਾਲ ਪਹਿਲਾਂ ਚੂਹਿਆਂ 'ਤੇ ਕੀਤਾ ਸੀ ਅਤੇ ਸਫਲ ਰਿਹਾ ਸੀ। ਮਾਪੇ ਜੋ ਵੀ ਜੀਨ ਚਾਹੁੰਦੇ ਹਨ, ਉਸੇ ਤਰ੍ਹਾਂ ਦੇ ਜੀਨ ਪਾਏ ਜਾਣਗੇ। ਜਿਨ੍ਹਾਂ ਗੁਣਾਂ ਨਾਲ ਉਹ ਪੈਦਾ ਕਰਨਾ ਚਾਹੁੰਦੇ ਹਨ, ਉਹੀ ਗੁਣ ਬੱਚੇ ਵਿੱਚ ਪੈਦਾ ਹੋਣਗੇ। ਡਾਕਟਰ ਹਯਾਸ਼ੀ ਅਤੇ ਉਨ੍ਹਾਂ ਦੀ ਟੀਮ ਨੇ ਹਾਲ ਹੀ ਵਿੱਚ ਸੱਤ ਚੂਹੇ ਪੈਦਾ ਕੀਤੇ ਸਨ। ਇਸ ਵਿੱਚ ਨਰ ਚੂਹੇ ਦੀ ਚਮੜੀ ਦੇ ਸੈੱਲਾਂ ਦੀ ਵਰਤੋਂ ਕਰਕੇ ਇੱਕ ਅੰਡਾ ਤਿਆਰ ਕੀਤਾ ਗਿਆ ਹੈ। ਬਾਅਦ ਵਿੱਚ ਇਸ ਨੂੰ ਦੁਬਾਰਾ ਫਰਟੀਲਾਇਜ਼ ਕਰਾਇਆ ਗਿਆ। ਪ੍ਰਯੋਗਸ਼ਾਲਾ ਵਿੱਚ ਮਨੁੱਖੀ ਸ਼ੁਕਰਾਣੂ ਅਤੇ ਅੰਡੇ ਬਣਾਉਣ ਦੀ ਇਸ ਪ੍ਰਕਿਰਿਆ ਨੂੰ ਇਨ ਵਿਟਰੋ ਗੇਮਟੋਜੇਨੇਸਿਸ ਕਿਹਾ ਜਾਂਦਾ ਹੈ। ਇਸ ਵਿੱਚ, ਇੱਕ ਵਿਅਕਤੀ ਦੇ ਖੂਨ ਜਾਂ ਚਮੜੀ ਤੋਂ ਸੈੱਲ ਲੈ ਕੇ ਇੱਕ ਸੈੱਲ ਬਣਾਇਆ ਜਾਂਦਾ ਹੈ, ਫਿਰ ਉਸ ਦੀ ਪ੍ਰੋਗ੍ਰਾਮਿੰਗ ਕੀਤੀ ਜਾਂਦੀ ਹੈ। ਸਾਦੇ ਸ਼ਬਦਾਂ ਵਿੱਚ ਅਜਿਹੇ ਸੈੱਲ ਸ਼ੁਕਰਾਣੂ ਸੈੱਲ ਜਾਂ ਅੰਡੇ ਸੈੱਲ ਸਮੇਤ ਕੋਈ ਵੀ ਸੈੱਲ ਬਣਾ ਸਕਦੇ ਹਨ। ਇਨ੍ਹਾਂ ਦੀ ਵਰਤੋਂ ਭਰੂਣ ਬਣਾਉਣ ਲਈ ਕੀਤੀ ਜਾ ਸਕਦੀ ਹੈ ਅਤੇ ਨਕਲੀ ਕੁੱਖ ਵਿੱਚ ਵੀ ਪਾਲਿਆ ਜਾ ਸਕਦਾ ਹੈ। ਇੱਥੋਂ ਹੀ ਵਿਗਿਆਨੀਆਂ ਨੂੰ ਮਨੁੱਖੀ ਬੱਚੇ ਨੂੰ ਤਿਆਰ ਕਰਨ ਦਾ ਵਿਚਾਰ ਆਇਆ। ਵਿਗਿਆਨੀਆਂ ਦਾ ਦਾਅਵਾ ਹੈ ਕਿ ਉਹ ਮਨੁੱਖੀ ਅੰਡੇ ਅਤੇ ਸ਼ੁਕਰਾਣੂ ਬਣਾਉਣ ਦੇ ਯੋਗ ਹਨ, ਪਰ ਭਰੂਣ ਨੂੰ ਤਿਆਰ ਕਰਨ ਵਿੱਚ ਕੁਝ ਸਮਾਂ ਲੱਗ ਰਿਹਾ ਹੈ।

## ਅਮਰੀਕਾ ਲਈ ਵੱਡੀ ਚੁਣੌਤੀ ਬਣਿਆ ਨਸ਼ਾ, ਲੋਕ ਬਣ ਰਹੇ ਹਨ ਜ਼ੌਬੀ

### ਫਿਲਡੇਲਫਿਯਾ ਦੀਆਂ ਸੜਕਾਂ 'ਤੇ 'ਟਰੈਂਕ' ਮਹਾਂਮਾਰੀ ਦਾ ਪ੍ਰਕੋਪ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਭਰ ਤੋਂ ਸਾਹਮਣੇ ਆ ਰਹੇ ਨਸ਼ੇੜੀਆਂ ਦੀ ਇੱਕ ਵੀਡੀਓ ਨੇ ਫਿਲਾਡੇਲਫੀਆ ਦੀਆਂ ਸੜਕਾਂ 'ਤੇ ਟਰੈਂਕ ਮਹਾਂਮਾਰੀ ਦੇ ਕਾਰਨ ਵੱਡੇ ਪੱਧਰ ਉਪਰ ਸ਼ਿਕਾਰ ਲੋਕਾਂ ਦਾ ਖੁਲਾਸਾ ਕੀਤਾ ਹੈ। ਇਸ ਡਰੱਗ ਨੂੰ ਟ੍ਰੈਂਕ ਜਾਂ ਟ੍ਰੈਂਕ ਡੋਪ ਅਤੇ ਜ਼ੌਂਬੀ ਡਰੱਗ ਵਰਗੇ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜਿਸ ਕਾਰਨ ਇਸ ਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਚਮੜੀ ਸੜ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਗਈ ਇਸ ਵੀਡੀਓ ਵਿੱਚ ਕੇਨਸਿੰਗਟਨ ਦੀਆਂ ਸੜਕਾਂ 'ਤੇ ਜੌਂਬੀ ਵਰਗੇ ਲੋਕ ਦੇਖੇ ਜਾ ਸਕਦੇ ਹਨ। ਕੇਨਸਿੰਗਟਨ ਸ਼ਹਿਰ ਉਪਰ ਡਰੱਗ ਸੰਕਟ ਦਾ ਵੱਡਾ ਖੱਤਰਾ ਮੰਡਰਾਇਆ ਹੋਇਆ ਹੈ। ਇਸ ਕਲਿੱਪ ਨੂੰ ਇੱਕ ਯੂਜ਼ਰ ਨੇ ਪਹਿਲਾਂ ਟਿਕਟਾਕ ਅਤੇ ਫਿਰ ਟਵਿਟਰ 'ਤੇ ਸ਼ੇਅਰ ਕੀਤਾ ਹੈ।

ਇਸ ਵੀਡੀਓ ਵਿੱਚ ਦਰਸਾਇਆ ਹੈ ਕਿ ਅਮਰੀਕਾ ਦੇ ਲੋਕ ਜ਼ਾਈਲਾਜ਼ੀਨ ਡਰੱਗ ਜਾਂ 'ਟਰੈਂਕ' ਡਰੱਗ ਦੀ ਜ਼ਿਆਦਾ ਵਰਤੋਂ ਕਾਰਨ ਗੰਭੀਰ ਕਿਸਮ ਦੇ ਖਤਰਨਾਕ ਸਿਹਤ ਸੰਕਟ ਵਿੱਚ ਫਸ ਚੁੱਕੇ ਹਨ। ਟਾਈਮ ਮੈਗਜ਼ੀਨ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਜ਼ਾਈਲਾਜ਼ੀਨ ਦੀ ਵਰਤੋਂ ਜਾਨਵਰਾਂ ਨੂੰ ਬੇਹੋਸ਼ ਕਰਨ ਲਈ ਕੀਤੀ ਜਾਂਦੀ ਹੈ। ਹਾਲਾਂ ਕਿ ਬਹੁਤ ਸਾਰੇ ਲੋਕ ਹੁਣ ਇਸ ਨੂੰ ਹੈਰੋਇਨ ਵਰਗੇ ਨਸ਼ਿਆਂ ਲਈ ਸਿੰਥੈਟਿਕ ਕਟਿੰਗ ਏਜੰਟ ਵਜੋਂ ਵਰਤ ਰਹੇ ਹਨ।

ਮੀਡੀਆ ਰਿਪੋਰਟ ਵਿੱਚ ਦੱਸਿਆ ਗਿਆ ਕਿ ਜ਼ਾਈਲਾਜ਼ੀਨ ਨਾਮ ਦੀ ਇਹ ਦਵਾਈ ਸਭ ਤੋਂ ਪਹਿਲਾਂ ਫਿਲਾਡੇਲਫੀਆ ਵਿੱਚ ਫੜੀ ਗਈ ਸੀ, ਜਿਸ ਤੋਂ ਬਾਅਦ ਸੈਨ ਫਰਾਂਸਿਸਕੋ ਅਤੇ ਲਾਸ ਏਂਜਲਸ ਤੋਂ ਹੁੰਦੇ ਹੋਏ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਇਸ ਦੀ ਖਪਤ ਵਧਣ ਲੱਗੀ। ਟਰੈਂਕ ਨੂੰ ਜ਼ੌਂਬੀ ਡਰੱਗ ਵੀ ਕਿਹਾ ਜਾਂਦਾ ਹੈ। ਰਿਪੋਰਟਾਂ ਦੇ ਅਨੁਸਾਰ, ਇਸ ਨੂੰ ਸ਼ੁਰੂਆਤ ਵਿੱਚ ਜਾਨਵਰਾਂ ਦੇ ਇਲਾਜ ਵਿੱਚ ਵਰਤਣ ਲਈ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫਡੀਏ) ਵਲੋਂ ਮਨਜ਼ੂਰੀ ਦਿੱਤੀ ਗਈ ਸੀ। ਪਰ ਹੌਲੀ-ਹੌਲੀ ਲੋਕਾਂ ਵਲੋਂ ਇਸ ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾਣ ਲੱਗਾ। ਆਦੀ ਲੋਕਾਂ ਨੂੰ ਸਿਗਰਟ ਪੀਂਦੇ, ਡਰੱਗ ਸੁੰਘਦੇ, ਟੀਕੇ ਲਗਾਉਂਦੇ,ਡਰਗ, ਨਿਗਲਦੇ ਦੇਖੇ ਜਾ ਸਕਦੇ ਹਨ। ਕੁਝ ਲੋਕਾਂ ਨੂੰ ਆਪਣੇ ਪੈਰਾਂ ਦੀਆਂ ਉਂਗਲਾਂ ਦੇ ਵਿਚਕਾਰ ਟੀਕਾ ਲਗਾਉਂਦੇਵੀ ਦੇਖਿਆ ਗਿਆ ਹੈ।

**ਅਮਰੀਕਾ ਲਈ 'ਉਭਰਦਾ ਖਤਰਾ'**

ਇਹ ਡਰੱਗ ਇੰਨੀ ਖਤਰਨਾਕ ਹੈ ਕਿ ਵ੍ਹਾਈਟ ਹਾਊਸ ਨੇ ਹਾਲ ਹੀ ਵਿੱਚ ਇਸ ਨੂੰ 'ਉਭਰਦਾ ਖਤਰਾ' ਐਲਾਨਿਆ ਹੈ। ਪਿਛਲੇ ਮਹੀਨੇ ਇੱਕ ਬਿਆਨ ਵਿੱਚ, ਫਿਲਡੇਲ? ਫਿਯਾ ਦੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਨਸ਼ੇ ਦੀ ਮਹਾਂਮਾਰੀ ਨੇ ਸ਼ਹਿਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਿਊਯਾਰਕ ਪੋਸਟ ਦੇ ਅਨੁਸਾਰ, ਫਿਲਾਡੇਲ? ਫਿਯਾ ਡਿਪਾਰਟਮੈਂਟ ਆਫ ਹੈਲਥ ਅਤੇ ਬੋਰਡ ਆਫ ਹੈਲਥ ਨੇ ਕਿਹਾ ਕਿ ਫਿਲਾਡੇਲਫੀਆ ਵਿਚ ਜ਼ਾਈਲਾਜ਼ੀਨ(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

31 ਮਈ ਤੋਂ 6 ਜੂਨ, 2023

## ਇਨਸਾਫ਼ ਲਈ ਭਲਵਾਨਾਂ ਦਾ ਸੰਘਰਸ਼

ਪਿਛਲੇ ਕਰੀਬ ਚਾਰ ਮਹੀਨਿਆਂ ਤੋਂ ਇਸ ਮੁਲਕ ਲਈ ਕਈ ਤਗਮੇ ਜਿੱਤਣ ਵਾਲੇ ਸਾਰੇ ਵੱਡੇ ਭਲਵਾਨ ਭਾਰਤੀ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਖਿਡਾਰਨਾਂ ’ਤੇ ਜਿਨਸੀ ਸ਼ੋਸ਼ਣ ਵਰਗੇ ਗੰਭੀਰ ਦੋਸ਼ਾਂ ਨੂੰ ਲੈ ਕੇ ਇਨਸਾਫ ਲਈ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਹਰ ਤਰ੍ਹਾਂ ਦਾ ਇਨਸਾਫ ਪਸੰਦ ਵਿਅਕਤੀ/ਸੰਸਥਾ ਇਹਨਾਂ ਭਲਵਾਨਾਂ ਦੇ ਹੱਕ ਵਿੱਚ ਆ ਰਿਹਾ ਹੈ। ਪਿਛਲੇ ਕਰੀਬ ਮਹੀਨੇ ਦੇ ਵੱਧ ਸਮੇਂ ਤੋਂ ਉਹ ਜੰਤਰ-ਮੰਤਰ ’ਤੇ ਇਨਸਾਫ਼ ਲਈ ਧਰਨੇ ’ਤੇ ਬੈਠੇ ਸਨ ਜਿਨ੍ਹਾਂ ਦਾ ਧਰਨਾ ਲੰਘੇ ਦਿਨੀਂ ਜਬਰੀ ਚੁਕਵਾ ਦਿੱਤਾ ਗਿਆ ਹੈ। ਇਨਸਾਫ਼ ਦੇਣ ਦੀ ਬਜਾਇ ਕੇਂਦਰ ਸਰਕਾਰ ਉਨ੍ਹਾਂ ’ਤੇ ਤਸ਼ੱਦਦ ਦੇ ਰਾਹ ਪੈ ਗਈ ਹੈ। ਇਹ ਸਭ ਇਸ ਲੋਕਤਾਂਤਰਿਕ ਮੁਲਕ ਵਿੱਚ ਉਸ ਦਿਨ ਵਾਪਰਿਆ ਜਿਸ ਇਤਿਹਾਸਕ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ। 28 ਮਈ ਨੂੰ ਉਨ੍ਹਾਂ ਦੇ ਤੰਬੂ ਪੁਲਿਸ ਨੇ ਪੱਟ ਦਿੱਤੇ ਅਤੇ ਭਲਵਾਨਾਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਪੁਲਿਸ ਨੇ ਜਬਰੀ ਹਿਰਾਸਤ ਵਿੱਚ ਵੀ ਲਿਆ, ਇਨ੍ਹਾਂ ਭਲਵਾਨਾਂ ਨੂੰ ਹਾਲਾਂਕਿ ਮਗਰੋਂ ਛੱਡ ਦਿੱਤਾ ਗਿਆ, ਪਰ ਦਿੱਲੀ ਪੁਲਿਸ ਨੇ ਐਤਵਾਰ ਦੇਰ ਰਾਤ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਸਣੇ ਹੋਰਨਾਂ ਪ੍ਰਦਰਸ਼ਨਕਾਰੀਆਂ ਖਿਲਾਫ਼ ਦੰਗੇ ਤੇ ਸਰਕਾਰੀ ਮੁਲਾਜ਼ਮਾਂ ਦੀ ਡਿਊਟੀ ’ਚ ਵਿਘਨ ਪਾਉਣ ਨਾਲ ਸਬੰਧਿਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਹ ਸਭ ਉਦੋਂ ਵਾਪਰਿਆ ਜਦੋਂ ਐਤਵਾਰ ਨੂੰ ਪ੍ਰਦਰਸ਼ਨਕਾਰੀ ਭਲਵਾਨ ਅਤੇ ਉਹਨਾਂ ਦੇ ਸਮਰਥਕ ਨਵੀਂ ਸੰਸਦ ਵੱਲ ਵਧ ਰਹੇ ਸਨ। ਕੀ ਇਹ ਸਭ ਕਰਕੇ ਸਰਕਾਰ ਇਹ ਸੰਕੇਤ ਨਹੀਂ ਰਹੀ ਕਿ ਉਹ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਰਨ ਸਿੰਘ, ਜਿਸ ਉੱਤੇ ਜਿਣਸੀ ਸ਼ੋਸ਼ਣ ਦੇ ਦੋਸ਼ ਹਨ, ਉਸ ਦੇ ਨਾਲ ਖੜ੍ਹੀ ਹੈ ਅਤੇ ਧਰਨਾਕਾਰੀਆਂ ਨੂੰ ਨਜਿੱਠਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ? ਜਿਕਰਯੋਗ ਹੈ ਕਿ ਜਿਣਸੀ ਸ਼ੋਸ਼ਣ ਦੀਆਂ ਪੀੜਤ ਅਤੇ ਸ਼ਿਕਾਇਤ ਕਰਨ ਵਾਲੀਆਂ ਕੁੜੀਆਂ ਵਿੱਚ ਇੱਕ ਬਾਲਗ ਨਹੀਂ ਹੈ। ਇਨ੍ਹਾਂ ਦੀ ਸ਼ਿਕਾਇਤ ’ਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਕੇਸ ਦਰਜ ਹੋਇਆ ਹੈ। ਵਿਰੋਧ ਕਰ ਰਹੇ ਭਲਵਾਨਾਂ ਨੇ ਬ੍ਰਿਜ ਭੂਸ਼ਣ ਸਰਨ ਸਿੰਘ ਦੇ ਅਪਰਾਧਿਕ ਰਿਕਾਰਡ ਦਾ ਪੋਸਟਰ ਵੀ ਜਾਰੀ ਕੀਤਾ ਹੈ, ਜਿਸ ਵਿੱਚ ਉਸ ਖਿਲਾਫ 38 ਧਾਰਾਵਾਂ ਵਿਚ ਦਰਜ ਕੇਸਾਂ ਦਾ ਜ਼ਿਕਰ ਕੀਤਾ ਗਿਆ ਹੈ।

ਉੱਤਰ ਪ੍ਰਦੇਸ਼ ਦੇ ਕੈਸਰਗੰਜ ਤੋਂ ਬੀਜੇਪੀ ਸੰਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ 2011 ਤੋਂ ਡਬਲਯੂਐਫਆਈ ਦੇ ਪ੍ਰਧਾਨ ਹਨ। ਬ੍ਰਿਜ ਭੂਸ਼ਣ ਸ਼ਰਨ ਸਿੰਘ ਗੋਂਡਾ, ਕੈਸਰਗੰਜ ਅਤੇ ਬਲਰਾਮਪੁਰ ਦੇ ਹਲਕਿਆਂ ਦੀ ਨੁਮਾਇੰਦਗੀ ਕਰਦਿਆਂ ਛੇ ਵਾਰ ਸੰਸਦ ਮੈਂਬਰ ਰਹੇ ਹਨ। 1980 ਦੇ ਦਹਾਕੇ ਵਿੱਚ ਵਿਦਿਆਰਥੀ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਹ ਆਪਣੀ ਜਵਾਨੀ ਵਿੱਚ ਇੱਕ ਭਲਵਾਨ ਸਨ। ਅਯੁੱਧਿਆ ਵਿੱਚ ਰਾਮ ਮੰਦਿਰ ਅੰਦੋਲਨ ਦੇ ਦੌਰਾਨ ਪ੍ਰਸਿੱਧੀ ਮਿਲਣੀ ਸ਼ੁਰੂ ਹੋਈ। ਉਨ੍ਹਾਂ ਨੇ ਪਹਿਲੀ ਵਾਰ 1991 ਵਿੱਚ 10ਵੀਂ ਲੋਕ ਸਭਾ ਲਈ ਚੋਣ ਲੜੀ ਸੀ। ਉਹ ਪੰਜ ਵਾਰ 1999, 2004, 2009, 2014 ਅਤੇ 2019 ਲੋਕ ਸਭਾ ਲਈ ਦੁਬਾਰਾ ਚੁਣੇ ਗਏ। ਸਮਾਜਵਾਦੀ ਪਾਰਟੀ ਦੇ ਨਾਲ ਆਪਣੇ ਸੰਖੇਪ ਕਾਰਜਕਾਲ ਦੌਰਾਨ ਉਨ੍ਹਾਂ ਨੇ ਜਿੱਤੇ ਹਾਸਿਲ ਕੀਤੀ। ਉਹ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸੀ ਅਤੇ 2014 ਅਤੇ 2019 ਵਿੱਚ ਲੋਕ ਸਭਾ ਲਈ ਚੁਣੇ ਗਏ। ਬ੍ਰਿਜਭੂਸ਼ਣ ਸ਼ਰਨ ਸਿੰਘ ਬਾਬਰੀ ਮਸਜਿਦ ਢਾਹੁਣ ਦੇ ਮਾਮਲੇ ਵਿਚ ਦੋਸ਼ੀ ਸਨ, ਪਰ ਬਾਅਦ ਵਿੱਚ ਅਦਾਲਤ ਨੇ ਬਰੀ ਕਰ ਦਿੱਤਾ ਸੀ। ਬ੍ਰਿਜ ਭੂਸ਼ਣ ਖਿਲਾਫ ਪਿਛਲੇ ਕੁਝ ਸਾਲਾਂ ’ਚ ਕਈ ਗੰਭੀਰ ਮਾਮਲੇ ਦਰਜ ਕੀਤੇ ਗਏ ਸਨ ਜਿਨ੍ਹਾਂ ਵਿੱਚ ਕਤਲ ਤੋਂ ਲੈ ਕੇ ਅੰਡਰਵਰਲਡ ਲਿੰਕਸ, ਗੁੰਡਾ ਐਕਟ, ਗੈਂਗਸਟਰ ਐਕਟ ਤੱਕ ਦੀਆਂ ਧਾਰਾਵਾਂ ਸ਼ਾਮਲ ਸਨ। ਇਨ੍ਹਾਂ ਵਿੱਚੋਂ ਕੁਝ ਮਾਮਲਿਆਂ ਵਿੱਚ ਉਹ ਬਰੀ ਹੋ ਚੁੱਕੇ ਹਨ।

28 ਮਈ ਦੇ ਤਸ਼ੱਦਦ ਤੋਂ ਬਾਅਦ ਭਲਵਾਨਾਂ ਨੇ ਕੇਂਦਰ ਸਰਕਾਰ ਤੋਂ ਨਿਰਾਸ਼ ਹੋ ਕੇ ਹਰਿਦੁਆਰ ਵਿਖੇ ਗੰਗਾ ’ਚ ਆਪਣੇ ਸਾਰੇ ਕੌਮਾਂਤਰੀ ਤੇ ਓਲੰਪਿਕ ਤਗਮਿਆਂ ਨੂੰ ਸੁੱਟਣ ਦਾ ਐਲਾਨ ਕੀਤਾ। ਭਲਵਾਨਾਂ ਨੇ ਕਿਹਾ ਕਿ ਤਗਮੇ ਉਨ੍ਹਾਂ ਦੀ ਜਾਨ ਤੇ ਆਤਮਾ ਹਨ ਤੇ ਇਨ੍ਹਾਂ ਤੋਂ ਬਗੈਰ ਜ਼ਿੰਦਗੀ ਕੁੱਝ ਵੀ ਨਹੀਂ। ਇਸ ਲਈ ਤਗਮੇ ਗੰਗਾ ਵਿੱਚ ਸੁੱਟਣ ਬਾਅਦ ਉਹ ਇੰਡੀਆ ਗੇਟ ’ਤੇ ਮਰਨ ਵਰਤ ’ਤੇ ਬੈਠਣਗੇ ਤੇ ਉਥੇ ਹੀ ਆਪਣੇ ਪ੍ਰਾਣ ਤਿਆਗ ਦੇਣਗੇ। ਜ਼ਿਕਰਯੋਗ ਹੈ ਕਿ ਭਲਵਾਨਾਂ ਨੇ ਇਹ ਵੀ ਕਿਹਾ ਕਿ ਇਸ ਮੁਲਕ ਦੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਤੋਂ ਸਾਨੂੰ ਇਨਸਾਫ ਨਹੀਂ ਮਿਲਿਆ ਜਿਸ ਕਰਕੇ ਅਸੀਂ ਇਹ ਤਗਮੇ ਉਹਨਾਂ ਨੂੰ ਵਾਪਸ ਕਰਨ ਦੀ ਥਾਂ ਗੰਗਾ ਵਿੱਚ ਸੁੱਟਣਾ ਠੀਕ ਸਮਝਦੇ ਹਾਂ। ਇਹ ਗੱਲ ਆਪਣੇ ਆਪ ਵਿੱਚ ਬਹੁਤ ਮਾਇਨੇ ਰੱਖਦੀ ਹੈ। ਫਿਲਹਾਲ ਭਲਵਾਨਾਂ ਨੂੰ ਤਗਮੇ ਗੰਗਾ ਵਿੱਚ ਸੁੱਟਣ ਤੋਂ ਰੋਕ ਲਿਆ ਗਿਆ।

ਜੇਕਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਭਲਵਾਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਤਤਪਰ ਹੁੰਦੀ ਤਾਂ ਐਤਵਾਰ ਵਾਲੀ ਮੰਦੀ ਘਟਨਾ ਨਾ ਵਾਪਰਦੀ। ਜੇਕਰ ਜਾਣੀਆਂ ਪਛਾਣੀਆਂ ਖਿਡਾਰਨਾਂ ਦੀ ਗੱਲ ਇਸ ਮੁਲਕ ਵਿੱਚ ਨਹੀਂ ਸੁਣੀ ਜਾ ਰਹੀ ਤਾਂ ਆਮ ਔਰਤਾਂ ਲਈ ਆਪਣੀ ਗੱਲ ਸੁਣਾਉਣੀ ਕਿੰਨੀ ਮੁਸ਼ਕਿਲ ਹੋਵੇਗੀ ? ਕੀ ਇਹ ਮੁਲਕ ਵਿੱਚ ਲੋਕਤੰਤਰ ਦਾ ਕੋਈ ਕਿਣਕਾ ਬਚਿਆ ਹੈ ? ਲੋਕਤੰਤਰ ਕਹਾਉਂਦੇਇਸ ਮੁਲਕ ਵਿੱਚ ਲਗਾਤਾਰ ਆਮ ਲੋਕ ਸਰਕਾਰ ਦੇ ਤੰਤਰ ਦਾ ਸ਼ਿਕਾਰ ਹੋ ਰਹੇ ਹਨ। ਇਸ ਮੁਲਕ ਦੀ ਬੇਇਨਸਾਫੀ ਖਿਲਾਫ ਵੇਲੇ ਵੇਲੇ ਬਹੁਤ ਵਰਗਾਂ ਨੇ ਸੰਘਰਸ਼ ਕੀਤਾ ਹੈ ਅਤੇ ਅਜੇ ਵੀ ਕਰ ਰਹੇ ਹਨ ਪਰ ਉਹਨਾਂ ਨੂੰ ਇਹ ਕਹਿ ਕੇ ਵੱਖਰਾ ਕਰ ਦਿੱਤਾ ਜਾਂਦਾ ਰਿਹਾ ਕਿ ਇਹ ਇਸ ਮੁਲਕ ਨੂੰ ਤੋੜਨਾ ਚਾਹੁੰਦੇ ਹਨ ਪਰ ਹੁਣ ਤਾਂ ਇਸ ਮੁਲਕ ਤੋਂ ਇਨਸਾਫ ਲਈ ਉਹਨਾਂ ਲੋਕਾਂ ਨੂੰ ਵੀ ਸੰਘਰਸ਼ ਕਰਨਾ ਪੈ ਰਿਹਾ ਹੈ ਜਿਨ੍ਹਾਂ ਨੇ ਇਸ ਮੁਲਕ ਲਈ ਤਗਮੇ ਜਿੱਤੇ ਹਨ।

ਇਸ ਸਭ ਤੋਂ ਸਾਰੇ ਹੀ ਇਨਸਾਫ ਪਸੰਦਾਂ ਨੂੰ ਸਮਝਣਾ ਚਾਹੀਦਾ ਹੈ ਕਿ ਕਿਸੇ ਦੀ ਵੀ ਵਾਰੀ ਕਦੋਂ ਵੀ ਆ ਸਕਦੀ ਹੈ, ਸਾਨੂੰ ਇੱਕ ਦੂਸਰੇ ਦੀ ਆਵਾਜ਼ ਬਣਨ ਅਤੇ ਨਾਲ ਖੜ੍ਹਨ ਦੇ ਅਮਲ ਵਿਚ ਪੈਣਾ ਚਾਹੀਦਾ ਹੈ। ਨਵਾਜ਼ ਦੇਵਬੰਦੀ ਦੇ ਮਸ਼ਹੂਰ ਸ਼ੇਅਰ ਨੂੰ ਮਹਿਸੂਸ ਕਰਨਾ ਚਾਹੀਦਾ ਹੈ ‘ ਜਲਤੇ ਗਰ ਕੋ ਦੇਖਨੇ ਵਾਲੋਂ ਫੂਸ ਕਾ ਛੱਪਰ ਆਪ ਕਾ ਹੈ, ਆਗ ਕੇ ਪੀਛੇ ਤੇਜ ਹਵਾ ਹੈ ਆਗੇ ਮੁਕੱਦਰ ਆਪ ਕਾ ਹੈ, ਉਸ ਕੇ ਕਤਲ ਪੇ ਮੈਂ ਬੀ ਚੁਪ ਥਾ ਮੇਰਾ ਨੰਬਰ ਅਬ ਆਯਾ, ਮੇਰੇ ਕਤਲ ਪੇ ਆਪ ਬੀ ਚੁਪ ਹੈਂ ਅਗਲਾ ਨੰਬਰ ਆਪ ਕਾ ਹੈ। ’

# 2024 : ‘ਜਿੱਤ’ ਕੇ ਅੰਤ ਨੂੰ ‘ਹਾਰ’ ਨਾ ਜਾਣ ਭਾਜਪਾ ਵਿਰੋਧੀ ਪਾਰਟੀਆਂ

### ਵਿਰੋਧੀ ਧਿਰ ਵੱਲੋਂ 2024 ’ਚ ਭਾਜਪਾ ਦੇ ਖ਼ਿਲਾਫ਼ ਆਖ਼ਰੀ ਜੰਗ ਜਿੱਤਣੀ ਲਾਜ਼ਮੀ

ਨਿਤਿਨ ਚਕਰਵਰਤੀ



ਅਗਲੇ ਸਾਲ (2024) ਦੇ ਅਪ੍ਰੈਲ-ਮਈ ਮਹੀਨਿਆਂ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਜਿਸ ਤੋਂ ਠੀਕ ਪਹਿਲਾਂ ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਨੇ ਪਾਰਟੀ ਅਤੇ ਉਸ ਦੇ ਨੇਤਾਵਾਂ, ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਅਤੇ ਰਾਹੁਲ ਗਾਂਧੀ ਦਾ ਉਤਸ਼ਾਹ ਵਧਾਇਆ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਲਈ, ਅਜਿਹੀ ਜਿੱਤ ਦੀ ਸਖ਼ਤ ਜ਼ਰੂਰਤ ਸੀ ਤਾਂ ਕਿ ਉਹ ਆਪਣੀ ਸ਼ਾਖ਼ ਫਿਰ ਤੋਂ ਸਥਾਪਿਤ ਕਰ ਦਿਖਾਏ ਕਿ ਉਹ ਆਪਣੇ ਦਮ ’ਤੇ ਵੱਡੇ ਰਾਜਾਂ ਵਿਚੋਂ ਇਕ ਵਿੱਚ ਭਾਜਪਾ ਨੂੰ ਹਰਾ ਸਕਦੀ ਹੈ।

2019 ਦੀਆਂ ਸੰਸਦੀ ਚੋਣਾਂ ਤੋਂ ਬਾਅਦ ਕਾਂਗਰਸ ਹਿਮਾਚਲ ਨੂੰ ਛੱਡ ਕੇ ਸਾਰੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤਰ੍ਹਾਂ ਕਰਨਾਟਕ ਵਿੱਚ ਉਸ ਨੂੰ ਮਿਲੀ ਵੱਡੀ ਜਿੱਤ ਨੂੰ ਮਹਿਜ ਉਨ੍ਹਾਂ ਦਾ ਆਤਮ ਵਿਸ਼ਵਾਸ ਵਧਾਉਣ ਤੋਂ ਕਿਤੇ ਜ਼ਿਆਦਾ ਮੰਨਿਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜ ਰਾਜਾਂ ਵਿੱਚ ਕਾਂਗਰਸ ਅਤੇ ਭਾਜਪਾ ਵਿਚਾਲੇ ਚੋਣਾਂਵੀ ਦੰਗਲ ਹੋਵੇਗਾ, ਜਿਸ ਦੀ ਪ੍ਰਕਿਰਤੀ ਵੀ ਉਨ੍ਹਾਂ ਦਾ ਭਵਿੱਖ ਨਿਰਧਾਰਤ ਕਰਨ ਜਿਹੀ ਹੋਵੇਗੀ, ਪਰ ਉਨ੍ਹਾਂ ’ਚ ਕੀ ਹੋਵੇਗਾ, ਇਹ ਵੇਖਣ ਵਾਲੀ ਗੱਲ ਹੋਵੇਗੀ ?

ਕਾਂਗਰਸ ਨੂੰ ਕਰਨਾਟਕ ਵਿੱਚ ਬੁਰੀ ਤਰ੍ਹਾਂ ਹਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਹੋਵੇਗਾ, ਜਿਨ੍ਹਾਂ ਵਿੱਚ ਸੰਕਟ ਨੂੰ ਮੌਕੇ ’ਚ ਬਦਲਣ ਦੀ ਬੇਮਿਸਾਲ ਸਮਰੱਥਾ ਹੈ। ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਟੀਮ ਭਾਜਪਾ ਦੀ ਹਾਰ ਤੋਂ ਸਾਰੇ ਸਹੀ ਸਬਕ ਲਵੇਗੀ ਅਤੇ ਜਿੱਤਣ ਦੀ ਰਣਨੀਤੀ ਨੂੰ ਫਿਰ ਤੋਂ ਤਿਆਰ ਕਰੇਗੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਅਤੇ ਅਖੀਰ ਵਿੱਚ 2024 ਵਿੱਚ ਲੋਕ ਸਭਾ ਚੋਣਾਂ ਦੋਵਾਂ ਦੇ ਮਾਮਲੇ ਵਿੱਚ। ਨਰਿੰਦਰ ਮੋਦੀ ਇੱਕ ਬੜੇ ਮਜ਼ਬੂਤ ਰਾਜਨੀਤਕ ਲੜਾਕੂ ਹਨ ਅਤੇ ਉਨ੍ਹਾਂ ਕੋਲ ਆਰ.ਐਸ.ਐਸ. ਦੀ ਸੰਗਠਨਾਤਮਕ ਸ਼ਕਤੀ ਵੀ ਹੈ ਅਤੇ ਉਸ ਨੂੰ ਗਤੀ ਦੇਣ ਲਈ ਵਿਸ਼ਾਲ ਵਿੱਤੀ ਸਾਧਨ ਵੀ। ਫਿਰ ਮਈ 2024 ਦੀਆਂ ਚੋਣਾਂ ਤੋਂ ਬਾਅਦ ਵਿਰੋਧੀਆਂ ਨੂੰ ਦਿੱਲੀ ਦੀ ਗੱਦੀ ਤੋਂ ਦੂਰ ਰੱਖਣ ਲਈ ਮੋਦੀ ਅਤੇ ਭਾਜਪਾ ਦੇ ਰਾਜਨੀਤਕ ਯੁੱਧ ਨੂੰ ਅੰਜਾਮ ਦੇਣ ਵਾਲਾ ‘ਵਾਰ ਰੂਮ’ ਕਿਸੇ ਵੀ ਹੱਦ ਤੱਕ ਜਾਵੇਗਾ, ਇਸ ਵਿਚ ਕੋਈ ਸ਼ੱਕ ਨਹੀਂ।

ਕਾਂਗਰਸ ਲਈ ਜਸ਼ਨ ਮਨਾਉਣ ਲਈ ਬਹੁਤ ਘੱਟ ਸਮਾਂ ਬਚਿਆ ਹੈ। ਸਾਲ ਦੇ ਅਖੀਰ ਤੱਕ ਮੱਧ ਪ੍ਰਦੇਸ਼ ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਵਿੱਚ ਰਾਜ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ। ਫਿਰ 2024 ਵਿੱਚ ਆਂਧਰਾ ਪ੍ਰਦੇਸ਼, ਓਡੀਸ਼ਾ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜੋ ਸੰਭਾਵਿਤ ਲੋਕ ਸਭਾ ਚੋਣਾਂ ਦੇ ਨਾਲ ਹੀ ਹੋਣਗੀਆਂ।

ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਭਾਜਪਾ ਸਾਹਮਣੇ ਮੁੱਖ ਪਾਰਟੀ ਕਾਂਗਰਸ ਹੈ। 2018 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਿੰਨਾਂ ਰਾਜਾਂ ਨੂੰ ਸ਼ੁਰੂ ਵਿੱਚ ਕਾਂਗਰਸ ਨੇ ਜਿੱਤਿਆ ਸੀ। ਕਮਲਨਾਥ ਦੇ ਮੁੱਖ ਮੰਤਰੀ ਬਣਨ ਅਤੇ ਰਾਜ ਸਰਕਾਰ ਦੇ ਗਠਨ ਦੇ ਕੁਝ ਮਹੀਨਿਆਂ ਉਪਰੰਤ ਦਲਬਦਲੀ ਤੋਂ ਬਾਅਦ ਹੁਣ ਮੱਧ ਪ੍ਰਦੇਸ਼ ’ਚ ਭਾਜਪਾ ਦਾ ਸ਼ਾਸਨ ਹੈ। ਪਰ ਤਿੰਨਾਂ ਰਾਜਾਂ ਵਿੱਚ ਕਾਂਗਰਸ ਦੀ ਤਾਕਤ ਹਾਲ ਦੀਆਂ ਗ੍ਰਾਮੀਣ ਚੋਣਾਂ ਵਿੱਚ ਸਫਲਤਾ ਦੇ ਮਾਧਿਅਮ ਨਾਲ ਸਥਾਪਿਤ ਹੋਈ ਹੈ। ਤਿੰਨਾਂ ਰਾਜਾਂ ਵਿੱਚ ਜਿੱਤ ਯਕੀਨੀ ਬਣਾਉਣ ਲਈ ਪਾਰਟੀ ਨੂੰ ਆਪਣੇ ਸਾਰੇ ਸੰਗਠਾਨਤਮਕ ਸਾਧਨਾਂ ਨੂੰ ਜੁਟਾਉਣਾ ਹੋਵੇਗਾ। ਇਨ੍ਹਾਂ ਚੋਣਾਂ ਵਿੱਚ ਜਿੱਤ ਭਾਜਪਾ ਦੇ ਖ਼ਿਲਾਫ਼ ਵਿਰੋਧੀ ਖੇਮੇ ਵਿੱਚ ਵਿਰੋਧੀ ਧਿਰਾਂ ਦੀ ਅਗਵਾਈ ਲਈ ਕਾਂਗਰਸ ਦੀ ਥਾਂ ਯਕੀਨੀ ਬਣਾਏਗੀ, ਉਹ ਵੀ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ।ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਕਹਿਣ ’ਤੇ ਪਟਨਾ ਜਾਂ ਦਿੱਲੀ ’ਚ ਜਲਦ ਹੀ ਵਿਰੋਧੀ ਪਾਰਟੀਆਂ ਦੀ ਬੈਠਕ ਹੋਣ ਦੀ ਸੰਭਾਵਨਾ ਹੈ ਤਾਂ ਕਿ ਏਕਤਾ ਦੇ ਆਕਾਰ ’ਤੇ ਚਰਚਾ ਕੀਤੀ ਜਾ ਸਕੇ ਅਤੇ ਭਾਜਪਾ ਵਿਰੋਧੀ ਵੋਟਾਂ ਵਿੱਚ ਕਿਸੇ ਵੀ ਵੰਡ ਨੂੰ ਰੋਕਣ ਲਈ ਪਾਰਟੀਆਂ ਵਿਚਕਾਰ ਜ਼ਿਆਦਾ ਸਮਝ ਸਥਾਪਿਤ ਕੀਤੀ ਜਾ ਸਕੇ। ਇਹ ਸ਼ੁਰੂ ਤੋਂ ਹੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਸਮਝ ਲਈ ਕੋਈ ਸਮਾਨ ਸੂਤਰ ਨਹੀਂ ਹੋ ਸਕਦਾ। ਹਰੇਕ ਸੂਬੇ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ ਅਤੇ ਕੋਈ ਵੀ ਰਾਜਨੀਤਕ ਦਲ ਏਕਤਾ ਦੇ ਹਿੱਤ ਵਿੱਚ ਆਪਣੇ ਸ਼ਕਤੀ ਆਧਾਰ ਦੀ ਅਣਦੇਖੀ ਨਹੀਂ ਕਰਨਾ ਚਾਹੇਗਾ।ਇਸ ਲਈ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਹਰੇਕ ਸੂਬੇ ਵਿੱਚ ਸਭ ਤੋਂ ਮਜ਼ਬੂਤ ਭਾਜਪਾ ਵਿਰੋਧੀ ਦਲ ਨੂੰ ਗੱਠਜੋੜ ਦੀ ਪ੍ਰਕਿਰਤੀ ਤੈਅ ਕਰਨ ਵਿੱਚ ਮੁੱਖ ਭੂਮਿਕਾ ਦਿੱਤੀ ਜਾਵੇ। ਅਜੇ ਚਾਰ ਸੂਬਿਆਂ ਬਿਹਾਰ, ਝਾਰਖੰਡ, ਤਾਮਿਲਨਾਡੂ ਅਤੇ ਮਹਾਰਾਸ਼ਟਰ ’ਚ ਸਰਗਰਮ ਵਿਰੋਧੀ ਗੱਠਜੋੜ ਹੈ। ਪਹਿਲੇ ਤਿੰਨਾਂ ਵਿੱਚ ਉਸ ਦੀਆਂ ਸੱਤਾਧਾਰੀ ਸਰਕਾਰਾਂ ਹਨ। ਇਹ ਗੱਠਜੋੜ ਸੰਬੰਧਿਤ ਰਾਜਾਂ ਵਿੱਚ ਭਾਜਪਾ ਨੂੰ ਟੱਕਰ ਦੇਣ ਲਈ ਕਾਫ਼ੀ ਹੈ। ਜ਼ਰੂਰਤ ਪੈਣ ’ਤੇ ਹੋਰ ਭਾਜਪਾ ਵਿਰੋਧੀ ਪਾਰਟੀਆਂ ਨੂੰ ਸ਼ਾਮਿਲ ਕਰਕੇ ਇਸ ਦਾ ਵਿਸਥਾਰ ਕੀਤਾ ਜਾ ਸਕਦਾ ਹੈ।

**ਭਾਜਪਾ ਵਿਰੋਧੀ ਪਾਰਟੀਆਂ ਵੱਲੋਂ ਸਾਂਝਾ ਮੋਰਚਾ ਬਣਾਉਣ ਦੀ ਕਵਾਇਦ ਲੰਬੇ ਸਮੇਂ ਤੋਂ ਚੱਲ ਰਹੀ ਹੈ, ਹੋ ਸਕਦਾ ਹੈ ਕਿ ਵਿਰੋਧੀ ਪਾਰਟੀਆਂ ਆਪਸੀ ਏਕਤਾ ਕਰਕੇ ਸਾਲ 2024 ਦੀਆਂ ਚੋਣਾਂ ਜਿੱਤ ਜਾਣ ਪਰ ਇਹਨਾਂ ਵਿਰੋਧੀ ਪਾਰਟੀਆਂ ਨੂੰ ਇਸ ਗੱਲ ਦਾ ਵੀ ਪੂਰਾ ਧਿਆਨ ਰਖਣਾ ਪਵੇਗਾ ਕਿ ਸਾਲ 2024 ਦੀਆਂ ਲੋਕ ਸਭਾ ਚੋਣਾਂ ‘ਜਿੱਤਣ’ ਤੋਂ ਬਾਅਦ ਵੀ ਉਹ ‘ਹਾਰ’ ਨਾ ਜਾਣ। ਕਹਿਣ ਦਾ ਭਾਵ ਇਹ ਹੈ ਕਿ ਜੇ ਆਪਸੀ ਏਕੇ ਨਾਲ ਭਾਜਪਾ ਵਿਰੋਧੀ ਪਾਰਟੀਆਂ ਸਾਲ 2024 ਦੀਆਂ ਲੋਕ ਸਭਾ ਚੋਣਾਂ ਜਿੱਤ ਜਾਂਦੀਆਂ ਹਨ ਤਾਂ ਉਹਨਾਂ ਅੱਗੇ ਆਪਣੇ ਸਾਂਝੇ ਮੋਰਚੇ ਨੂੰ ਕਾਇਮ ਰੱਖਣਾ ਅਤੇ ਸਾਂਝੀ ਸਰਕਾਰ ਬਣਾਉਣਾ ਵੱਡੀ ਚੁਣੌਤੀ ਹੋਵੇਗਾ ਕਿਉਂਕਿ ਭਾਜਪਾ ਵੱਲੋਂ ਇਸ ਮੋਰਚੇ ਨੂੰ ਤੋੜਨ ਅਤੇ ਮੋਰਚੇ ਵਿੱਚ ਸ਼ਾਮਲ ਪਾਰਟੀਆਂ ’ਚ ਸੰਨ੍ਹ ਲਗਾ ਕੇ ਆਪਣੀ ਸਰਕਾਰ ਮੁੜ ਬਣਾਉਣ ਦੇ ਪੂਰੇ ਯਤਨ ਕੀਤੇ ਜਾਣਗੇ। ਇਸ ਲਈ ਭਾਜਪਾ ਵਿਰੁੱਧ ਸਾਂਝਾ ਮੋਰਚਾ ਬਣਾਉਣ ਜਾ ਰਹੀਆਂ ਸਿਆਸੀ ਪਾਰਟੀਆਂ ਅੱਗੇ ਅਗਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਵੀ ਸਾਂਝਾ ਮੋਰਚਾ ਅਤੇ ਆਪਸੀ ਏਕਤਾ ਬਣਾਈ ਰੱਖਣਾ ਵੱਡੀ ਚੁਣੌਤੀ ਹੋਵੇਗਾ।**

ਇਸੇ ਤਰ੍ਹਾਂ ਕੇਰਲ, ਬੰਗਾਲ ਅਤੇ ਪੰਜਾਬ ਵਿੱਚ ਵਿਰੋਧੀ ਧਿਰ ਦਾ ਕੋਈ ਵੀ ਸਮੁੱਚੇ ਤੌਰ ’ਤੇ ਗੱਠਜੋੜ ਨਹੀਂ ਬਣ ਸਕਦਾ। ਪੰਜਾਬ ਵਿੱਚ ਭਾਜਪਾ ਦਾ ਬਹੁਤ ਕੁਝ ਦਾਅ ’ਤੇ ਨਹੀਂ ਹੈ ਅਤੇ ਉੱਥੇ ‘ਆਪ’ ਅਤੇ ਕਾਂਗਰਸ ਲੋਕ ਸਭਾ ਚੋਣਾਂ ਵਿੱਚ ਇਕ-ਦੂਜੇ ਨੂੰ ਟੱਕਰ ਦੇਣਗੇ। ‘ਆਪ’ ਨਿਸ਼ਚਿਤ ਤੌਰ ’ਤੇ ਪੰਜਾਬ ਵਿੱਚ ਕੁੱਲ 13 ਸੀਟਾਂ ਵਿਚੋਂ ਵੱਧ ਤੋਂ ਵੱਧ ਸੀਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਕਿ ਲੋਕ ਸਭਾ ਤੋਂ ਬਾਅਦ ਦੀ ਸਥਿਤੀ ਵਿੱਚ ਆਪਣੀ ਸੌਦੇਬਾਜ਼ੀ ਦੀ ਤਾਕਤ ਵਧਾ ਸਕੇ।

ਜਿੱਥੋਂ ਤੱਕ ਦਿੱਲੀ ਦਾ ਸੰਬੰਧ ਹੈ, ਭਾਜਪਾ ਨਾਲੋਂ ਇਥੇ ਵਿਰੋਧੀ ਧਿਰ ਨੂੰ ਵਧੇਰੇ ਖ਼ਤਰਾ ਹੈ ਅਤੇ ਇਸ ਲਈ ‘ਆਪ’ ਅਤੇ ਕਾਂਗਰਸ ਵਿਚਾਲੇ ਇਕ ਸਮਝ ਬਣ ਸਕਦੀ ਹੈ, ਪਰ ਜੇਕਰ ਸਾਰੀਆਂ ਸੱਤ ਸੀਟਾਂ ’ਤੇ ਭਾਜਪਾ ਦੀ ਹਾਰ ਯਕੀਨੀ ਬਣਾਉਣੀ ਹੋਵੇ ਤਾਂ। ਬੰਗਾਲ ਦੇ ਸੰਬੰਧ ਵਿੱਚ ਸਥਿਤੀ ਸਾਫ਼ ਹੈ, ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਭਾਜਪਾ ਨਾਲ ਲੜਨ ਵਾਲੀ ਮੁੱਖ ਪਾਰਟੀ ਹੈ ਅਤੇ ਉਸ ਵੱਲੋਂ ਸਾਰੇ 42 ਸੀਟਾਂ ’ਤੇ ਉਮੀਦਵਾਰ ਉਤਾਰਨ ਦੀ ਉਮੀਦ ਹੈ। ਕਾਂਗਰਸ ਅਤੇ ਖੱਬੇਪੱਖੀ, ਟੀ.ਐਮ.ਸੀ. ਅਤੇ ਭਾਜਪਾ ਦੋਵਾਂ ਦੇ ਖ਼ਿਲਾਫ਼ ਲੜ ਸਕਦੇ ਹਨ ਪਰ ਜ਼ਿਆਦਾਤਰ ਸੀਟਾਂ ’ਤੇ ਲੜਾਈ ਸਿਰਫ਼ ਟੀ.ਐਮ.ਸੀ. ਅਤੇ ਭਾਜਪਾ ਤੱਕ ਹੀ ਸੀਮਤ ਰਹੇਗੀ।ਕੇਰਲ ’ਚ ਮੌਜੂਦਾ ਪੈਟਰਨ ਕਾਇਮ ਰਹੇਗਾ। ਖੱਬੇਪੱਖੀ ਮੋਰਚਾ ਅਤੇ ਕਾਂਗਰਸ ਦੀ ਅਗਵਾਈ ਵਾਲਾ ਯੂ.ਡੀ.ਐਸ. ਗੱਠਜੋੜ ਦੋਵੇਂ ਲੜਨਗੇ। ਖੱਬੇਪੱਖੀ ਕੁਝ ਹੋਰ ਸੀਟਾਂ ਹਾਸਿਲ ਕਰਨ ਲਈ ਸਾਰੀਆਂ ਕੋਸ਼ਿਸ਼ਾਂ ਕਰਨਗੇ, ਕਿਉਂਕਿ 2019 ਦੀਆਂ ਲੋਕ ਸਭਾ ਚੋਣਾਂ ’ਚ ਐਸ.ਡੀ.ਐਸ. ਨੂੰ ਕਾਂਗਰਸ ਦੀਆਂ 15 ਅਤੇ ਯੂ.ਡੀ.ਐਸ. ਦੀਆਂ 19 ਸੀਟਾਂ ਦੇ ਮੁਕਾਬਲੇ ਸਿਰਫ਼ ਇੱਕ ਸੀਟ ਮਿਲੀ ਸੀ।

(ਬਾਕੀ ਸਫ਼ਾ 30 ’ਤੇ)

# ਮੋਦੀ ਦੇ ਰੂਪ 'ਚ ਹਿੰਦੂ ਰਾਸ਼ਟਰ ਦੇ ਨਵੇਂ ਪੇਸ਼ਵਾ ਦੀ ਤਾਜਪੋਸ਼ੀ ?





ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ



ਇਕ 'ਸੁਨਹਿਰੀ ਛੜੀ' ਦੀ ਤਸਵੀਰ ਹੈ ਜਿਸ ਨੂੰ ਤਾਮਿਲਨਾਡੂ ਦੇ ਕੁਝ ਬ੍ਰਾਹਮਣ ਰਾਜਦੰਡ ਕਹਿੰਦੇ ਹਨ ਅਤੇ ਜਿਸ ਦੇ ਸਾਹਮਣੇ ਭਾਰਤ ਦੇ ਲੋਕਾਂ ਦੇ ਹੁਕਮ ਨਾਲ ਸੰਸਦ ਵਿੱਚ ਪਹੁੰਚੇ ਪ੍ਰਧਾਨ ਮੰਤਰੀ ਹਨ। ਦੂਸਰੀ ਤਸਵੀਰ ਪੁਲਿਸ ਦੇ ਬੂਟਾਂ ਕੋਲ ਜ਼ਮੀਨ 'ਤੇ ਪਏ ਤਿਰੰਗੇ ਦੀ ਹੈ, ਜੋ ਖਿਡਾਰਨਾਂ ਦੇ ਹੱਥੋਂ ਖੋਹੇ ਗਏ ਹਨ ਤੇ ਉਹ ਆਪਣੇ ਲਈ ਇਨਸਾਫ਼ ਦੀ ਮੰਗ ਕਰਦੇ ਹੋਏ ਸੰਸਦ ਵਲ ਜਾਣਾ ਚਾਹੁੰਦੀਆਂ ਸਨ। ਇਕ ਤਸਵੀਰ ਹੈ ਯੌਨ ਸ਼ੋਸ਼ਣ ਦੇ ਦੋਸ਼ੀ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਦੀ ਜੋ ਕੈਮਰੇ ਦੇ ਸਾਹਮਣੇ ਜਿੱਤ ਦੀ ਬੇਰਹਿਮ ਮੁਸਕਰਾਹਟ ਨਾਲ ਸੰਸਦ ਵਿੱਚ ਦਾਖਲ ਹੋਇਆ। ਉਸ ਦਾ ਬਿਆਨ ਹੈ ਕਿ ਪਹਿਲਵਾਨ ਖਿਡਾਰਨਾਂ ਦੇ ਸੰਘਰਸ਼ ਪਿਛੇ ਪਾਕਿਸਤਾਨ ਦਾ ਹੱਥ ਹੈ। ਇਹ ਕਿੰਨੀ ਹੈਰਾਨੀ ਦੀ ਗਲ ਹੈ ਕਿ ਪੀੜਤ ਧਿਰ ਖਾਸ ਕਰਕੇ ਦੇਸ਼ ਨੂੰ ਵਿਸ਼ਵ ਪੱਧਰ ਦਾ ਸਨਮਾਨ ਦਿਵਾਉਣ ਵਾਲੇ ਖਿਡਾਰੀਆਂ ਨੂੰ ਗੱਦਾਰ ਕਹਿ ਕੇ ਜ਼ਲੀਲ ਕੀਤਾ ਜਾਵੇ। ਦੂਜੀ ਤਸਵੀਰ ਉਨ੍ਹਾਂ ਖਿਡਾਰਨਾਂ ਦੀ ਹੈ ਜੋ ਪੁਲਿਸ ਵੱਲੋਂ ਉਸੇ ਸੰਸਦ ਮੈਂਬਰ ਵਿਰੁੱਧ ਇਨਸਾਫ਼ ਲਈ ਜੂਝ ਰਹੀਆਂ ਹਨ। ਜਿਨਸੀ ਸ਼ੋਸ਼ਣ ਦਾ ਦੋਸ਼ੀ ਸੰਸਦ ਭਵਨ ਵਿੱਚ ਮਾਣ ਨਾਲ ਬੈਠਾ ਸੀ। ਉਸ ਦੇ ਜਿਨਸੀ ਸ਼ੋਸ਼ਣ ਵਿਰੁੱਧ ਲੜਨ ਵਾਲੀਆਂ ਖਿਡਾਰਨਾਂ ਥਾਣਿਆਂ ਵਿੱਚ ਬੰਦ ਸਨ। ਸੰਸਦ ਦੀ ਨਵੀਂ ਇਮਾਰਤ ਸਜਾਈ ਜਾ ਰਹੀ ਸੀ, ਉਸ ਦੌਰਾਨ ਜੰਤਰ-ਮੰਤਰ 'ਤੇ ਇਕ ਮਹੀਨੇ ਤੋਂ ਧਰਨੇ 'ਤੇ ਬੈਠੇ ਖਿਡਾਰੀਆਂ ਦੇ ਟੈਂਟ ਉਖਾੜ ਦਿੱਤੇ ਗਏ। ਇੱਕ ਪਾਸੇ ਮੰਤਰਾਂ ਦਾ ਸ਼ੋਰ ਸੀ। ਦੂਜੇ ਪਾਸੇ ਇਨਸਾਫ਼ ਦੇ ਨਾਅਰਿਆਂ ਦੀ ਗੂੰਜ। ਹਵਨ ਦੇ ਧੂੰਏਂ ਨੇ ਭਾਰਤ ਦੇ ਲੋਕਾਂ ਦੀਆਂ ਅੱਖਾਂ ਨੂੰ ਇਸ ਤਰ੍ਹਾਂ ਢੱਕ ਲਿਆ ਕਿ ਉਹ ਆਪਣੇ ਜਮਹੂਰੀ ਹੱਕਾਂ ਲਈ ਸੰਘਰਸ਼ ਦੇ ਦ੍ਰਿਸ਼ ਨਹੀਂ ਦੇਖ ਸਕੇ।

ਇਹ ਦਿਨ ਭਾਰਤੀ ਲੋਕ-ਤੰਤਰ ਦੇ ਇਤਿਹਾਸ ਵਿੱਚ ਸਭ ਤੋਂ ਸ਼ਰਮਨਾਕ ਦਿਨਾਂ ਵਿੱਚ ਗਿਣਿਆ ਜਾਵੇਗਾ। ਜਮਹੂਰੀਅਤ ਦੀ ਪਿਠ, ਭਾਵ ਪਾਰਲੀਮੈਂਟ ਵਿੱਚ ਹੀ ਸਾਰੀਆਂ ਜਮਹੂਰੀ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀਆਂ ਧੱਜੀਆਂ ਉਡਾਈਆਂ ਗਈਆਂ। ਇੱਕ ਮਿਥਕ ਤੇ ਝੂਠਾ ਨਾਟਕ ਰਚਿਆ ਗਿਆ ਜਿਸ ਵਿੱਚ ਲੋਕਾਂ ਦੀਆਂ ਵੋਟਾਂ ਨਾਲ ਚੁਣਿਆ ਗਿਆ ਪਾਰਟੀ ਦਾ ਆਗੂ ਬ੍ਰਾਹਮਣਾਂ ਦੇ ਹੱਥੋਂ ਅਖੌਤੀ ਰਾਜਦੰਡ ਪ੍ਰਾਪਤ ਕਰ ਰਿਹਾ ਹੈ। ਉਹੀ ਦੰਡ ਜੋ ਇਲਾਹਾਬਾਦ ਮਿਊਜ਼ੀਅਮ ਵਿੱਚ 75 ਸਾਲਾਂ ਤੋਂ ਰਖਿਆ ਗਿਆ ਸੀ। ਇਸ ਰਾਜਦੰਡ ਦੀ ਮਿਊਜ਼ੀਅਮ ਤੋਂ ਸਿਵਾਏ ਲੋਕ-ਤੰਤਰ ਵਿੱਚ ਥਾਂ ਕਿੱਥੇ ਹੋ ਸਕਦੀ ਹੈ ? ਲੋਕ-ਤੰਤਰ ਵਿੱਚ ਸ਼ਕਤੀ ਦਾ ਸਰੋਤ ਜਨਤਾ ਹੁੰਦੀ ਹੈ, ਇਹ ਅਧਿਕਾਰ ਜਨਤਾ ਨੂੰ ਮਿਲਦਾ ਹੈ। ਇਕ ਰਾਜੇ ਜਾਂ ਸ਼ਖ਼ਸੀਅਤ ਨੂੰ ਕਿਵੇਂ ਮਿਲ ਸਕਦਾ ਹੈ ? ਈਸ਼ਵਰੀ ਹੁਕਮ ਤੇ ਪ੍ਰਸ਼ਾਦ ਵਜੋਂ ਘੜੀ ਬ੍ਰਾਹਮਣੀ ਮਿਥ ਦੁਆਰਾ ਸ਼ਾਸਕ ਦੀ ਪਦਵੀ ਪ੍ਰਾਪਤ ਕਰਦਾ ਹੈ ਜਿਸ ਦਾ ਅਰਥ ਹੈ ਰਾਜਾ ਦੇਵਤਾ ਹੈ ਤੇ ਲੋਕਾਂ ਨੂੰ ਰਾਜੇ ਦੇ ਹੁਕਮ ਪ੍ਰਭੂ ਦੇ ਹੁਕਮ ਸਮਝ ਕੇ ਜਨਤਾ ਨੂੰ ਮੰਨਣੇ ਪੈਣਗੇ। ਲੋਕ-ਤੰਤਰ ਵਿੱਚ, ਸਰਕਾਰ ਦਾ ਮੁਖੀ ਲੋਕਾਂ ਦਾ ਨੁਮਾਇੰਦਾ ਹੁੰਦਾ ਹੈ, ਰੱਬ ਜਾਂ ਦੇਵਤਾ ਨਹੀਂ। ਲੋਕ-ਤੰਤਰ ਵਿੱਚ ਉਸ ਦਾ ਰਾਜ ਅਸਥਾਈ ਹੁੰਦਾ ਹੈ।

ਪਿਛਲੇ ਇੱਕ ਹਫ਼ਤੇ ਤੋਂ, ਇੱਕ ਬਹੁਤ ਵੱਡਾ ਝੂਠ ਤਿਆਰ ਕੀਤਾ ਗਿਆ ਸੀ। ਇਹ ਗੱਲ ਸ਼ਰਮਨਾਕ ਹੈ, ਜੇਕਰ ਹੈਰਾਨੀ ਦੀ ਗੱਲ ਨਹੀਂ ਤਾਂ ਇਹ ਵੱਡਾ ਝੂਠ ਘੜਿਆ ਗਿਆ ਹੈ ਕਿ 75 ਸਾਲ ਪਹਿਲਾਂ, ਜਦੋਂ ਅੰਗਰੇਜ਼ਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤਾ ਗਿਆ ਸੀ, ਉਨ੍ਹਾਂ ਨੇ ਪੁੱਛਿਆ ਸੀ ਕਿ ਸੱਤਾ ਦਾ ਤਬਾਦਲਾ ਕਿਵੇਂ ਕੀਤਾ ਜਾਵੇ ? ਨਹਿਰੂ ਨੇ ਇਹ ਸਵਾਲ ਰਾਜਾ ਰਾਜਗੋਪਾਲਾਚਾਰੀ ਨੂੰ ਪੁੱਛਿਆ। ਉਸਨੇ ਆਪਣੇ ਰਾਜ ਤਾਮਿਲਨਾਡੂ ਵਿੱਚ ਪੁੱਛਿਆ ਅਤੇ ਉਸ ਨੂੰ ਸੁਝਾਅ ਦਿੱਤਾ ਕਿ ਚੋਲ ਰਾਜਵੰਸ਼ ਦੀ ਪਰੰਪਰਾ ਦੇ ਅਨੁਸਾਰ ਇੱਕ ਰਾਜੇ ਤੋਂ ਦੂਜੇ ਰਾਜੇ ਨੂੰ ਸੱਤਾ ਦੇ ਤਬਾਦਲੇ ਦੇ ਪ੍ਰਤੀਕ ਵਜੋਂ ਮਾਊਂਟਬੈਟਨ ਦੁਆਰਾ ਰਾਜਦੰਡ ਨਹਿਰੂ ਨੂੰ ਭੇਟ ਕੀਤਾ ਜਾਣਾ ਚਾਹੀਦਾ ਹੈ। ਰਾਜਾ ਜੀ ਨੇ ਤਾਮਿਲਨਾਡੂ ਵਿੱਚ ਅਧੀਨਮ ਦੇ ਬ੍ਰਾਹਮਣ ਪੁਜਾਰੀਆਂ ਨੂੰ ਅਜਿਹਾ ਰਾਜਦੰਡ ਬਣਾਉਣ ਲਈ ਕਿਹਾ। ਉਨ੍ਹਾਂ ਨੇ ਇਸ ਨੂੰ ਪਵਿੱਤਰ ਕੀਤਾ ਅਤੇ ਇਸ ਨੂੰ ਹਵਾਈ ਜਹਾਜ਼ ਰਾਹੀਂ ਦਿੱਲੀ ਲਿਆਂਦਾ ਅਤੇ ਮਾਊਂਟਬੈਟਨ ਨੂੰ ਦਿੱਤਾ ਜਿਸ ਨੇ ਇਹ ਨਹਿਰੂ ਨੂੰ ਦਿੱਤਾ ਸੀ। ਇਸ ਤਰ੍ਹਾਂ ਇਹ ਰਾਜਦੰਡ, ਜਿਸ ਨੂੰ ਸੇਂਗੋਲ ਕਿਹਾ ਜਾਂਦਾ ਹੈ, ਅੰਗਰੇਜ਼ਾਂ ਤੋਂ ਭਾਰਤ ਦੇ ਹੱਥ ਸੱਤਾ ਦੇ ਆਉਣ ਦਾ ਪ੍ਰਤੀਕ ਹੈ। ਨਹਿਰੂ ਨੇ ਇਸ ਪਵਿੱਤਰ ਚਿੰਨ੍ਹ ਨੂੰ ਇਲਾਹਾਬਾਦ ਦੇ ਇੱਕ ਅਜਾਇਬ ਘਰ ਵਿੱਚ ਛੁਪਾ ਦਿੱਤਾ ਸੀ। ਇਸ ਤਰ੍ਹਾਂ ਉਸਨੇ ਭਾਰਤੀ ਪਰੰਪਰਾ ਦਾ ਅਪਮਾਨ ਕੀਤਾ। ਰਾਜਦੰਡ ਨੂੰ ਮਾਮੂਲੀ ਛੜੀ ਦੀ ਤਰ੍ਹਾਂ ਅਜਾਇਬ ਘਰ ਵਿੱਚ ਸੁੱਟ ਦਿੱਤਾ ਗਿਆ ਜੋ ਕਿ ਗੰਭੀਰ ਅਪਰਾਧ ਹੈ ?



ਸਾਰੇ ਇਤਿਹਾਸਕਾਰਾਂ ਨੇ ਇਸ ਝੂਠ ਦਾ ਖੰਡਨ ਕੀਤਾ। ਰਾਜਾ ਜੀ ਦੇ ਪੋਤੇ, ਉਨ੍ਹਾਂ ਦੇ ਜੀਵਨੀ ਕਾਰ ਰਾਜ ਮੋਹਨ ਗਾਂਧੀ ਤੋਂ ਲੈ ਕੇ ਨਹਿਰੂ ਦੇ ਇਤਿਹਾਸ ਬਾਰੇ ਜਾਣੂ ਇਤਿਹਾਸਕਾਰ ਮਾਧਵਨ ਪਲਾਤ ਨੇ ਸਾਫ਼-ਸਾਫ਼ ਕਿਹਾ ਕਿ ਇਹ ਇੱਕ ਝੂਠ ਹੈ ਜੋ ਅੱਧ-ਸੱਚ ਦੀ ਨੀਂਹ 'ਤੇ ਖੜ੍ਹਾ ਹੈ। ਇਸ ਕਰਮਕਾਂਡ ਤੇ ਮਿਥ ਦੇ ਪੁਜਾਰੀਆਂ ਨੇ ਖੁਦ ਕਿਹਾ ਕਿ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ। ਸੱਚਾਈ ਇਹ ਹੈ ਕਿ 15 ਅਗਸਤ ਤੋਂ ਪਹਿਲਾਂ, ਤਾਮਿਲਨਾਡੂ ਦੇ ਅਧੀਨਮ ਤੋਂ ਕੁਝ ਪੁਜਾਰੀ ਇਸ ਮੌਕੇ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਰੇਲ ਗੱਡੀ ਰਾਹੀਂ ਸੇਂਗੋਲ ਨਾਲ ਦਿੱਲੀ ਆਏ ਸਨ ਅਤੇ ਉਨ੍ਹਾਂ ਨੇ ਰਸਮੀ ਤੌਰ 'ਤੇ ਨਹਿਰੂ ਨੂੰ ਇਹ ਸੇਂਗੋਲ ਭੇਟ ਕੀਤਾ ਸੀ। ਇਹ ਇਨ੍ਹਾਂ ਪੁਜਾਰੀਆਂ ਅਤੇ ਨਹਿਰੂ ਵਿਚਕਾਰ ਨਿਰੋਲ ਨਿਜੀ ਮਾਮਲਾ ਸੀ। ਇਸ ਦਾ ਕੋਈ ਸਿਆਸੀ ਤੇ ਇਤਿਹਾਸਕ ਮਹੱਤਵ ਨਹੀਂ ਸੀ।

(ਬਾਕੀ ਸਫ਼ਾ 30 'ਤੇ)

# ਪ੍ਰਧਾਨ ਮੰਤਰੀ ਨੂੰ ਜੇਕਰ ਤੁਸੀਂ ਭਗਵਾਨ ਦੇ ਕੋਲ ਬਿਠਾ ਦਿਓ ਤਾਂ ਉਹ ਰੱਬ ਨੂੰ ਇਹ ਸਮਝਾਉਣਾ ਸ਼ੁਰੂ ਕਰ ਦੇਵੇਗਾ ਕਿ ਬ੍ਰਹਿਮੰਡ ਕਿਵੇਂ ਕੰਮ ਕਰਦੈ - ਰਾਹੁਲ ਗਾਂਧੀ

ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਅਮਰੀਕਾ ਫੇਰੀ ਦੌਰਾਨ ਕੈਲੀਫੋਰਨੀਆਂ ਦੇ ਸੈਂਟਾ ਕਲੇਰਾ ਦੇ ਮੈਰੀਅਟ ਹੋਟਲ 'ਚ ਭਾਰਤੀ ਭਾਈਚਾਰੇ ਦੇ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਿਅੰਗਮਾਈ ਢੰਗ ਨਾਲ ਟਿੱਪਣੀ ਕਰਦੇ ਕਿਹਾ ਕਿ ਪ੍ਰਧਾਨ ਮੰਤਰੀ ਉਨ੍ਹਾਂ ਵਿੱਚੋਂ ਇੱਕ ਹਨ ਜਿਨ੍ਹਾਂ ਨੂੰ ਜੇਕਰ ਤੁਸੀਂ ਭਗਵਾਨ ਦੇ ਕੋਲ ਬਿਠਾਉਂਦੇ ਹੋ, ਤਾਂ ਉਹ ਉਸ (ਰੱਬ) ਨੂੰ ਇਹ ਸਮਝਾਉਣਾ ਸ਼ੁਰੂ ਕਰ ਦੇਵੇਗਾ ਕਿ ਬ੍ਰਹਿਮੰਡ ਕਿਵੇਂ ਕੰਮ ਕਰਦਾ ਹੈ ਅਤੇ ਭਗਵਾਨ ਇਸ ਬਾਰੇ ਉਲਝਣ ਵਿੱਚ ਪੈ ਜਾਵੇਗਾ ।

ਸੈਂਟਾ ਕਲੇਰਾ ਵਿੱਚ 'ਮੁਹੱਬਤ ਕੀ ਦੁਕਾਨ' ਨਾਮਕ ਇੱਕ ਸਮਾਗਮ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਭਗਵਾਨ ਨਾਲ ਬੈਠ ਕੇ ਚੀਜ਼ਾਂ ਦੀ ਵਿਆਖਿਆ ਕਰ ਸਕਦੇ ਹਨ, ਪ੍ਰਧਾਨ ਮੰਤਰੀ 'ਇੱਕ ਅਜਿਹਾ ਨਮੂਨਾ' ਹਨ। ਉਨਾਂ ਕਿਹਾ ਕਿ ਇਹ ਮਜ਼ਾਕੀਆ ਗੱਲਾਂ ਹਨ ਪਰ ਇਹ ਸਭ ਹੋ ਰਿਹਾ ਹੈ, ਪ੍ਰਧਾਨ ਮੰਤਰੀ ਜੀ ਵਿਗਿਆਨੀਆਂ ਨੂੰ ਵਿਗਿਆਨ, ਇਤਿਹਾਸਕਾਰਾਂ ਨੂੰ ਇਤਿਹਾਸ, ਫੌਜ ਨੂੰ ਯੁੱਧ ਸਮਝਾ ਸਕਦੇ ਹਨ ਪਰ ਉਹਨਾਂ ਨੂੰ ਖੁਦ ਆਪ




ਇਸ ਬਾਰੇ ਗਿਆਨ ਨਹੀਂ ਹੈ। ਰਾਹੁਲ ਗਾਂਧੀ ਨੇ ਆਪਣੇ ਸੰਬੋਧਨ ਵਿੱਚ ਪ੍ਰਵਾਸੀ ਭਾਰਤੀਆਂ ਨੂੰ ਤਾਕੀਦ ਕਰਦਿਆਂ ਕਿਹਾ ਕਿ ਭਾਰਤ ਨੇ ਕਿਸੇ ਵੀ ਵਿਚਾਰ ਨੂੰ ਰੱਦ ਨਹੀਂ ਕੀਤਾ ਹੈ। ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਇਹ ਉਹ ਭਾਰਤ ਹੈ ਜਿਸ ਦੀ ਤੁਸੀਂ ਨੁਮਾਇੰਦਗੀ ਕਰਦੇ ਹੋ। ਜੇਕਰ ਤੁਸੀਂ ਇਨ੍ਹਾਂ ਕਦਰਾਂ-ਕੀਮਤਾਂ ਨਾਲ ਸਹਿਮਤ ਨਹੀਂ ਹੁੰਦੇ ਤਾਂ ਤੁਸੀਂ ਇੱਥੇ ਨਹੀਂ ਹੁੰਦੇ। ਜੇਕਰ ਤੁਸੀਂ ਗੁੱਸੇ, ਨਫ਼ਰਤ ਅਤੇ ਹੰਕਾਰ ਵਿੱਚ ਵਿਸ਼ਵਾਸ ਰੱਖਦੇ ਹੋ, ਤਾਂ ਤੁਸੀਂ ਭਾਜਪਾ ਦੀ ਮੀਟਿੰਗ ਵਿੱਚ ਬੈਠੇ ਹੁੰਦੇ ਅਤੇ ਮੈਂ 'ਮਨ ਕੀ ਬਾਤ' ਕਰ ਰਿਹਾ ਹੁੰਦਾ। ਸੈਂਟਾ ਕਲਾਰਾ ਵਿੱਚ ਇਕੱਠ ਨੂੰ ਸੰਬੋਧਿਤ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ, ਕੁਝ ਮਹੀਨੇ ਪਹਿਲਾਂ ਅਸੀਂ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਪੈਦਲ ਚੱਲਣਾ ਸ਼ੁਰੂ ਕੀਤਾ ਸੀ। ਉਨਾਂ ਕਿਹਾ ਬੀਜੇਪੀ ਅਤੇ ਆਰ.ਐਸ.ਐਸ. ਵਲੋਂ ਉਹਨਾਂ ਲੋਕਾਂ ਨੂੰ ਧਮਕਾਇਆ ਜਾਂਦਾ ਹੈ ਅਤੇ ਉਹਨਾਂ ਦੇ ਖਿਲਾਫ ਏਜੰਸੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇੱਕ ਤਰ੍ਹਾਂ ਨਾਲ, ਸਿਆਸੀ ਤੌਰ 'ਤੇ ਕੰਮ ਕਰਨਾ ਕਾਫ਼ੀ ਮੁਸ਼ਕਲ ਹੋ ਗਿਆ ਸੀ। ਇਸ ਲਈ ਅਸੀਂ ਭਾਰਤ ਦੇ ਦੱਖਣੀ ਸਿਰੇ ਤੋਂ ਸ਼੍ਰੀਨਗਰ ਤੱਕ ਚੱਲਣ ਦਾ ਫੈਸਲਾ ਕੀਤਾ ਹੈ।

ਪੱਤਰਕਾਰਾਂ ਵੱਲੋਂ ਜਦੋਂ ਰਾਹੁਲ ਗਾਂਧੀ ਨੂੰ ਉਹਨਾਂ ਦੀ ਭਾਰਤ ਜੋੜੋ ਯਾਤਰਾ ਬਾਰੇ ਸਵਾਲ ਕੀਤਾ ਤਾਂ (ਬਾਕੀ ਸਫ਼ਾ 29 'ਤੇ)

# ਪਹਿਲਵਾਨਾਂ ਦੀ ਤਗਮੇ ਜਲ ਪ੍ਰਵਾਹ ਕਰਨ ਦੀ ਯੋਜਨਾ ਮੁਲਤਵੀ

## ਕਿਸਾਨ ਆਗੂ ਨਰੇਸ਼ ਟਿਕੈਤ ਨੂੰ ਸੌਂਪੇ ਤਗਮੇ, ਸਰਕਾਰ ਨੂੰ ਦਿੱਤਾ ਪੰਜ ਦਿਨਾਂ ਦਾ ਅਲਟੀਮੇਟਮ



ਹਰਿਦੁਆਰ (ਉੱਤਰਾਖੰਡ)/ ਏ.ਟੀ.ਨਿਊਜ਼ :ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਹੁਣ ਤੱਕ ਗ੍ਰਿਫ਼ਤਾਰ ਨਾ ਕਰਨ ਤੇ ਐਤਵਾਰ ਨੂੰ ਨਵੇਂ ਸੰਸਦ ਭਵਨ ਵੱਲ ਮਾਰਚ ਦੌਰਾਨ ਪੁਲੀਸ ਵੱਲੋਂ ਕੀਤੀ ਵਧੀਕੀ ਦੇ ਰੋਸ ਵਜੋਂ ਆਪਣੇ ਤਗਮੇ ਗੰਗਾ ਵਿੱਚ ਜਲ-ਪ੍ਰਵਾਹ ਕਰਨ ਲਈ ਹਰਿ ਕੀ ਪੌੜੀ ਪੁੱਜੇ ਪਹਿਲਵਾਨਾਂ ਨੇ ਖਾਪ ਤੇ ਨਰੇਸ਼ ਟਿਕੈਤ ਸਣੇ ਹੋਰਨਾਂ ਕਿਸਾਨ ਆਗੂਆਂ ਦੇ ਦਖਲ ਮਗਰੋਂ ਐਨ ਆਖਰੀ ਮੌਕੇ ਆਪਣੀ ਇਹ ਯੋਜਨਾ ਮੁਲਤਵੀ ਕਰ ਦਿੱਤੀ। ਕਿਸਾਨ ਆਗੂ ਨੇ ਪਹਿਲਵਾਨਾਂ ਤੋਂ ਤਗਮੇ ਲੈ ਕੇ ਆਪਣੇ ਕੋਲ ਰੱਖ ਲਏ।

ਟਿਕੈਤ ਤੇ ਪਹਿਲਵਾਨਾਂ ਨੇ ਸਰਕਾਰ ਨੂੰ ਮੰਗਾਂ ਮੰਨਣ ਲਈ ਪੰਜ ਦਿਨ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨਾਕਾਮ ਰਹੀ ਤਾਂ ਉਹ ਗੰਗਾ ਵਿੱਚ ਤਗਮੇ ਜਲ-ਪ੍ਰਵਾਹ ਕਰ ਦੇਣਗੇ। ਜੰਤਰ ਮੰਤਰ 'ਤੇ ਲੱਗੇ ਧਰਨੇ ਦੀ ਮੂਹਰੇ ਹੋ ਕੇ ਅਗਵਾਈ ਕਰਨ ਵਾਲੇ ਪਹਿਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਵਿਨੇਸ਼ ਫੋਗਾਟ ਰੋਸ ਵਜੋਂ ਉਲੰਪਿਕ ਤ.ਗਮਿਆਂ ਸਣੇ ਆਪਣੇ ਸਾਰੇ ਮੈਡਲ ਗੰਗਾ ਵਿੱਚ ਜਲ-ਪ੍ਰਵਾਹ ਕਰਨ ਲਈ ਉੱਤਰਾਖੰਡ ਦੇ ਹਰਿਦੁਆਰ ਪੁੱਜੇ ਸਨ। ਇਸ ਮੌਕੇ ਪਹਿਲਵਾਨਾਂ ਨਾਲ ਵੱਡੀ ਗਿਣਤੀ ਲੋਕ ਮੌਜੂਦ ਸਨ। ਸਾਕਸ਼ੀ, ਵਿਨੇਸ਼ ਤੇ ਸੰਗੀਤਾ ਦੇ ਪਤੀ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਪੂੰਝਦੇ ਨਜ਼ਰ ਆਏ। ਹਰਿ ਕੀ ਪੌੜੀ ਪੁੱਜਣ 'ਤੇ ਪਹਿਲਵਾਨਾਂ ਨੇ ਖੜ੍ਹ ਕੇ 20 ਮਿੰਟ ਦੇ ਕਰੀਬ ਮੌਨ ਧਾਰਨ ਕੀਤਾ।

(ਬਾਕੀ ਸਫ਼ਾ 29 'ਤੇ)






# ਕੂੰਜਾਂ ਤੇ ਕੁੜੀਆਂ

## ਕੂੰਜਾਂ ਦੀ ਪਰਵਾਜ਼ ਬਨਾਮ ਕੁੜੀਆਂ ਦਾ ਪਰਵਾਸ

ਕੁੜੀਆਂ ਤੇ ਕੂੰਜਾਂ ਦੇ ਵਿਚਾਲੇ ਕੁਦਰਤੀ ਸਾਂਝ ਵੀ ਹੈ ਤੇ ਦੋਵਾਂ ਦੀ ਹੋਣੀ ਵੀ ਹੁਣ ਇੱਕੋ ਜਿਹੀ ਹੀ ਹੋ ਗਈ ਲੱਗਦੀ ਹੈ। ਦੋਵਾਂ ਦੇ ਹੀ ਅਜਿਹੀ "**ਲੇਖਾਂ ਦੀ ਮਹਿੰਦੀ**" ਵੀ ਲੱਗੀ ਹੋਈ ਹੁੰਦੀ ਹੈ, ਜਿਸ ਦਾ ਕੋਈ ਰੰਗ ਤਾਂ ਦਿਖਾਈ ਨਹੀਂ ਦਿੰਦਾ, ਪਰ ਉਸ ਦਾ ਅਸਰ ਬਹੁਤ ਹੁੰਦਾ ਹੈ। ਦੋਵਾਂ ਦੇ ਲੇਖਾਂ ਵਿੱਚ ਹੀ ਜਿਵੇਂ ਨਿੱਤ ਦਿਨ ਦੇਸ਼-ਪਰਦੇਸ਼ ਦੀ 'ਦਰਦ ਭਰੀ ਉਡਾਰੀ' ਹੀ ਲਿਖਿਆ ਹੋਵੇ। ਦੋਵੇਂ ਹੀ ਇੱਕ ਤਰਾਂ ਪਰਵਾਸ ਦਾ ਦਰਦ ਹੱਡੀਂ ਹੰਢਾਉਂਦੀਆਂ ਨੇ। ਇਸ ਤਰਾਂ ਕੂੰਜਾਂ ਦੀ ਪਰਵਾਜ਼ ਤੇ ਕੁੜੀਆਂ ਦਾ ਪਰਵਾਸ ਹੁਣ ਜਿੰਦਗੀ ਦਾ ਅਹਿਮ ਹਿੱਸਾ ਬਣ ਗਏ ਹਨ।

ਪੰਜਾਬ 'ਚ ਹਲਕੀ ਗੁਲਾਬੀ ਜਿਹੀ ਠੰਡ ਸ਼ੁਰੂ ਹੁੰਦੇ ਹੀ ਕੂੰਜਾਂ ਹਰ ਸਾਲ ਸਾਈਬੇਰੀਆ ਅਤੇ ਦੁਨੀਆਂ ਦੇ ਹੋਰ ਠੰਡੇ ਮੁਲਕਾਂ ਵਿਚੋਂ ਲੰਬੀ ਉਡਾਰੀ ਮਾਰ ਕੇ ਪੰਜਾਬ ਤੇ ਹੋਰ ਇਲਾਕਿਆਂ ਵਿੱਚ ਆਉਂਦੀਆਂ ਨੇ ਤੇ ਠੰਡ ਖਤਮ ਹੁੰਦੇ ਹੀ ਮੁੜ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦੀਆਂ ਨੇ। ਬਿਲਕੁਲ ਇਸੇ ਤਰਾਂ ਹੀ ਤਾਂ ਕੁੜੀਆਂ -ਮੁਟਿਆਰਾਂ ਨਾਲ ਹੁੰਦਾ ਹੈ। ਕੁੜੀਆਂ -ਮੁਟਿਆਰਾਂ ਲਈ ਵੀ ਤਾਂ ਵਿਆਹ ਤੋਂ ਬਾਅਦ 'ਆਪਣਾ ਪਿੰਡ ਹੀ ਪਰਦੇਸ' ਹੋ ਜਾਂਦਾ ਹੈ। ਸਹੁਰੇ ਘਰ ਰਹਿੰਦੇ ਹੋਏ ਇੱਕ ਤਰਾਂ ਉਹ 'ਦੇਸ਼ ਵਿੱਚ ਹੁੰਦੇ ਹੋਏ ਵੀ ਪਰਦੇਸ' ਦਾ ਦਰਦ ਹੰਢਾਉਂਦੀਆਂ ਹਨ। ਪੇਕੇ ਪਿੰਡ ਦੀ ਹਰ ਚੀਜ਼ ਆਪਣੀ ਤੇ ਸਹੁਰੇ ਘਰ ਦੀ ਹਰ ਚੀਜ਼ ਉਸ ਨੂੰ ਬੇਗਾਨੀ ਲੱਗਦੀ ਹੈ।

ਅੱਜ ਕੱਲ੍ਹ ਪੰਜਾਬ ਦੀਆਂ ਵੱਡੀ ਗਿਣਤੀ ਕੁੜੀਆਂ ਸੱਤ ਸਮੁੰਦਰ ਪਾਰ ਜਾ ਕੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਮੁਲਕਾਂ ਵਿੱਚ ਰਹਿਣ ਨੂੰ ਤਰਜੀਹ ਦੇਣ ਲੱਗੀਆਂ ਹਨ। ਇਸ ਤਰਾਂ ਕੂੰਜਾਂ ਦੀ ਪਰਵਾਜ਼ ਦੇ ਨਾਲ -ਨਾਲ ਹੀ ਹੁਣ ਕੁੜੀਆਂ ਦਾ ਪਰਵਾਸ ਵੀ ਆਮ ਹੋਣ ਲੱਗ ਪਿਆ ਹੈ ਤੇ ਸਾਡੇ ਸਮਾਜ- ਸੱਭਿਆਚਾਰ ਦਾ ਇਹ ਹੁਣ ਅਹਿਮ ਹਿੱਸਾ ਬਣ ਗਏ ਹਨ। ਕੁੜੀਆਂ ਨੂੰ ਕੂੰਜ ਵੀ ਕਹਿ ਲਿਆ ਜਾਂਦੈ।



ਪੰਜਾਬ ਦੇ ਲੋਕ ਗੀਤ ਤੇ ਗੀਤ ਵੀ ਇਸ ਗੱਲ ਦੀ ਸ਼ਾਹਦੀ /ਗਵਾਹੀ ਭਰਦੇ ਨੇ।

ਅੱਜ ਤੁਸੀਂ ਜੇ ਆਈਲਿਟਸ ਕਰਨ ਵਾਲੇ ਵਿਦਿਆਰਥੀਆਂ ਵੱਲ ਨਜ਼ਰ ਮਾਰੋ ਤਾਂ ਉਹਨਾਂ ਵਿੱਚ ਵੱਡੀ ਗਿਣਤੀ ਕੁੜੀਆਂ ਦੀ ਹੋਵੇਗੀ। ਹੋਰਨਾਂ ਖੇਤਰਾਂ ਦੇ ਵਾਂਗ ਹੁਣ ਕੁੜੀਆਂ -ਮੁਟਿਆਰਾਂ ਨੇ ਵਿਦੇਸ਼ ਜਾਣ ਦੇ ਰੁਝਾਨ ਵਿੱਚ ਵੀ ਮੁੰਡਿਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਹੈ ਸਗੋਂ ਹੁਣ ਤਾਂ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਇਸ ਖੇਤਰ ਵਿੱਚ ਵੀ ਪੰਜਾਬੀ ਕੁੜੀਆਂ, ਮੁੰਡਿਆਂ ਨਾਲੋਂ ਅੱਗੇ ਨਿਕਲ ਗਈਆਂ ਹੋਣ।

ਜਦੋਂ ਕਿਸੇ ਮੁਟਿਆਰ ਨੂੰ ਕੋਈ ਵਿਦੇਸ਼ੀ ਲਾੜਾ ਗਹਿਣਿਆਂ ਨਾਲ ਲੱਦ ਕੇ ਵਿਦੇਸ਼ ਲੈ ਕੇ ਜਾਂਦਾ ਹੈ ਤਾਂ ਇਕ ਵਾਰ ਤਾਂ ਉਹ ਵਿਦੇਸ਼ੀ ਧਰਤੀ ਉਪਰ ਪੈਰ ਧਰ ਕੇ ਇਸ ਤਰਾਂ ਮਹਿਸੂਸ ਕਰਦੀ ਹੈ ਜਿਵੇਂ ਉਸ ਨੂੰ 'ਸੁਰਖਾਬ ਦੇ ਖੰਭ' ਲੱਗ ਪਏ ਹੋਣ ਪਰ ਛੇਤੀ ਹੀ ਜਦੋਂ ਉਸ ਅੱਗੇ ਅਸਲੀਅਤ ਆਉਂਦੀ ਹੈ ਤਾਂ ਉਹ ਫਿਰ ਨਾ ਤਾਂ ਘਰ ਮੁੜਨ ਜੋਗੀ ਰਹਿੰਦੀ ਹੈ ਤੇ ਨਾ ਫਿਰ ਉਹ ਉਥੇ ਰਹਿਣ ਜੋਗੀ। ਅਨੇਕਾਂ ਪੰਜਾਬੀ ਕੁੜੀਆਂ ਨਾਲ ਵਿਦੇਸ਼ੀ ਲਾੜਿਆਂ ਵਲੋਂ ਵਿਆਹ ਦੇ ਨਾਂਅ 'ਤੇ ਧੋਖੇ ਵੀ ਕੀਤੇ ਜਾਂਦੇ ਹਨ। ਅਜਿਹੇ ਵਿਆਹਾਂ ਤੋਂ ਬਾਅਦ ਜਦੋਂ ਹੱਥਾਂ ਨੂੰ ਮਹਿੰਦੀ ਲਾ ਕੇ ਸ਼ਗਨ ਮਨਾ ਕੇ ਇਹ ਕੁੜੀਆਂ ਪਹਿਲੀ ਵਾਰੀ ਵਿਦੇਸ਼ ਜਾਣ ਲਈ ਜਹਾਜ਼ ਚੜ੍ਹਦੀਆਂ ਹਨ ਤਾਂ ਅੰਮ੍ਰਿਤਸਰ ਜਾਂ ਦਿੱਲੀ ਦੇ ਏਅਰਪੋਰਟ 'ਤੇ ਅੱਖਾਂ ਚੁੰਧਿਆਉਂਦੀਆਂ ਰੋਸ਼ਨੀਆਂ ਦੌਰਾਨ ਇਹ ਅਧਮੀਟੀਆਂ ਅੱਖਾਂ ਵਿੱਚ ਕਈ ਤਰਾਂ ਦੇ ਸੁਪਨੇ ਸਜੋਂ ਲੈਂਦੀਆਂ ਹਨ ਪਰ ਵਿਦੇਸ਼ੀ ਧਰਤੀ 'ਤੇ ਜਹਾਜ਼ੋਂ ਉੱਤਰਦਿਆਂ ਹੀ ਇਹਨਾਂ ਕੁਝ ਸਜ ਵਿਆਹੀਆਂ ਲਾੜੀਆਂ ਦੇ ਪੈਰਾਂ ਹੇਠੋਂ ਜ਼ਮੀਨ ਉਦੋਂ ਖਿਸਕ ਜਾਂਦੀ ਹੈ, ਜਦੋਂ ਇਹਨਾਂ ਦਾ ਲਾੜਾ ਆਪਣੀ ਪਹਿਲੀ ਪਤਨੀ ਨਾਲ ਜਾਂ ਪਹਿਲੀ ਪਤਨੀ ਦੇ ਬੱਚਿਆਂ ਨਾਲ ਉਸ ਨੂੰ ਲੈਣ ਆਇਆ ਹੁੰਦਾ ਹੈ ਜਾਂ ਫਿਰ ਇਹਨਾਂ ਦੇ ਲਾੜੇ ਅਜਿਹੇ ਗਾਇਬ ਹੁੰਦੇ ਹਨ ਕਿ ਉਹਨਾਂ ਨੂੰ ਭਾਲਿਆ ਵੀ ਨਹੀਂ ਲੱਭਦੇ। ਫਿਰ ਇਹ ਪੱਤਣਾਂ 'ਤੇ ਖੜਕੇ ਰੋਣ ਜੋਗੀਆਂ ਰਹਿ ਜਾਂਦੀਆਂ ਹਨ। ਇਹਨਾਂ ਨੂੰ ਜਦੋਂ ਪਤਾ ਚਲਦਾ ਹੈ ਕਿ ਸਿਰਫ਼ ਲਾੜਾ ਹੀ ਨਹੀਂ ਸਗੋਂ ਲਾੜੇ ਦੇ ਨਾਲ ਆਏ ਚਾਚੇ, ਮਾਮੇ, ਤਾਏ, ਫੁੱਫੜ ਵੀ ਸਭ ਨਕਲੀ ਸਨ ਅਤੇ ਵਿਆਹ ਦੇ ਨਾਂਅ 'ਤੇ ਉਸ ਨਾਲ ਧੋਖਾ ਹੋ ਗਿਆ ਹੈ ਤੇ ਉਸ ਦਾ ਪਰਵਾਸੀ ਲਾੜਾ ਉਸ ਨਾਲ ਦੋ ਤਿੰਨ ਮਹੀਨੇ ਪਿਆਰ ਪੀਂਘਾ ਝੂਟ ਕੇ ਮੌਜ ਮਸਤੀ ਕਰਕੇ ਗਾਇਬ ਹੋ ਗਿਆ ਹੈ। ਫਿਰ ਅਜਿਹੀਆਂ ਸਜ ਵਿਆਹੀਆਂ ਮੁਟਿਆਰਾਂ ਬੁੱਲ ਮੀਟਦੀਆਂ ਹੌਕੇ ਭਰਦੀਆਂ ਅੱਧੀ ਰਾਤੀਂ ਵੱਡੇ ਤੜਕੇ ਤਕ ਰੋਂਦੀਆਂ ਰਹਿੰਦੀਆਂ ਹਨ।



ਹੁਣ ਇੱਥੇ ਠੱਗ ਲਾੜੀਆਂ ਦੀ ਗਲ ਕਰਨੀ ਵੀ ਜ਼ਰੂਰੀ ਹੈ। ਪੰਜਾਬ 'ਚ ਅਨੇਕਾਂ ਮਾਪੇ ਆਪਣੇ ਪੁੱਤਰਾਂ ਨੂੰ ਵਿਦੇਸ਼ ਭੇਜਣ ਲਈ ਉਹਨਾਂ ਦਾ ਵਿਆਹ ਆਈਲੈਟਸ ਪਾਸ ਕਰ ਚੁੱਕੀ ਕਿਸੇ ਲੜਕੀ ਨਾਲ ਕਰ ਦਿੰਦੇ ਹਨ ਅਤੇ ਫਿਰ ਉਸ ਲੜਕੀ ਨੂੰ ਵਿਦੇਸ਼ ਭੇਜਣ ਲਈ ਸਾਰਾ ਖ਼ਰਚਾ ਖੁਦ ਕਰਦੇ ਹਨ ਤਾਂ ਕਿ ਉਹ ਲੜਕੀ ਵਿਦੇਸ਼ ਜਾ ਕੇ ਉਹਨਾਂ ਦੇ ਪੁੱਤਰ ਨੂੰ ਵੀ ਵਿਦੇਸ਼ ਬੁਲਾ ਲਵੇ ਪਰ ਮੀਡੀਆ 'ਚ ਕਈ ਵਾਰ ਅਜਿਹੀਆਂ ਖ਼ਬਰਾਂ ਆਈਆਂ ਹਨ ਕਿ ਸਹੁਰਿਆਂ ਦੇ ਖਰਚੇ 'ਤੇ ਵਿਦੇਸ਼ ਗਈਆਂ ਕਈ ਲੜਕੀਆਂ ਵੱਲੋਂ ਵਿਦੇਸ਼ ਜਾ ਕੇ ਆਪਣੇ ਪਤੀ ਨੂੰ ਵਿਦੇਸ਼ ਬੁਲਾਉਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਜਿਸ ਕਾਰਨ ਕਈ ਵਾਰ ਮਾਮਲਾ ਗੰਭੀਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕਈ ਕੁੜੀਆਂ ਐਨ.ਆਰ.ਆਈ. ਮੁੰਡੇ ਨਾਲ ਵਿਆਹ ਕਰਵਾ ਕੇ ਜਦੋਂ ਵਿਦੇਸ਼ ਪਹੁੰਚਦੀਆਂ ਹਨ ਤਾਂ ਉਹ ਆਪਣੇ ਪਤੀ ਨਾਲ ਜਾਣ ਦੀ ਥਾਂ ਆਪਣੇ ਪ੍ਰੇਮੀ ਨਾਲ ਜਾਂ ਰਿਸ਼ਤੇਦਾਰਾਂ ਨਾਲ ਗਾਇਬ ਹੋ ਜਾਂਦੀਆਂ ਹਨ ਅਤੇ ਉਸ ਦਾ ਪਤੀ ਉਸ ਨੂੰ ਏਅਰਪੋਰਟ 'ਤੇ ਭਾਲਦਾ ਰਹਿੰਦਾ ਹੈ। ਕਈ ਕੁੜੀਆਂ ਐਨ.ਆਰ.ਆਈ. ਮੁੰਡੇ ਨਾਲ ਵਿਆਹ ਕਰਵਾ ਕੇ ਵਿਦੇਸ਼ ਜਾ ਕੇ ਕੁਝ ਸਮਾਂ ਸਹੁਰੇ ਘਰ ਰਹਿ ਕੇ ਫਿਰ ਗਾਇਬ ਹੋ ਜਾਂਦੀਆਂ ਹਨ ਅਤੇ ਤਲਾਕ ਮੰਗਦੀਆਂ ਹਨ। ਅਜਿਹੀਆਂ ਠੱਗ ਲਾੜੀਆਂ ਦੀ ਚਰਚਾ ਅਕਸਰ ਪਿੰਡਾਂ ਦੀ ਸੱਥਾਂ ਤੋਂ ਲੈ ਕੇ ਮੀਡੀਆ 'ਚ ਹੁੰਦੀ ਰਹਿੰਦੀ ਹੈ।



**ਕੂੰਜਾਂ ਦੀ ਪਰਵਾਜ਼ ਤੇ ਕੁੜੀਆਂ -** ਮੁਟਿਆਰਾਂ ਦਾ ਪਰਵਾਸ ਇਕੋ ਸਿੱਕੇ ਦੇ ਹੀ ਦੋ ਪਾਸੇ ਹੋ ਗਏ ਲੱਗਦੇ ਹਨ। ਦੋਵੇਂ ਹੀ ਪਰਵਾਸ ਦਾ ਦਰਦ ਹੰਢਾਉਂਦੀਆਂ ਹਨ, ਜਿਸ ਤਰਾਂ ਕੂੰਜਾਂ ਰੋ ਕੇ ਆਪਣੇ ਪਰਵਾਸ ਤੇ ਲੰਬੀ ਉਡਾਰੀ ਦਾ ਆਪਣਾ ਦੁੱਖ ਮਜਬੂਰੀ ਨਹੀਂ ਦਸ ਸਕਦੀਆਂ , ਉਸੇ ਤਰਾਂ ਹੀ ਪਰਵਾਸ ਦਾ ਦਰਦ ਹੰਢਾ ਰਹੀਆਂ ਕੁੜੀਆਂ ਵੀ ਤਾਂ ਕੂੰਜਾਂ ਵਾਂਗ ਆਪਣੀ ਹਿੱਕ ਵਿੱਚ ਹੀ ਬਹੁਤ ਕੁੱਝ ਸਾਂਭੀ ਬੈਠੀਆਂ ਹਨ। ਅੱਧੀ ਰਾਤੀਂ ਵੱਡੇ ਤੜਕੇ ਅਜਿਹੀਆਂ ਕੁੜੀਆਂ ਫਿਰ ਬੁੱਲ ਮੀਟਦੀਆਂ ਹਉਕੇ ਭਰਦੀਆਂ ਹਨ। ਉਹਨਾਂ ਦੀ ਹਿੱਕ ਵਿੱਚ ਬਲਦੀ ਅੱਗ ਦਾ ਨਾ ਤਾਂ ਕੋਈ ਪਰਛਾਵਾਂ ਹੁੰਦਾ ਹੈ ਤੇ ਨਾ ਹੀ ਧੂੰਆਂ ਪਰ ਉਸ ਦਾ ਅੱਗ ਦਾ 'ਸੇਕ' ਬਹੁਤ ਹੁੰਦਾ ਹੈ। ਅਜਿਹੀਆਂ ਕੁੜੀਆਂ ਦੀ ਤਕਦੀਰ ਹੀ ਉਹਨਾਂ ਦੀ ਸੌਂਕਣ ਬਣ ਜਾਂਦੀ ਹੈ ਤੇ ਤਦਬੀਰਾਂ ਉਹਨਾਂ ਤੋਂ ਹੁੰਦੀਆਂ ਨਹੀਂ। ਜਿਸ ਕਰਕੇ ਅਜਿਹੀਆਂ ਕੁੜੀਆਂ ਫਿਰ ਕੂੰਜਾਂ ਵਾਂਗ ਹੀ ਦੇਸ਼ ਤੇ ਪਰਦੇਸ਼ ਵਿਚਾਲੇ ਲੰਬੀ ਉਡਾਰੀ ਮਾਰਨ ਜੋਗੀਆਂ ਹੀ ਤਾਂ ਰਹਿ ਜਾਂਦੀਆਂ ਹਨ।





# ਕੁਦਰਤੀ ਆਫ਼ਤਾਂ ਦਾ ਕਹਿਰ

## ਭਾਰਤ 'ਚ ਕੁਦਰਤੀ ਆਫ਼ਤਾਂ ਨੇ 1 ਲੱਖ ਤੋਂ ਵੱਧ ਲੋਕਾਂ ਦੀ ਲਈ ਜਾਨ

## ਵਿਸ਼ਵ ਮੌਸਮ ਵਿਭਾਗ ਨੇ ਪਿਛਲੇ 50 ਸਾਲਾਂ ਦੇ ਜਾਰੀ ਕੀਤੇ ਅੰਕੜੇ







ਅਤਿ ਦੀ ਗਰਮੀ, ਜਲਵਾਯੂ ਅਤੇ ਪਾਣੀ ਨਾਲ ਸਬੰਧਿਤ ਘਟਨਾਵਾਂ ਕਾਰਨ ਭਾਰਤ ਵਿੱਚ ਪਿਛਲੇ 50 ਸਾਲਾਂ ਵਿੱਚ 1 ਲੱਖ 38 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਹੈ। ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਏਜੰਸੀ, ਵਿਸ਼ਵ ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ 1970 ਅਤੇ 2021 ਦੇ ਵਿਚਕਾਰ, ਮੌਸਮ, ਜਲਵਾਯੂ ਅਤੇ ਪਾਣੀ ਨਾਲ ਸਬੰਧਿਤ ਘਟਨਾਵਾਂ ਨੇ ਭਾਰਤ ਵਿੱਚ 573 ਵਾਰ ਤਬਾਹੀ ਮਚਾਈ, ਜਿਸ ਵਿੱਚ 1,38,377 ਲੋਕ ਮਾਰੇ ਗਏ।

### ਵਿਸ਼ਵ ਪੱਧਰ 'ਤੇ 2 ਮਿਲੀਅਨ ਤੋਂ ਵੱਧ ਲੋਕਾਂ ਦੀ ਮੌਤ

ਵਿਸ਼ਵ ਪੱਧਰ 'ਤੇ ਇਸ ਸਮੇਂ ਦੌਰਾਨ 11 ਹਜ਼ਾਰ 778 ਆਫ਼ਤਾਂ ਕਾਰਨ 20 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਇਹਨਾਂ ਆਫ਼ਤਾਂ ਨੇ 4.3 ਟ੍ਰਿਲੀਅਨ ਡਾਲਰ ਦਾ ਆਰਥਿਕ ਨੁਕਸਾਨ ਕੀਤਾ ਹੈ। ਦੁਨੀਆਂ ਭਰ ਵਿੱਚ 90 ਪ੍ਰਤੀਸ਼ਤ ਤੋਂ ਵੱਧ ਮੌਤਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਹੋਈਆਂ ਹਨ।

### ਵਿਸ਼ਵ ਮੈਟਰੋਲੋਜੀਕਲ ਕਾਂਗਰਸ

ਸਵਿਟਜ਼ਰਲੈਂਡ ਦੇ ਜਨੇਵਾ ਵਿੱਚ ਪਿਛਲੇ ਦਿਨੀਂ ਚੌਥੇ ਸਾਲ ਦੀ ਵਿਸ਼ਵ ਮੈਟਰੋਲੋਜੀਕਲ ਕਾਂਗਰਸ ਹੋਈ। ਇਸ ਨੇ 2027 ਦੇ ਅੰਤ ਤੱਕ ਧਰਤੀ 'ਤੇ ਸਾਰੇ ਲੋਕਾਂ ਲਈ ਜਲਦੀ ਚੇਤਾਵਨੀ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਕਾਰਵਾਈ ਕਰਨ ਦੀ ਮੰਗ ਕੀਤੀ।

### ਏਸ਼ੀਆ ਵਿੱਚ 3,612 ਆਫ਼ਤਾਂ ਕਾਰਨ 9 ਲੱਖ ਤੋਂ ਵੱਧ ਮੌਤਾਂ

ਮੌਸਮ ਨੇ ਏਸ਼ੀਆ ਵਿੱਚ 3,612 ਵਾਰ ਤਬਾਹੀ ਮਚਾਈ, ਜਿਸ ਵਿੱਚ 9,84,263 ਲੋਕ ਮਾਰੇ ਗਏ ਅਤੇ 1.4 ਟ੍ਰਿਲੀਅਨ ਡਾਲਰ ਦਾ ਆਰਥਿਕ ਨੁਕਸਾਨ ਹੋਇਆ। ਡਬਲਯੂਐਮਓ ਨੇ ਕਿਹਾ ਕਿ 1970 ਅਤੇ 2021 ਦੇ ਵਿਚਕਾਰ, ਏਸ਼ੀਆ ਵਿੱਚ ਦੁਨੀਆ ਭਰ ਵਿੱਚ ਹੋਈਆਂ ਕੁੱਲ ਮੌਤਾਂ ਦਾ 47 ਪ੍ਰਤੀਸ਼ਤ ਹਿੱਸਾ ਸੀ। ਇਹਨਾਂ ਮੌਤਾਂ ਦਾ ਮੁੱਖ ਕਾਰਨ ਗਰਮ ਚੱਕਰਵਾਤ ਸਨ।2008 ਵਿੱਚ, ਚੱਕਰਵਾਤ ਨਰਗਿਸ ਕਾਰਨ 1,38,366 ਮੌਤਾਂ ਹੋਈਆਂ ਸਨ।

### ਭਾਰਤ ਵਿੱਚ 1970 ਤੋਂ 2021 ਦਰਮਿਆਨ 1,38,377 ਲੋਕਾਂ ਦੀ ਮੌਤ ਹੋਈ

ਬੰਗਲਾਦੇਸ਼ ਵਿੱਚ 281 ਘਟਨਾਵਾਂ ਕਾਰਨ ਏਸ਼ੀਆ ਵਿੱਚ ਸਭ ਤੋਂ ਵੱਧ 5 ਲੱਖ 20 ਹਜ਼ਾਰ 758 ਲੋਕਾਂ ਦੀ ਮੌਤ ਹੋਈ ਹੈ। ਭਾਰਤ ਵਿੱਚ 1970 ਤੋਂ 2021 ਦਰਮਿਆਨ 573 ਆਫ਼ਤਾਂ ਨੇ 1 ਲੱਖ 38 ਹਜ਼ਾਰ 377 ਲੋਕਾਂ ਦੀ ਜਾਨ ਲੈ ਲਈ। ਅਫ਼ਰੀਕਾ ਵਿੱਚ 1839 ਦੀਆਂ ਆਫ਼ਤਾਂ ਕਾਰਨ ਸੱਤ ਲੱਖ 33 ਹਜ਼ਾਰ 585 ਲੋਕਾਂ ਦੀ ਮੌਤ ਹੋ ਗਈ ਸੀ ਅਤੇ 43 ਅਰਬ ਅਮਰੀਕੀ ਡਾਲਰ ਦਾ ਆਰਥਿਕ ਨੁਕਸਾਨ ਹੋਇਆ ਸੀ। ਇਨ੍ਹਾਂ ਵਿੱਚੋਂ 95 ਫੀਸਦੀ ਮੌਤਾਂ ਸੋਕੇ ਕਾਰਨ ਹੁੰਦੀਆਂ ਹਨ। ਭਾਰਤ ਦੇ ਮੌਸਮ ਵਿਭਾਗ ਦੇ ਅਨੁਸਾਰ, 2022 ਵਿੱਚ ਭਾਰਤ ਵਿੱਚ 2,227 ਲੋਕਾਂ ਦੀ ਮੌਤ ਮੌਸਮ ਦੀਆਂ ਘਟਨਾਵਾਂ ਕਾਰਨ ਹੋਈ ਸੀ।

# ਕਾਨਸ ਫ਼ਿਲਮ ਫ਼ੈਸਟੀਵਲ: ਗਲੈਮਰ ਅਤੇ ਪ੍ਰਦਰਸ਼ਨ

## ਕਾਨਸ ਵਿਖੇ ਵਿਰੋਧ ਪ੍ਰਦਰਸ਼ਨਾਂ ਦੇ ਇਤਿਹਾਸ 'ਤੇ ਇੱਕ ਨਜ਼ਰ







ਕਾਨਸ ਫਿਲਮ ਫੈਸਟੀਵਲ ਦੁਨੀਆਂ ਦੇ ਸਭ ਤੋਂ ਵੱਕਾਰੀ ਅਤੇ ਮਸ਼ਹੂਰ ਫਿਲਮ ਫੈਸਟੀਵਲਾਂ ਵਿੱਚੋਂ ਇੱਕ ਹੈ। ਇਹ ਹਰ ਸਾਲ ਫਰਾਂਸ ਦੇ ਸੁੰਦਰ ਸ਼ਹਿਰ ਕਾਨਸ ਵਿੱਚ ਹੁੰਦਾ ਹੈ। ਇਹ ਫੈਸਟੀਵਲ ਅੰਤਰਰਾਸ਼ਟਰੀ ਫਿਲਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਪ੍ਰਦਰਸ਼ਨ ਕਰਦਾ ਹੈ, ਇਸ ਸਾਲ ਵੀ ਸਾਰੇ ਗਲੈਮਰ ਦੇ ਨਾਲ ਸ਼ੁਰੂ ਹੋਇਆ, ਜਿਸ ਵਿੱਚ ਦੁਨੀਆਂ ਭਰ ਦੀਆਂ ਵੱਖ-ਵੱਖ ਮਸ਼ਹੂਰ ਹਸਤੀਆਂ ਨੇ ਸ਼ਿਰਕਤ ਕੀਤੀ ਪਰ ਫਿਲਮਾਂ ਨਾਲ ਸਬੰਧਤ ਵਿਵਾਦਾਂ ਤੋਂ ਇਲਾਵਾ, ਜੋ ਕਿ ਹਰ ਦੂਜੇ ਪੁਰਸਕਾਰ ਸਮਾਰੋਹ ਦਾ ਹਿੱਸਾ ਹੈ, ਕੈਨਸ ਫੈਸਟੀਵਲ ਦਾ ਵੀ ਵਿਰੋਧ ਅਤੇ ਪ੍ਰਦਰਸ਼ਨ ਵੇਖਣ ਨੂੰ ਮਿਲਦੇ ਰਹੇ ਹਨ। ਪਿਛਲੇ ਦਿਨੀਂ ਇੱਕ ਪ੍ਰਦਰਸ਼ਨਕਾਰੀ ਨੇ ਯੂਕਰੇਨ ਦੇ ਝੰਡੇ ਦੇ ਰੰਗਾਂ ਵਿੱਚ ਕੱਪੜੇ ਪਾ ਕੇ ਅਤੇ ਆਪਣੇ ਆਪ ਨੂੰ ਨਕਲੀ ਖੂਨ ਨਾਲ ਢੱਕ ਕੇ ਕਾਨਸ ਫਿਲਮ ਫੈਸਟੀਵਲ ਦੇ ਰੈੱਡ ਕਾਰਪੇਟ 'ਤੇ ਨਾਟਕੀ ਬਿਆਨ ਦਿੱਤਾ। ਇਹ ਘਟਨਾ ਜਸਟ ਫਿਲਿਪੌਟ ਦੀ ਫਿਲਮ ਐਸਿਡ ਦੇ ਪ੍ਰੀਮੀਅਰ ਦੌਰਾਨ ਵਾਪਰੀ। ਨੀਲੇ ਅਤੇ ਪੀਲੇ ਰੰਗ ਵਿੱਚ ਇੱਕ ਫਰਸ਼-ਲੰਬਾਈ ਬਾਲਗਾਊਨ ਪਹਿਨਣ ਵਾਲੀ ਔਰਤ ਆਪਣੇ ਪਹਿਰਾਵੇ ਵਿੱਚ ਪਹੁੰਚੀ, ਨਕਲੀ ਖੂਨ ਦਾ ਇੱਕ ਕੈਪਸੂਲ ਪ੍ਰਾਪਤ ਕੀਤਾ, ਇਸਨੂੰ ਆਪਣੇ ਸਿਰ ਤੋਂ ਉੱਪਰ ਚੁੱਕਿਆ ਅਤੇ ਇਸਨੂੰ ਤੋੜ ਦਿੱਤਾ, ਜਦੋਂ ਕਿ ਇਹ ਸਭ ਕੈਮਰੇ ਲਈ ਮੁਸਕਰਾਉਂਦੇ ਹੋਏ ਕੀਤਾ ਗਿਆ। ਇਸ ਪ੍ਰਦਰਸ਼ਨਕਾਰੀ ਨੂੰ ਬਾਅਦ ਵਿੱਚ ਸੁਰੱਖਿਆ ਕਰਮੀਆਂ ਦੁਆਰਾ ਹਟਾ ਦਿੱਤਾ ਗਿਆ ਸੀ।

### ਕਾਨਸ ਅਤੇ ਵਿਰੋਧ ਪ੍ਰਦਰਸ਼ਨ

ਕੈਨਸ ਫੈਸਟੀਵਲ ਅਤੇ ਵਿਰੋਧ ਪ੍ਰਦਰਸ਼ਨ ਇੱਕ ਦੂਜੇ ਨਾਲ ਚਲਦੇ ਆ ਰਹੇ ਹਨ। ਕਾਨਸ ਵਿੱਚ ਵਿਰੋਧ ਪ੍ਰਦਰਸ਼ਨ 1968 ਵਿੱਚ ਸ਼ੁਰੂ ਹੋਇਆ ਸੀ ਜਦੋਂ ਨਿਰਦੇਸ਼ਕਾਂ, ਅਦਾਕਾਰਾਂ ਅਤੇ ਲੇਖਕਾਂ ਨੇ ਇਸ ਨੂੰ ਬੰਦ ਕਰ ਦਿੱਤਾ ਸੀ। ਇਹ ਹੁਣ ਤੱਕ ਦਾ ਪਹਿਲਾ ਵਿਰੋਧ ਸੀ ਅਤੇ ਬਹੁਤ ਪ੍ਰਭਾਵਸ਼ਾਲੀ ਸੀ।

9 ਫਰਵਰੀ, 1968 ਨੂੰ ਨਿਰਦੇਸ਼ਕ ਮੰਡਲ ਦੀ ਮੀਟਿੰਗ ਦੌਰਾਨ, ਹੈਨਰੀ ਲੈਂਗਲੋਇਸ ( ਇੱਕ ਪ੍ਰਭਾਵਸ਼ਾਲੀ ਫਿਲਮ ਨਿਰਦੇਸ਼ਕ) ਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਫਰਾਂਸੀਸੀ ਸੱਭਿਆਚਾਰਕ ਮੰਤਰੀ ਆਂਡਰੇ ਮਲਰੋਕਸ ਦੁਆਰਾ ਸੰਚਾਲਿਤ ਇਹ ਫੈਸਲਾ, ਪ੍ਰਬੰਧਕੀ ਤਬਦੀਲੀਆਂ ਨੂੰ ਲਾਗੂ ਕਰਨਾ ਅਤੇ ਵਧੇਰੇ ਪ੍ਰਭਾਵ ਹਾਸਲ ਕਰਨਾ ਸੀ। ਇਸ ਵਿਵਾਦ ਨੇ ਕਾਨਸ ਫਿਲਮ ਫੈਸਟੀਵਲ 'ਤੇ ਮਹੱਤਵਪੂਰਣ ਪ੍ਰਭਾਵ ਪਾਇਆ, ਜਿਸ ਨੇ ਸਮਾਗਮ ਦੌਰਾਨ ਹੋਰ ਅਸ਼ਾਂਤੀ ਅਤੇ ਵਿਰੋਧ ਪ੍ਰਦਰਸ਼ਨਾਂ ਲਈ ਪੜਾਅ ਤੈਅ ਕੀਤਾ।

### 2016 ਵਿੱਚ ਬ੍ਰਾਜ਼ੀਲ ਦੇ ਲੇਖਕਾਂ ਦਾ ਵਿਰੋਧ

2016 ਵਿੱਚ ਕਾਨਸ ਵਿੱਚ ਪ੍ਰੀਮੀਅਰ ਹੋਈ ਬ੍ਰਾਜ਼ੀਲੀਅਨ ਫਿਲਮ 'ਐਕੁਏਰੀਅਸ' ਦੇ ਕਲਾਕਾਰਾਂ ਅਤੇ ਅਮਲੇ ਨੇ ਰੈੱਡ ਕਾਰਪੇਟ 'ਤੇ ਰਾਸ਼ਟਰਪਤੀ ਦਿਲਮਾ ਰੌਸੇਫ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ। ਇਹ ਵਿਰੋਧ ਸੀਨੇਟ ਦੇ ਕਥਿਤ ਬਜਟ ਕਾਨੂੰਨ ਦੀ ਉਲੰਘਣਾ ਲਈ ਰੂਸੇਫ 'ਤੇ ਮੁਕੱਦਮਾ ਚਲਾਉਣ ਦੇ ਫੈਸਲੇ ਦੇ ਜਵਾਬ ਵਿੱਚ ਸੀ, ਜਿਸ ਨਾਲ ਉਸਨੂੰ 180 ਦਿਨਾਂ ਤੱਕ ਅਹੁਦੇ ਤੋਂ ਮੁਅੱਤਲ ਕੀਤਾ ਗਿਆ ਸੀ। ਰੌਸੇਫ ਆਪਣੀ ਬੇਗੁਨਾਹੀ ਨੂੰ ਬਰਕਰਾਰ ਰੱਖਦੀ ਹੈ ਅਤੇ

### 2017 ਅਤੇ 2019 ਵਿੱਚ ਲਿੰਗ ਸਮਾਨਤਾ ਲਈ ਵਿਰੋਧ ਪ੍ਰਦਰਸ਼ਨ

ਇਹ ਵਿਰੋਧ ਉਦੋਂ ਹੋਇਆ ਜਦੋਂ ਕਈ ਔਰਤਾਂ ਕਥਿਤ ਤੌਰ 'ਤੇ ਉੱਚੀ ਅੱਡੀ ਨਾ ਪਹਿਨਣ ਕਾਰਨ ਲਾਲ ਕਾਰਪੇਟ ਤੋਂ ਹਟ ਗਈਆਂ। ਇਸ ਘਟਨਾ ਨੇ ਫਿਲਮ ਉਦਯੋਗ ਵਿੱਚ ਲਿੰਗ ਅਸਮਾਨਤਾ ਅਤੇ ਪ੍ਰਤੀਨਿਧਤਾ ਦੇ ਵਿਆਪਕ ਮੁੱਦੇ ਵੱਲ ਧਿਆਨ ਖਿੱਚਿਆ। ਉਸ ਸਾਲ ਔਰਤਾਂ ਦੀ (ਬਾਕੀ ਸਫ਼ਾ 31 'ਤੇ)



# ਮਨੁੱਖੀ ਸਭਿਅਤਾ ਤੇ ਅਜ਼ਾਦੀ ਲਈ ਖ਼ਤਰਨਾਕ
# ਆਰਟੀ.ਫੀਸ਼ਲ ਇੰਟੈਲੀਜੈਂਸ


ਪ੍ਰੋ. ਬਲਵਿੰਦਰ ਪਾਲ
9815700916

ਪਿਛਲੇ ਕੁਝ ਸਮੇਂ ਦੌਰਾਨ, ਸੰਸਾਰ ਦੀ ਮੰਡੀ ਵਿੱਚ ਕਈ ਏ.ਆਈ. ਮਾਡਲ ਪੈਰ ਧਰ ਚੁੱਕੇ ਹਨ ਅਤੇ ਹੁਣ ਇਨ੍ਹਾਂ ਨਾਲ ਸਬੰਧਿਤ ਨਿਰਮਾਤਾਵਾਂ ਨੇ ਹੀ ਏ.ਆਈ. ਨੂੰ ਲੈ ਕੇ ਖਦਸ਼ੇ ਜਤਾਉਣੇ ਸ਼ੁਰੂ ਕਰ ਦਿੱਤੇ ਹਨ। ਡਰ ਇਹ ਪ੍ਰਗਟਾਇਆ ਜਾ ਰਿਹਾ ਹੈ ਕਿ ਇਹ ਵੱਡੀ ਗਿਣਤੀ ਵਿੱਚ ਨੌਕਰੀਆਂ ਖਾ ਜਾਵੇਗਾ ਤੇ ਇਹ ਪੂਰੀ ਮਨੁੱਖਤਾ ਨੂੰ ਹੀ ਕੰਟਰੋਲ ਕਰ ਲਵੇਗਾ। ਪਿਛਲੇ ਮਹੀਨੇ, 1,000 ਮਾਹਿਰਾਂ ਨੇ ਆਰਟੀਫੀਸ਼ਲ ਇੰਟੈਲੀਜੈਂਸ ਡਿਵੈਲਪਮੈਂਟ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ ਕਿ ਆਰਟੀਫੀਸ਼ਲ ਇੰਟੈਲੀਜੈਂਸ ਬਣਾਉਣ ਦੀ ਦੌੜ ਬੇਕਾਬੂ ਹੁੰਦੀ ਜਾ ਰਹੀ ਹੈ ਕੁਝ ਸਮਾਂ ਪਹਿਲਾਂ, ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਗੌਡਫਾਦਰ ਵਜੋਂ ਜਾਣੇ ਜਾਂਦੇ ਜਿਓਫਰੀ ਹਿੰਟਨ ਨੇ ਇਸ ਖੇਤਰ ਵਿੱਚ ਵਿਕਾਸ ਦੇ ਵਧ ਰਹੇ ਖ਼ਤਰਿਆਂ ਬਾਰੇ ਚੇਤਾਵਨੀ ਦਿੰਦੇ ਹੋਏ ਆਪਣੀ ਨੌਕਰੀ ਛੱਡ ਦਿੱਤੀ ਸੀ।

ਕੁਝ ਲੋਕ ਸੋਚਦੇ ਹਨ ਕਿ ਤਕਨਾਲੋਜੀ ਅਸਲ ਵਿੱਚ ਚੰਗੀ ਹੁੰਦੀ ਹੈ, ਜਦਕਿ ਦੂਸਰੇ ਇਸ 'ਤੇ ਜ਼ਿਆਦਾ ਭਰੋਸਾ ਨਹੀਂ ਕਰਦੇ। ਅਸਲ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ



ਕੰਪਿਊਟਰ ਸਾਇੰਸ ਦੀ ਇੱਕ ਸ਼ਾਖਾ ਹੈ ਜਿਹਦਾ ਟੀਚਾ ਮਸ਼ੀਨਾਂ ਵਿੱਚ ਬੁੱਧੀ ਜਾਂ ਮਨੁੱਖਾਂ ਵਰਗੀ ਅਕਲ ਭਰਨਾ ਹੈ। ਕੰਪਿਊਟਰ ਨੂੰ ਕਈ ਕੁਝ ਸਿਖਾਇਆ ਜਾਂਦਾ ਹੈ, ਉਹਦੇ ਵਿੱਚ ਲੋਡ ਕੀਤਾ ਜਾਂਦਾ ਹੈ ਜੋ ਉਹ ਆਪਣੀ ਮੈਮਰੀ ਵਿੱਚ ਯਾਦ ਰੱਖਦਾ ਹੈ ਜਿਵੇਂ: ਵਿਸ਼ਾਲ ਗਿਆਨ, ਮਸਲਿਆਂ ਦੇ ਹੱਲ ਕੱਢਣਾ, ਦਲੀਲ, ਯੋਜਨਾਬੰਦੀ ਕਰਨਾ, ਜੁਗਾੜ ਲਗਾਉਣੇ ਆਦਿ। ਕੰਪਿਊਟਰ ਵਿੱਚ ਗਿਆਨ ਇਕੱਠਾ ਕਰਨਾ ਮਸਨੂਈ ਬੁੱਧੀ ਦਾ ਮੁੱਖ ਧੁਰਾ ਹੁੰਦਾ ਹੈ। ਜੇਕਰ ਮਸ਼ੀਨ ਦੇ ਅੰਦਰ ਗਿਆਨ ਦਾ ਵਿਸ਼ਾਲ ਭੰਡਾਰ ਹੋਵੇਗਾ ਤਾਂ ਹੀ ਉਹ ਬੋਧਿਕ ਕੰਮ ਕਰ ਸਕੇਗੀ ਤੇ ਕਿਸੇ ਕੰਮ ਬਾਰੇ ਪ੍ਰਤੀਕਰਮ ਦੇ ਸਕੇਗੀ। ਰੋਬੋਟਿਕਸ, ਮਸਨੂਈ ਬੁੱਧੀ ਨਾਲ ਸਬੰਧਿਤ ਪ੍ਰਮੁੱਖ ਖੇਤਰ ਹੈ।ਅਸਲ ਵਿੱਚ ਇਹ ਮਨੁੱਖੀ ਸੱਭਿਅਤਾ ਬਾਰੇ ਇੱਕੀਵੀਂ ਸਦੀ ਦਾ ਅਹਿਮ ਸਵਾਲ ਹੈ। ਕਿਉਂਕਿ ਮਨੁੱਖੀ ਚੇਤਨਾ ਦੇ ਸ਼ਬਦ ਬ੍ਰਹਮ ਦਾ ਮਸ਼ੀਨੀਕਰਨ ਕਰਕੇ ਹਾਈਜੈਕ ਕੀਤਾ ਜਾ ਰਿਹਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਦਿਮਾਗ ਦਾ ਬਦਲ ਹੈ। ਸੋਚੋ, ਇਨਸਾਨ ਹੋਣ ਦਾ ਕੀ ਅਰਥ ਹੈ? ਮਨੁੱਖ ਜਾਨਵਰ ਤੋਂ ਕਿਵੇਂ ਵੱਖਰਾ ਹੈ? ਜੇਕਰ ਮਨੁੱਖੀ ਚੇਤਨਾ, ਉਸਦਾ ਦਿਮਾਗ ਉਸਦੇ ਸਰੀਰ ਦੀਆਂ ਭਾਵਨਾਵਾਂ, ਖੁਸ਼ੀ, ਦੁੱਖ ਅਤੇ ਯਾਦਾਂ ਨੂੰ ਸ਼ਬਦਾਂ ਅਤੇ ਭਾਸ਼ਾ ਦੁਆਰਾ ਪ੍ਰਗਟ ਨਹੀਂ ਕਰ ਸਕਦਾ, ਤਾਂ ਉਸ ਦੇ ਜੀਵ-ਵਿਗਿਆਨਕ ਸਰੀਰ ਦਾ ਕੀ ਲਾਭ ਹੈ? ਜੇ ਮਨੁੱਖੀ ਦਿਮਾਗ ਆਪਣੇ ਆਪ ਸੋਚਣਾ ਬੰਦ ਕਰ ਦੇਵੇ ਤੇ ਸਭ ਕੁਝ ਆਰਟੀਫੀਸ਼ਲ ਇੰਟੈਲੀਜੈਂਸ ਨੂੰ ਸੌਂਪ ਦੇਵੇ ਤਾਂ ਮਨੁੱਖ ਤੇ ਪਸ਼ੂ ਜਾਂ ਬੁੱਤ ਵਿੱਚ ਕੀ ਅੰਤਰ ਹੋਵੇਗਾ?

ਸਵਾਲ ਇਹ ਹੈ ਕਿ ਚੇਤਨਾ ਦਾ ਕੀ ਅਰਥ ਹੈ? ਗੁਰਮਤਿ ਅਨੁਸਾਰ ਮਨੁੱਖ ਦੀ ਉਤਪਤੀ, ਬ੍ਰਹਿਮੰਡ ਅਤੇ ਸਭਿਅਤਾ ਦਾ ਜਨਮਦਾਤਾ ਬ੍ਰਹਮ ਹੈ, ਜਿਸ ਕਾਰਨ ਮਨੁੱਖ ਪਸ਼ੂ ,ਪਦਾਰਥ ਤੇ ਮਸ਼ੀਨ ਨਾਲੋਂ ਭਿੰਨ ਹੈ। ਬ੍ਰਹਮ ਕਾਰਨ ਉਸਦੀ ਆਤਮਾ ,ਚੇਤਨਾ ਤੇ ਸਰੀਰ ਦਾ ਸਮੁੱਚਾ ਵਰਤਾਰਾ ਚੱਲਦਾ ਹੈ। ਅਨੁਭਵ ਤੇ ਸ਼ਬਦ ਦਿਮਾਗ ਵਿਚੋਂ ਪੈਦਾ ਹੁੰਦੇ ਮਨੁੱਖੀ ਮਨ ਨੂੰ ਆਦੇਸ਼ ਦਿੰਦੇ ਹਨ। ਚੇਤਨਾ ਹੀ ਸਰੀਰ ਨੂੰ ਸਰਗਰਮ ਕਰਦੀ ਹੈ। 'ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨੁ ਖੇਤੁ' ਦਾ ਇਹੀ ਭਾਵ ਹੈ। ਦਿਮਾਗ ਦੇ ਕੰਮਾਂ ਤੇ ਗੁਣਵੱਤਾ ਨੂੰ ਹੀ ਮਨ ਕਹਿੰਦੇ ਹਨ। ਦਿਮਾਗ ਹਰ ਕੰਮ ਨੂੰ ਸੌਖਿਆਂ ਤੇ ਸੁਚੱਜ ਨਾਲ ਕਰਨ ਲਈ ਨਮੂਨੇ ਘੜ੍ਹਦਾ ਹੈ। ਉਹ ਇਨ੍ਹਾਂ ਨੂੰ ਵਰਤਣ ਲਈ ਆਪਣੇ ਅੰਦਰ ਜਮ੍ਹਾਂ ਕਰ ਕੇ ਰੱਖਦਾ ਹੈ, ਇਸ ਨੂੰ ਮੱਤ ਕਹਿੰਦੇ ਹਨ। ਸੁਰਤ, ਮਤ ਤੇ ਮਨ ਦੀ ਲਗਾਤਾਰ ਵਰਤੋਂ ਨਾਲ ਬੁੱਧ ਪੈਦਾ ਹੁੰਦੀ ਹੈ, ਜੋ ਵਿਵੇਕ ਦੇ ਸਹਾਰੇ ਭਵਿੱਖ ਦੇ ਕਾਰਜਾਂ ਅਤੇ ਸਿੱਟਿਆਂ ਬਾਰੇ ਅੰਦਾਜ਼ਾ ਲਾ ਲੈਂਦੀ ਹੈ। ਬੁੱਧ ਪੱਖੋਂ ਮਨੁੱਖ ਸਿੱਖਦਾ ਹੀ ਰਹਿੰਦਾ ਹੈ। ਇਸੇ ਲਈ ਉਸ ਨੂੰ ਸਦਾ ਵਿਦਿਆਰਥੀ ਮੰਨਿਆ ਜਾਂਦਾ ਹੈ। ਗੁਰੂ ਸਾਹਿਬ



ਫ਼ਰਮਾਉਂਦੇ ਹਨ, ਮੰਨੇ ਭਾਵ ਮਨਨ ਨਾਲ ਸੁਰਤ, ਮਤ, ਮਨ ਅਤੇ ਬੁੱਧ ਘੜ੍ਹੇ ਜਾਂਦੇ ਹਨ ਤੇ ਇਨ੍ਹਾਂ ਦਾ ਸਰਬ-ਪੱਖੀ ਵਿਕਾਸ ਹੁੰਦਾ ਹੈ। ਮਨੁੱਖ ਦੇ ਦਿਮਾਗੀ ਵਿਸ਼ਲੇਸ਼ਣ ਅਤੇ ਅਨੁਭਵ ਸਦਕਾ ਸਮਾਜਿਕ ਸੂਝ ਭਾਵ ਸਭਿਅਤਾ ਬਣਦੀ ਹੈ। ਤਨ ਵਿੱਚ ਮਨ ਹੁੰਦਾ ਹੈ ਅਤੇ ਮਨ ਵਿੱਚ ਬ੍ਰਹਮ ਵਸਦਾ ਹੈ। ਮਨ ਆਪਣੇ ਕਰਤੇ ਬ੍ਰਹਮ ਨਾਲ ਮਿਲ ਕੇ ਉਸ ਵਿੱਚ ਅਭੇਦ ਹੋ ਜਾਂਦਾ ਹੈ। ਬ੍ਰਹਮ ਨਾਲ ਮਿਲਾਪ ਕਰਨ ਦੀ ਯੋਗਤਾ ਕੇਵਲ ਮਨ ਵਿੱਚ ਹੀ ਹੈ ਕਿਉਂਕਿ ਉਹੋ ਬ੍ਰਹਮ ਦਾ ਅੰਸ਼ ਹੈ।

ਪਦਾਰਥ ਹੋਣ ਕਾਰਨ ਸਰੀਰ ਹਰ ਪਲ ਬਦਲਦਾ ਰਹਿੰਦਾ ਹੈ ਅਤੇ ਮੌਤ ਹੋਣ ਤੇ ਮਿੱਟੀ ਬਣ ਕੇ ਉਸ ਵਿੱਚ ਰਲ ਜਾਂਦਾ ਹੈ ਪਰ ਮਨ ਦੀ ਮੌਤ ਨਹੀਂ ਹੁੰਦੀ। ਗੁਰਬਾਣੀ ਦਾ ਕਥਨ ਹੈ: ਇਸੁ ਮਨ ਕਉ ਨਹੀ ਆਵਣ ਜਾਨਾ॥ ਜਿਸ ਕਾ ਭਰਮ ਗਿਆ ਤਿਨਿ ਸਾਚੁ ਪਛਾਣਾ॥ ਅਤੇ ਇਸੁ ਮਨ ਕਉ ਕੋਈ ਖੋਜਹੁ ਭਾਈ॥ ਤਨ ਛੂਟੇ ਮਨੁ ਕਹਾ ਸਮਾਈ॥ (ਪੰਨਾ ੩੩੦)।

ਪਰ ਇੱਕੀਵੀਂ ਸਦੀ ਵਿੱਚ ਮਨੁੱਖ ਦੁਆਰਾ ਬਣਾਈ ਨਕਲੀ ਬੁੱਧੀ ਜੇਕਰ ਮਨੁੱਖੀ ਚੇਤਨਾ ਨੂੰ ਆਪਣੇ ਕਬਜ਼ੇ ਵਿੱਚ ਲੈਂਦੀ ਹੈ ਤਾਂ ਮਨੁੱਖੀ ਮਨ ਸੰਵੇਦਨਹੀਣ ਹੋ ਜਾਵੇਗਾ। ਮਨੁੱਖ ਬ੍ਰਹਮ ਦੀ ਥਾਂ ਮਸ਼ੀਨੀ ਕਮਾਂਡ ਦੁਆਰਾ ਚਲੇਗਾ।

(ਬਾਕੀ ਸਫ਼ਾ 31 'ਤੇ)





# 'ਪਿਆਸੇ ਸ਼ਹਿਰਾਂ' ਦੇ 'ਡੁੱਬਣ' ਦੀ ਦਾਸਤਾਨ
## ਕਿਵੇਂ ਏਨਾ ਤਾਕਤਵਰ ਹੋ ਜਾਂਦਾ ਹੈ ਹੜ੍ਹ ਦਾ ਪਾਣੀ

ਇੱਕ ਪਾਸੇ ਦੁਨੀਆਂ ਦੇ ਹਰ ਇਲਾਕੇ 'ਚ ਪੀਣ ਵਾਲੇ ਪਾਣੀ ਦੀ ਘਾਟ ਪੈਦਾ ਹੋ ਰਹੀ ਹੈ, ਜਿਸ ਲਈ ਜਲ ਸੰਕਟ ਪੈਦਾ ਹੋ ਰਿਹਾ ਹੈ, ਦੂਜੇ ਪਾਸੇ ਹੜ੍ਹ ਆਉਣ ਕਾਰਨ ਦੁਨੀਆਂ ਦੇ 'ਪਿਆਸੇ ਸ਼ਹਿਰ' ਮਿੰਟਾਂ 'ਚ ਹੀ ਹੜ੍ਹ ਦੇ ਪਾਣੀ 'ਚ ਡੁੱਬ ਜਾਂਦੇ ਹਨ। ਹੜ੍ਹ ਆਉਣ ਤੋਂ ਬਾਅਦ ਮਨੁੱਖ ਹਰ ਪਾਸਿਓਂ ਪਾਣੀ ਨਾਲ ਘਿਰਿਆ ਹੁੰਦਾ ਹੈ, ਪਰ ਉਹ ਫਿਰ ਵੀ ਪਿਆਸਾ ਹੁੰਦਾ ਹੈ, ਕਿਉਂਕਿ ਹੜ੍ਹ ਦਾ ਪਾਣੀ ਪਿਆਸ ਨਹੀਂ ਬੁਝਾਉਂਦਾ ਸਿਰਫ਼ ਤਬਾਹੀ ਲਿਆਉਂਦਾ ਹੈ।

ਦੁਨੀਆਂ ਦੇ ਕਿਸੇ ਵੀ ਇਲਾਕੇ 'ਚ ਜਦੋਂ ਹੜ੍ਹ ਆਉਂਦਾ ਹੈ ਤਾਂ ਕੁਝ ਹੀ ਮਿੰਟਾਂ ਵਿੱਚ ਹੜ੍ਹ ਵੱਲੋਂ ਹਰ ਚੀਜ਼ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਾਂਦਾ ਹੈ। ਘਰ ਢਹਿਣ ਲੱਗਦੇ ਹਨ, ਕਾਰਾਂ ਮਾਚਿਸ ਦੇ ਡੱਬੇ ਵਾਂਗ ਉੱਡਣ ਲੱਗਦੀਆਂ ਹਨ। ਘਰਾਂ ਦੇ ਤਹਿਖ਼ਾਨੇ ਕਬਰਾਂ ਵਿੱਚ ਬਦਲ ਜਾਂਦੇ ਹਨ। ਮਨੁੱਖ ਹੁਣ ਤਕ ਇਸ ਕਹਿਰ ਦੇ ਸਾਹਮਣੇ ਬੇਵੱਸ ਨਜ਼ਰ ਆਇਆ ਹੈ।

ਆਮ ਦਿਨਾਂ ਵਿੱਚ ਸ਼ਾਂਤ ਦਿਖਾਈ ਦੇਣ ਵਾਲਾ ਪਾਣੀ ਇੰਨਾ ਸ਼ਕਤੀਸ਼ਾਲੀ ਕਿਵੇਂ ਹੋ ਜਾਂਦਾ ਹੈ? ਮਾਈਕਲ ਡਿਟਸੇ ਹੈਲਮਹੋਲਟਜ਼ ਸੈਂਟਰ ਪੋਟਸਡੈਮ, ਜਰਮਨੀ ਵਿਖੇ ਭੂ-ਰੂਪ ਵਿਗਿਆਨ ਦਾ ਮਾਹਰ ਹੈ। ਉਹ ਜਰਮਨ ਰਿਸਰਚ ਸੈਂਟਰ ਫਾਰ ਜੀਓ ਸਾਇੰਸ ਦੀ ਵੈੱਬਸਾਈਟ 'ਤੇ ਇਸ ਬਾਰੇ ਦੱਸਦਾ ਹੈ। ਡਿਟਸੇ ਦੇ ਅਨੁਸਾਰ, ਸਭ ਤੋਂ ਪਹਿਲਾਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇੱਕ ਘਣ ਮੀਟਰ ਪਾਣੀ ਦਾ ਭਾਰ ਇੱਕ ਮੀਟਰਿਕ ਟਨ ਹੁੰਦਾ ਹੈ। ਉਹ ਕਹਿੰਦਾ ਹੈ, 'ਇਹ ਇੱਕ ਬਹੁਤ ਵੱਡਾ ਭਾਰ ਹੈ ਅਤੇ ਇਹ ਹਰ ਉਸ ਚੀਜ਼ ਨੂੰ ਤੋਲ ਦਿੰਦਾ ਹੈ ਜੋ ਇਸ ਦੇ ਰਾਹ ਵਿੱਚ ਆਉਂਦੀ ਹੈ।' 'ਵਗਦਾ ਪਾਣੀ ਬਹੁਤ ਸ਼ਕਤੀਸ਼ਾਲੀ ਹੁੰਦਾ ਹੈ, ਇੰਨਾ ਪਾਣੀ ਏਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਇਹ ਆਸਾਨੀ ਨਾਲ ਕਾਰਾਂ ਅਤੇ ਬੇਲੋੜੇ ਸ਼ਿਪਿੰਗ ਕੰਟੇਨਰਾਂ ਨੂੰ ਤਬਾਹ ਕਰ ਸਕਦਾ ਹੈ।'

ਇਸ ਦੌਰਾਨ ਕੁਝ ਹੋਰ ਕਾਰਨ ਵੀ ਵੱਡੀ ਭੂਮਿਕਾ ਨਿਭਾਉਂਦੇ ਹਨ ਜਿਵੇਂ, ਮਿੱਟੀ ਦਾ ਖੋਰਾ। ਨੁਕਸਾਨੀ ਗਈ ਜ਼ਮੀਨ ਸਥਿਰ ਜਾਪਦੀ ਹੈ ਪਰ ਪਾਣੀ ਦੇ ਤੇਜ਼ ਕਰੰਟ ਦੁਆਰਾ ਇਸ ਨੂੰ ਆਸਾਨੀ ਨਾਲ ਧੋਇਆ ਜਾ ਸਕਦਾ ਹੈ। ਪੋਟਸਡੈਮ ਵਿੱਚ ਜਰਮਨ ਰਿਸਰਚ ਸੈਂਟਰ ਫਾਰ ਜੀਓ ਸਾਇੰਸਜ਼ ਦੇ ਵਿਗਿਆਨੀ ਇਹ ਜਾਣਨਾ ਚਾਹੁੰਦੇ ਹਨ ਕਿ ਪਾਣੀ ਗਾਦ ਜਾਂ ਰੇਤ ਕਿਵੇਂ ਲੈ ਜਾਂਦਾ ਹੈ। ਹੜ੍ਹ ਦੌਰਾਨ ਪਾਣੀ ਦੀਆਂ ਲਹਿਰਾਂ ਕਿਵੇਂ ਵਗਦੀਆਂ ਹਨ ਅਤੇ ਕਿਵੇਂ ਹੜ੍ਹ ਪੂਰੇ ਇਲਾਕੇ ਵਿੱਚ ਫੈਲ ਕੇ ਅੱਗੇ ਵਧਦਾ ਹੈ।



ਜਰਮਨੀ ਦੇ ਮੌਸਮ ਵਿਭਾਗ ਮੁਤਾਬਕ ਹੁਣ ਤੱਕ ਭਾਰੀ ਮੀਂਹ ਕਾਰਨ ਹੋਏ ਨੁਕਸਾਨ ਦਾ ਅੰਦਾਜ਼ਾ ਨਹੀਂ ਲਗਾਇਆ ਗਿਆ ਹੈ। ਬਹੁਤੇ ਖੇਤਰਾਂ ਵਿੱਚ ਅਚਾਨਕ ਤੇਜ਼ ਮੀਂਹ ਪੈਣ ਦੀ ਭਵਿੱਖਬਾਣੀ ਕਰਨਾ ਬਹੁਤ ਮੁਸ਼ਕਲ ਹੈ। ਮੌਸਮ ਵਿਗਿਆਨੀ ਦੱਸ ਸਕਦੇ ਹਨ ਕਿ ਮੀਂਹ ਪਵੇਗਾ ਜਾਂ ਨਹੀਂ, ਪਰ ਕਿਸੇ ਖਾਸ ਖੇਤਰ ਵਿੱਚ ਕਦੋਂ ਅਤੇ ਕਿੰਨੀ ਬਾਰਿਸ਼ ਹੋਵੇਗੀ, ਇਹ ਨਹੀਂ ਕਿਹਾ ਜਾ ਸਕਦਾ।

ਨਦੀਆਂ ਤੋਂ ਦੂਰ ਇਲਾਕਿਆਂ ਵਿੱਚ ਵੀ ਭਾਰੀ ਮੀਂਹ ਤਬਾਹੀ ਮਚਾ ਸਕਦਾ ਹੈ। ਡਿਟਸੇ ਕਹਿੰਦਾ ਹੈ, ਭਾਰੀ ਬਰਸਾਤ ਕਿਸੇ ਖੇਤਰ ਨੂੰ ਜ਼ਮੀਨ ਦੀ ਪਾਣੀ-ਜਜ਼ਬ ਕਰਨ ਦੀ ਸਮਰੱਥਾ ਤੋਂ ਕਈ ਗੁਣਾ ਵੱਧ ਹੜ੍ਹ ਦੇ ਸਕਦੀ ਹੈ।

**ਮਿੱਟੀ ਅਤੇ ਇਸ ਦੀ ਪਾਣੀ ਰੱਖਣ ਦੀ ਸਮਰੱਥਾ**

ਪਾਣੀ ਦੀ ਮਾਤਰਾ ਹੀ ਇੱਕ ਅਜਿਹਾ ਕਾਰਕ ਨਹੀਂ ਹੈ ਜੋ ਹੜ੍ਹ ਨੂੰ ਸ਼ਕਤੀਸ਼ਾਲੀ ਬਣਾਉਂਦਾ ਹੈ। ਜ਼ਮੀਨ ਵਿੱਚ ਮਿੱਟੀ ਦੀ ਰਚਨਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਮਿੱਟੀ ਵਿੱਚ ਮੌਜੂਦ ਸੂਖਮ ਛੇਦ ਇਸ ਵਿੱਚ ਨਿਰਣਾਇਕ ਭੂਮਿਕਾ ਸਾਬਤ ਹੁੰਦੇ ਹਨ। ਦੋ ਮਾਈਕ੍ਰੋਮੀਟਰਾਂ ਤੋਂ ਛੋਟੇ ਕਣਾਂ ਵਿਚਕਾਰ ਸਪੇਸ ਦੀ ਮਾਤਰਾ ਇਹ ਨਿਰਧਾਰਤ ਕਰਦੀ ਹੈ ਕਿ ਉੱਥੇ ਕਿੰਨਾ ਪਾਣੀ ਸਟੋਰ ਕੀਤਾ ਜਾ ਸਕਦਾ ਹੈ।

ਮੀਂਹ ਤੋਂ ਪਹਿਲਾਂ ਜ਼ਮੀਨ ਦੀ ਹਾਲਤ ਵੀ ਜ਼ਰੂਰੀ ਹੈ। ਜੇ ਲੰਬੇ ਸੋਕੇ ਤੋਂ ਬਾਅਦ ਅਚਾਨਕ ਤੇਜ਼ ਮੀਂਹ ਪੈ ਜਾਵੇ, ਤਾਂ ਜ਼ਮੀਨ ਇੱਕ ਵਾਰ ਵਿੱਚ ਬਹੁਤਾ ਪਾਣੀ ਸਟੋਰ ਕਰਨ ਦੇ ਯੋਗ ਨਹੀਂ ਰਹਿੰਦੀ। ਪਾਣੀ ਨੂੰ ਸਟੋਰ ਕਰਨ ਦੀ ਬਜਾਏ, ਸੁੱਕੀ ਜ਼ਮੀਨ ਇਸ ਨੂੰ ਉੱਪਰਲੀ ਸਤ੍ਹਾ ਤੋਂ ਆਪਣੇ ਆਪ ਕੱਢਦੀ ਹੈ। ਕੋਲੋਨ ਯੂਨੀਵਰਸਿਟੀ ਦਾ ਜਰਮਨੀ ਵਿੱਚ ਰਾਈਨ ਨਦੀ ਉੱਤੇ ਇੱਕ ਵਾਤਾਵਰਣ ਖੋਜ ਕੇਂਦਰ ਹੈ। ਖੋਜ ਕੇਂਦਰ ਦੇ ਨਤੀਜਿਆਂ ਅਨੁਸਾਰ ਹੜ੍ਹਾਂ ਦੌਰਾਨ ਪਾਣੀ 1-2 ਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਹਾਸਲ ਕਰ ਸਕਦਾ ਹੈ।

**ਪਾਣੀ ਅਤੇ ਕਣ**

ਇਕੱਲਾ ਪਾਣੀ ਹੀ ਘਰਾਂ ਜਾਂ ਸੜਕਾਂ ਤਬਾਹ ਕਰਨ ਦਾ ਕੰਮ ਨਹੀਂ ਕਰਦਾ। ਇਹ ਨੁਕਸਾਨ ਪਾਣੀ ਵਿੱਚ ਤੈਰ ਰਹੇ ਕਣਾਂ ਕਾਰਨ ਹੁੰਦੇ ਹਨ। ਉਹ ਜ਼ਮੀਨਾਂ, ਸੜਕਾਂ ਅਤੇ ਇਮਾਰਤਾਂ ਦੀਆਂ ਕੰਧਾਂ ਨੂੰ ਤਬਾਹ ਕਰਦੇ ਹੋਏ ਅੱਗੇ ਵਧਦੇ ਹਨ।

(ਬਾਕੀ ਸਫ਼ਾ 31 'ਤੇ)

# ਜਨਸੰਘ ਦੀ ਫਿਰਕੂ ਰਾਜਨੀਤੀ ਪੰਜਾਬੀ ਭਾਸ਼ਾ ਤੇ ਸਿੱਖ ਸੱਭਿਆਚਾਰ ਲਈ ਰਹੀ ਘਾਤਕ

ਡਾ. ਜਸਵੀਰ ਸਿੰਘ



ਕੁਝ ਸਮਾਂ ਪਹਿਲਾਂ ਸਿੱਖ ਚਿੰਤਕ ਸਰਦਾਰ ਅਜਮੇਰ ਸਿੰਘ ਵੱਲੋਂ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦੇ ਚਲਾਣੇ ਸਬੰਧੀ ਦਿੱਤੀ ਗਈ ਇੱਕ ਮੁਲਾਕਾਤ ਵਿੱਚ ਪੰਜਾਬ ਵਿੱਚ ਹਿੰਦੂ ਆਗੂਆਂ ਦੀ ਹਿੰਦੀ ਭਾਸ਼ਾ ਪ੍ਰਤੀ ਪ੍ਰਤੀਬੱਧਤਾ ਦਾ ਮੁਲਾਂਕਣ ਕੀਤਾ ਸੀ । ਇਹ ਮੁਲਾਂਕਣ ਅਕਾਲੀ ਦਲ ਅਤੇ ਇਸ ਦੇ ਆਗੂਆਂ (ਖਾਸ ਕਰਕੇ ਪ੍ਰਕਾਸ਼ ਸਿੰਘ ਬਾਦਲ) ਦੀ ਸਿੱਖਾਂ ਸਬੰਧੀ ਕੌਮਵਾਦੀ ਨੀਤੀ ( ਜਿਸ ਵਿੱਚ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦਾ ਅਟੁੱਟ ਥਾਂ ਹੈ) ਨੂੰ ਬੁਰੀ ਤਰ੍ਹਾਂ ਵਿਸਾਰ ਦੇਣ ਦੇ ਸੰਦਰਭ ਵਿੱਚ ਕੀਤਾ ਗਿਆ। ਇਹ ਵਰਤਾਰਾ ਜਿੱਥੇ ਇੱਕ ਪਾਸੇ ਪ੍ਰਕਾਸ਼ ਸਿੰਘ ਬਾਦਲ ਰਾਹੀਂ ਅਕਾਲੀ ਦਲ ਦੇ ਬਚੇ-ਖੁਚੇ ਸਿੱਖ ਖ਼ਾਸੇ ਨੂੰ ਖਤਮ ਕਰਕੇ ਇਸ ਦਾ ਭਾਰਤੀ ਕਰਨ ਕਰਨ ਵੱਲ ਸੇਧਤ ਹੈ ਤਾਂ ਦੂਜੇ ਪਾਸੇ ਇਹ ਪੰਜਾਬ ਵਿਚਲੀ ਹਿੰਦੂ ਰਾਸ਼ਟਰਵਾਦੀ ਨੀਤੀ ਦਾ ਵਿਸ਼ਲੇਸ਼ਣ ਕਰਨ ਦੀ ਮੰਗ ਵੀ ਕਰਦਾ ਹੈ। ਪੰਜਾਬ ਵਿੱਚ ਸੰਗਠਿਤ ਹਿੰਦੂ ਵਾਦੀ ਸੰਸਥਾਵਾਂ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਜਨਸੰਘ ਸ਼ਾਮਲ ਸਨ। ਜਨਸੰਘ ਅੰਗਰੇਜ਼ੀ ਰਾਜ ਦੌਰਾਨ ਮੌਜੂਦ ਹਿੰਦੂ ਜਥੇਬੰਦੀਆਂ ਹਿੰਦੂ ਮਹਾਂ ਸਭਾ ਅਤੇ ਆਰੀਆ ਸਮਾਜ ਦਾ ਹੀ ਰਾਜਨੀਤਕ ਸੰਗਠਨ ਦਾ ਹਿੱਸਾ ਸੀ। ਰਾਸ਼ਟਰੀ ਸਵੈਮ ਸੇਵਕ ਸੰਘ ਵੀ ਇਸ ਦਾ ਵਿਚਾਰਧਾਰਕ ਹਿੱਸਾ ਸੀ।

ਇਤਿਹਾਸਕ ਤੌਰ ’ਤੇ ਜਨਸੰਘ ਦਾ ਸਬੰਧ ਪੰਜਾਬ ਵਿਚਲੀ ਆਰੀਆ ਸਮਾਜੀ ਲਹਿਰ ਅਤੇ ਇਸ ਦੇ ਆਗੂਆਂ ਨਾਲ ਜੁੜਦਾ ਹੈ। ਇਸ ਲਈ ਸਿੱਖਾਂ ਨਾਲ ਇਸ ਦਾ ਵਿਵਾਦ ਇਸ ਸੰਗਠਨ ਦੇ ਜਨਮ ਸਮੇਂ ਹੀ ਬਣ ਗਿਆ ਸੀ । ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਭਾਰਤ ਦੇ ਦੂਜੇ ਹਿੱਸਿਆਂ ਤੋਂ ਪੰਜਾਬ ਵਿੱਚ ਹਿੰਦੂ ਰਾਸ਼ਟਰਵਾਦੀ ਆਗੂਆਂ ਦੇ ਜਾਤੀ ਅਤੇ ਵਿੱਦਿਅਕ ਅਧਾਰ ਵੱਖਰੇ ਸਨ। ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਅੰਗਰੇਜ਼ੀ ਵਿਦਿਆ ਨੀਤੀ ਦਾ ਸਭ ਤੋਂ ਵੱਧ ਪੰਜਾਬ ਦੇ ਹਿੰਦੂ ਵਰਗ ਨੇ ਹੀ ਲਾਹ ਲਿਆ ਸੀ। ਬਾਕੀ ਭਾਰਤ ਵਿੱਚ ਹਿੰਦੂਆਂ ਦੇ ਉੱਚ ਬ੍ਰਾਹਮਣ ਵਰਗ ਨੇ ਅੰਗਰੇਜ਼ੀ ਵਿੱਦਿਆ ਦਾ ਲਾਹਾ ਲੈ ਕੇ ਸਮਾਜ ਦੀ ਸੰਗਠਨਾਤਮਕ ਅਗਵਾਈ ’ਤੇ ਇੱਕ ਤਰ੍ਹਾਂ ਨਾਲ ਕਬਜ਼ਾ ਕਰ ਲਿਆ ਸੀ ਪਰ ਪੰਜਾਬ ਵਿੱਚ ਹਿੰਦੂ ਖੱਤਰੀ ਅਤੇ ਅਰੋੜੇ ਵਰਗ ਅੰਗਰੇਜ਼ੀ ਵਿੱਦਿਆ ਲੈ ਕੇ ਪੰਜਾਬ ਦੇ ਸਮਾਜਿਕ ਅਤੇ ਅੰਗਰੇਜ਼ੀ ਰਾਜ ਦੇ ਰਾਜਸੀ ਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਪੂਰੀ ਤਰ੍ਹਾਂ ਛਾ ਗਏ ਸਨ।

ਪੰਜਾਬ ਵਿਚਲੇ ਦੂਜੇ ਮੁਸਲਿਮ ਅਤੇ ਸਿੱਖ ਲੋਕ ਇਹਨਾਂ ਦੇ ਮੁਕਾਬਲੇ ਅੰਗਰੇਜ਼ੀ ਵਿੱਦਿਆ ਲੈਣ ਵਿੱਚ ਕਾਫ਼ੀ ਪਿੱਛੇ ਰਹਿ ਗਏ ਸਨ। ਸਿੱਖ ਤਾਂ ਇਸ ਸੰਦਰਭ ਵਿੱਚ ਬਹੁਤ ਪਛੜੇ ਸਨ । ਪੜ੍ਹੇ-ਲਿਖੇ ਹਿੰਦੂ ਪੰਜਾਬੀ ਧਾਰਮਿਕ ਤੇ ਵਿਚਾਰਧਾਰਕ ਤੌਰ ’ਤੇ ਹਿੰਦੂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਤੋਂ ਅਵਾਜ਼ਾਰ ਸਨ ਅਤੇ ਅੰਗਰੇਜ਼ ਸ਼ਾਸਕਾਂ ਵਾਂਗ ਜੀਵਨ ਗੁਜ਼ਾਰਨ ਦੀ ਲੱਲਕ ਕਾਰਨ ਆਮ ਹਿੰਦੂਆਂ ਤੋਂ ਦੂਰੀ ਬਣਾ ਕੇ ਚੱਲ ਰਹੇ ਸਨ। ਸਵਾਮੀ ਦਯਾਨੰਦ ਨੇ ਇਨ੍ਹਾਂ ਹਿੰਦੂ ਵਰਗਾਂ ਦੀ ਮਾਨਸਿਕ ਹਾਲਤ ਨੂੰ ਭਾਂਪ ਲਿਆ ਸੀ। ਸਵਾਮੀ ਦਯਾਨੰਦ ਨੇ ਵੈਦਿਕ ਧਰਮ ਦੀ ਵਿਚਾਰਧਾਰਾ ਰਾਹੀਂ ਏਸ ਪੜ੍ਹੇ-ਲਿਖੇ ਹਿੰਦੂ ਹਿੰਦੂ ਵਰਗ ਨੂੰ ਆਰੀਆ ਸਮਾਜ ਵੱਲ ਖਿੱਚ ਲਿਆ। ਸ਼ੁਰੂਆਤੀ ਦੌਰ ਵਿੱਚ ਕੁਝ ਪੜ੍ਹੇ ਲਿਖੇ ਸਿੱਖ ਵੀ ਆਰੀਆ ਸਮਾਜ ਲਹਿਰ ਨਾਲ ਜੁੜੇ ਪਰ ਜਲਦੀ ਹੀ ਆਰੀਆ ਸਮਾਜੀਆਂ ਦੇ ਸਿੱਖ ਵਿਰੋਧੀ ਖ਼ਾਸੇ ਅਤੇ ਸ਼ੁੱਧੀ ਲਹਿਰ ਕਾਰਨ ਇਹ ਅਮਲ ਹਿੰਦੂ-ਸਿੱਖ ਵਿਵਾਦ ਵਿੱਚ ਬਦਲ ਗਿਆ। ਏਸ ਵਿਵਾਦ ਨੇ ਬਾਅਦ ਵਿੱਚ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ। ਭਾਰਤੀ ਆਜ਼ਾਦੀ ਅਤੇ ਪੰਜਾਬ ਦੇ ਬਟਵਾਰੇ ਤੋਂ ਬਾਅਦ ਪੰਜਾਬ ਦੋ ਭਾਸ਼ਾਈ ਸਮੂਹਾਂ ਵਿੱਚ ਵੰਡਿਆ ਗਿਆ। ਇਸ ਸਮੇਂ ਪੰਜਾਬ ਵਿੱਚ ਗਿਆਰਾਂ ਮਿਲੀਅਨ ਹਿੰਦੀ ਬੋਲਣ ਵਾਲੇ ਅਤੇ 8 ਮਿਲੀਅਨ ਪੰਜਾਬੀ ਬੋਲਣ ਵਾਲੇ ਲੋਕ ਰਹਿ ਰਹੇ ਸਨ। ਹਿੰਦੀ ਭਾਸ਼ਾ ਲਈ ਦੇਵਨਾਗਰੀ ਅਤੇ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਵਰਤੀ ਜਾਂਦੀ ਸੀ। ਆਰੀਆ ਸਮਾਜੀਆਂ ਨੇ ਪੰਜਾਬ ਦੇ ਹਿੰਦੂਆਂ ਦੀ ਬੋਲੀ ਦਾ ਸੰਸਕ੍ਰਿਤੀਕਰਣ ਕਰਨ ਲਈ ਦੇਵਨਾਗਰੀ ਲਿਪੀ ਦੀ ਵਰਤੋਂ ’ਤੇ ਜ਼ੋਰ ਦਿੱਤਾ। ਇਸ ਅਮਲ ਦੇ ਵਿਰੋਧ ਵਜੋਂ ਸਿੱਖਾਂ ਵਿੱਚ ਕੌਮੀ ਭਾਵਨਾ ਹੇਠ ਗੁਰਮੁਖੀ ਲਿਪੀ ਦੀ ਵਰਤੋਂ ਹੋਰ ਹਰਮਨ ਪਿਆਰੀ ਹੋ ਗਈ। ਗੁਰਮੁਖੀ ਲਿਪੀ ਗੁਰੂ ਸਾਹਿਬਾਨਾਂ ਵੱਲੋਂ ਵਰੋਸਾਈ ਹੋਣ ਕਰਕੇ ਸਿੱਖ ਮਨਾਂ ਵਿੱਚ ਪਵਿੱਤਰਤਾ ਦਾ ਦਰਜਾ ਧਾਰਨ ਕਰ ਗਈ। ਭਾਸ਼ਾਈ ਵਿਰੋਧਤਾ ਦੇ ਇਸ ਅਮਲ ਨੇ ਪੰਜਾਬ ਦੀ ਰਾਜਨੀਤੀ ਨੂੰ ਧਾਰਮਿਕ ਪਛਾਣ ਅਤੇ ਲਿਪੀ ਅਧਾਰਤ ਵਿਰੋਧ ਦਾ ਰੂਪ ਦੇ ਦਿੱਤਾ।

ਭਾਰਤੀ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਭਾਰਤੀ ਰਾਸ਼ਟਰਵਾਦੀ ਨੇਤਾਵਾਂ ਨੇ ਸਿੱਖਾਂ ਨੂੰ ਕੌਮੀ ਪਛਾਣ ਦੇ ਅਧਾਰ ’ਤੇ ਵੱਖਰੇ ਕਨੂੰਨੀ ਹੱਕ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਗਈ । ਇਸ ਕਰਕੇ ਅਕਾਲੀ ਦਲ ਦੇ ਆਗੂਆਂ, ਜਿਨ੍ਹਾਂ ਬਿਨਾਂ ਕਿਸੇ ਰਾਜਨੀਤਿਕ ਤੇ ਕਾਨੂੰਨੀ ਸਮਝੌਤੇ ਦੇ ਭਾਰਤੀ ਰਾਜ ਦਾ ਹਿੱਸਾ ਹੋਣਾ ਮੰਨ ਲਿਆ ਸੀ, ਲਈ ਰਾਜਸੀ ਹੋਂਦ ਦਾ ਖਤਰਾ ਤੇ ਸੁਆਲ ਖੜ੍ਹਾ ਹੋ ਗਿਆ। ਇਸ ਡਰ ਵਿੱਚੋਂ ‘ਸਚਰ ਫ਼ਾਰਮੂਲਾ’ ਅਤੇ ਪੰਜਾਬੀ ਸੂਬੇ ਦੀ ਮੰਗ ਨਿਕਲੀ। ਸੱਚਰ ਫ਼ਾਰਮੂਲੇ ਨੇ ਪੰਜਾਬੀ ਭਾਸ਼ਾ ਨੂੰ ਵਿਦਿਅਕ ਪੱਧਰ ’ਤੇ ਲਾਗੂ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਸੀ। ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚਲੇ ਆਰੀਆ ਸਮਾਜੀ ਤੇ ਸੰਘੀ ਹਿੰਦੂ ਆਗੂਆਂ ਲਈ ਜਨਸੰਘ ਦੇ ਰੂਪ ਵਿੱਚ ਉਭਰਨ ਲਈ ਜ਼ਮੀਨ ਤਿਆਰ ਹੋ ਗਈ । ਆਰੀਆ ਸਮਾਜੀ ਅਤੇ ਸੰਘ ਦੇ ਆਗੂ ਜਨਸੰਘ ਵਿੱਚ ਸ਼ਾਮਲ ਹੋ ਕੇ ਪੰਜਾਬੀ ਭਾਸ਼ਾ ਦੇ ਰਾਜਨੀਤਕ ਵਿਰੋਧ ਨੂੰ ਰਾਜਨੀਤਿਕ ਅਤੇ ਸੰਗਠਨਾਤਮਕ ਰੂਪ ਦੇਣ ਵਿੱਚ ਸਫ਼ਲ ਹੋ ਗਏ । 1957 ਵਿੱਚ ਜਨਸੰਘ ਨੇ ਮਹਾਂ ਪੰਜਾਬ ਪੰਜਾਬ ਬਣਾਉਣ ਦੀ ਮੰਗ ਕੀਤੀ ਤਾਂ ਕਿ ਸਿੱਖਾਂ ਦੀ ਅਬਾਦੀ ਨੂੰ ਹੋਰ ਘਟਾਇਆ ਜਾ ਸਕੇ।

ਦੂਜੇ ਪਾਸੇ ਭਾਰਤ ਪੱਧਰ ਦੇ ਜਨਸੰਘ ਦੇ ਆਗੂ ਪੰਜਾਬ ਵਿਚਲੇ ਵਿਵਾਦ ਸਬੰਧੀ ਜਾਣ-ਬੁੱਝ ਕੇ ਅਸਪਸ਼ਟ ਨੀਤੀ ਧਾਰ ਕੇ ਚੱਲ ਰਹੇ ਸਨ। ਇੱਕ ਪਾਸੇ ਇਹ ਪੰਜਾਬੀ ਸੂਬੇ ਦੀ ਮੰਗ ਦੀ ਵਾਜਬੀਅਤ ਨੂੰ ਸਮਝਦੇ ਸਨ ਪਰ ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਨੂੰ ਵੀ ਪੰਜਾਬੀ ਸੂਬੇ ਦਾ ਹਿੱਸਾ ਬਣਾਉਣ ਦੇ ਹਾਮੀ ਸਨ। ਅਖੀਰ 1957 ਵਿੱਚ ਜਨਸੰਘ ਦੇ ਭਾਰਤੀ ਆਗੂ ਪੰਜਾਬ ਦੇ ਜਨਸੰਘੀ ਆਗੂਆਂ ਦੀ ਰਾਜਨੀਤੀ ਨਾਲ ਪੂਰੀ ਤਰਾਂ ਸਹਿਮਤ ਹੋ ਗਏ। ਭਾਰਤੀ ਜਨਸੰਘ ਸੰਗੀ ਆਗੂਆਂ ਨੇ ਪੰਜਾਬ ਨੂੰ ਪੰਜਾਬੀ ਭਾਸ਼ੀ ਰਾਜ ਮੰਨਣ ਤੋਂ ਇਨਕਾਰ ਕਰ ਦਿੱਤਾ। ਮਹਾਂ ਪੰਜਾਬ ਸੰਮਤੀ ਨੂੰ ਮੁੜ ਸੰਗਠਿਤ ਕੀਤਾ ਗਿਆ। ਲੰਬੇ ਸਮੇਂ ਤੋਂ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਹਿੱਸਾ ਰਹੇ ਸੰਘ ਦੇ ਸਕੱਤਰ ਅਤੇ ਆਰੀਆ ਸਮਾਜ ਦੇ ਆਗੂ ਅਲਖ ਧਾਰੀ ਨੂੰ ਇਸ ਸੰਮਤੀ ਦੇ ਚਾਲਕ ਬਣਾਇਆ ਗਿਆ। ਇਸ ਸੰਮਤੀ ਨੇ ਪੰਜਾਬ ਵਿੱਚ ਹਿੰਦੀ ਭਾਸ਼ਾ ਦੇ ਆਧਾਰ ’ਤੇ ਸੱਚਰ ਫ਼ਾਰਮੂਲੇ ਵਿੱਚ ਬਦਲਾਅ ਦੀ ਮੰਗ ਕੀਤੀ ਅਤੇ ਜੂਨ 1956 ਵਿੱਚ ਹਿੰਦੂ ਰਖਸ਼ਾ ਸੰਮਤੀ ਹੋਂਦ ਵਿੱਚ ਲਿਆਂਦੀ ਗਈ। ਅਪ੍ਰੈਲ 1957 ਵਿੱਚ ਜਨਸੰਘ ਬਕਾਇਦਾ ਇਸ ਸੰਮਤੀ ਦਾ ਹਿੱਸਾ ਬਣ ਗਿਆ। ਹਿੰਦੀ ਬਚਾਓ ਸੰਘਰਸ਼ ਦੌਰਾਨ ਜਨਸੰਘ ਦੇ ਆਰੀਆ ਸਮਾਜੀ ਅਤੇ ਸੰਘੀ ਕਾਰਕੁਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਪੰਜਾਬ ਦੀ ਹਿੰਦੂ ਆਬਾਦੀ ਨੇ ਜਨਸੰਘ ਦੀ ਇਸ ਨੀਤੀ ਨੂੰ ਹੱਥੋਂ ਹੱਥ ਲਿਆ ਅਤੇ 1957 ਦੀਆਂ ਚੋਣਾਂ ਵਿੱਚ 9 ਸੀਟਾਂ ਜਿਤਾ ਦਿੱਤੀਆਂ। ਜਨਸੰਘ ਦੀ ਪੰਜਾਬ ਵਿਚਲੀ ਇਸ ਕਾਮਯਾਬੀ ਨੇ ਭਾਰਤ ਪੱਧਰ ਦੇ ਆਗੂਆਂ ਨੂੰ ਵੀ ਪੰਜਾਬ ਦੇ ਭਾਸ਼ਾਈ ਵਿਵਾਦ ਦਾ ਹਿੱਸਾ ਬਣਾ ਦਿੱਤਾ। ਅਸਲ ਵਿੱਚ ਇਹ ਨੀਤੀ ਪੰਜਾਬ ਆਰੀਆ ਸਮਾਜ ਅਤੇ ਗੁਰੂਕੁਲ ਆਰੀਆ ਸਮਾਜ ਦੇ ਪ੍ਰਧਾਨ ਅਚਾਰੀਆ ਰਾਮ ਦੇਵ ਦੇ ਅਸਰ ਹੇਠ ਅਪਣਾਈ ਗਈ ਸੀ ਪਰ ਦੂਜੇ ਪਾਸੇ ਜਨਸੰਘ ਦੀ ਇਸ ਜਿੱਤ ਦੇ ਹੇਠ ਇਸ ਦੀ ਰਾਜਨੀਤਿਕ ਟੁੱਟ ਭੱਜ ਦਾ ਅਮਲ ਵੀ ਜੁੜਿਆ ਹੋਇਆ ਸੀ । ਕਾਂਗਰਸ ਪਾਰਟੀ ਆਪਣੇ ਉੱਤਰ ਪ੍ਰਦੇਸ਼ ਦੇ ਆਰੀਆ ਸਮਾਜੀ ਆਗੂ ਪੁਰਸ਼ੋਤਮ ਦਾਸ ਟੰਡਨ ਰਾਹੀਂ ਮਹਾਂ ਪੰਜਾਬ ਸੰਮਤੀ ਅਤੇ ਹਿੰਦੀ ਬਚਾਓ ਲਹਿਰ ਦੇ ਆਗੂਆਂ ਨੂੰ ਰਾਜਨੀਤਕ ਤੇ ਆਰਥਿਕ ਲੋਭ ਲਾਲਚ ਰਾਹੀਂ ਤੋੜਨ ਵਿੱਚ ਕਾਮਯਾਬ ਹੋ ਗਈ। ਆਰੀਆ ਸਮਾਜ ਦੇ ਪ੍ਰਭਾਵਸ਼ਾਲੀ ਆਗੂ ਮੇਹਰ ਚੰਦ, ਜੋ ਭਾਰਤੀ ਸੁਪ੍ਰੀਮ ਕੋਰਟ ਦਾ ਸਾਬਕਾ ਮੁੱਖ ਜੱਜ ਅਤੇ ਡੀ.ਏ.ਵੀ. ਕਾਲਜ ਟਰੱਸਟ ਅਤੇ ਸੁਸਾਇਟੀ ਦਾ ਮੁਖੀ ਸੀ, ਨੂੰ ਪੁਲਿਸ ਕਮਿਸ਼ਨ ਦਾ ਮੁਖੀ ਲਾ ਦਿੱਤਾ ਗਿਆ। ਉਸ ਦੇ ਪੁੱਤਰ ਨੂੰ ਪੰਜਾਬ ਹਾਈ ਕੋਰਟ ਦਾ ਜੱਜ ਲਾਇਆ ਗਿਆ । ਡੀ.ਏ.ਵੀ. ਆਰੀਆ ਸਮਾਜ ਦੇ ਸੂਬਾਈ ਮੁਖੀ ਸੂਰਜ ਭਾਨ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਲਾਇਆ ਗਿਆ। ਦਸੰਬਰ 1957 ਵਿੱਚ ਹਿੰਦੀ ਲਹਿਰ ਦੇ ਸਿਰਕੱਢ ਆਗੂ ਘਣ ਸ਼ਾਮ ਸਿੰਘ ਗੁਪਤਾ ਦੀ ਵਿਚੋਲਗੀ ਰਾਹੀਂ ਹਿੰਦੀ ਲਹਿਰ ਦੌਰਾਨ ਫੜੇ ਗਏ ਆਗੂਆਂ ਤੇ ਕਾਰਕੁੰਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਵਰਤਾਰੇ ਨੇ ਜਨਸੰਘ ਨੂੰ ਹੋਰ ਤਾਕਤਹੀਣ ਕਰ ਦਿੱਤਾ। ਭਾਰਤ ਪੱਧਰ ’ਤੇ ਵੀ ਏਸ ਵਰਤਾਰੇ ਦਾ ਅਸਰ ਪਿਆ। ਭਾਰਤੀ ਜਨਸੰਘ ਦੀ ਅਗਵਾਈ ਆਰੀਆ ਸਮਾਜੀ ਰਾਮਦੇਵ ਤੋਂ ਬਦਲ ਕੇ ਸੰਘੀ ਆਗੂਆਂ ਦੇ ਹੱਥਾਂ ਵਿੱਚ ਚਲੀ ਗਈ। ਇਸ ਦਾ ਅਸਰ ਪੰਜਾਬ ਜਨਸੰਘ ’ਤੇ ਵੀ ਪਿਆ। ਪੰਜਾਬ ਜਨਸੰਘ ਦੇ ਆਗੂ ਯੱਗ ਦੱਤ ਸ਼ਰਮਾ ਨੇ ਅਚਾਰੀਆ ਰਾਮਦੇਵ ਵੱਲੋਂ ਹਿੰਦੀ ਬਚਾਓ ਅੰਦੋਲਨ ਨੂੰ ਮੁੜ ਸ਼ੁਰੂ ਕਰਨ ਦੇ ਬਿਆਨ ਆਪਣੇ ਆਪ ਨੂੰ ਅਲੱਗ ਕਰ ਲਿਆ। ਭਾਰਤੀ ਜਨ ਸੰਘ ਦੇ ਆਗੂਆਂ ਵੱਲੋਂ ਹਿੰਦੀ ਸਬੰਧੀ ਸਰਕਾਰੀ ਨੀਤੀ ਦੀ ਨਿੰਦਾ ਕੀਤੀ ਗਈ ਪਰ ਹਿੰਦੀ ਰਖਸ਼ਾ ਸੰਮਤੀ ਨੂੰ ਜਲਦਬਾਜ਼ੀ ਵਿੱਚ ਕੋਈ ਵੀ ਫੈਸਲਾ ਲੈਣ ਤੋਂ ਰੋਕ ਦਿੱਤਾ। ਇਹ ਫੈਸਲਾ ਜਨਸੰਘ ਦੀ ਬਦਲੀ ਹੋਈ ਸੰਘੀ ਅਗਵਾਈ ਦੀ ਪੰਜਾਬ ਅਤੇ ਸਿੱਖਾਂ ਪ੍ਰਤੀ ਮਾਨਸਿਕ ਜੰਗ ਦੀ ਨੀਤੀ ਦੀ ਸ਼ੁਰੂਆਤ ਦਾ ਸੂਚਕ ਸੀ। ਜਨਸੰਘ ਦੀ ਸਿੱਖਾਂ ਪ੍ਰਤੀ ਬਦਲੀ ਨੀਤੀ ਦੀ ਸ਼ੁਰੂਆਤ ਅਕਤੂਬਰ 1957 ਵਿੱਚ ਸੰਘ ਮੁਖੀ ਗੋਲਵਲਕਰ ਦੀ ਪੰਜਾਬ ਫੇਰੀ ਤੋਂ ਹੋਈ। ਸੰਘ ਮੁਖੀ ਗੋਲਵਲਕਰ ਨੇ ਪੰਜਾਬ ਦੇ ਸੰਘੀ ਕਾਰਕੁਨਾਂ ਤੇ ਆਗੂਆਂ ਨੂੰ ਹਿੰਦੀ ਸਬੰਧੀ ਕਿਸੇ ਵੀ ਗਤੀਵਿਧੀ ਵਿੱਚ ਹਿੱਸਾ ਲੈਣ ਤੋਂ ਸਖ਼ਤੀ ਨਾਲ ਰੋਕਿਆ। ਸੰਘ ਦੀ ਇਹ ਨੀਤੀ ਜਨਸੰਘ ਨੂੰ ਭਾਰਤ ਦੇ ਦੂਜੇ ਹਿੱਸਿਆਂ ਖਾਸ ਕਰਕੇ ਦੱਖਣੀ ਭਾਰਤ ਵਿੱਚ ਫੈਲਾਉਣ ਦੀ ਵੀ ਸੀ। ਇਸੇ ਨੀਤੀ ਤਹਿਤ 1967 ਵਿੱਚ ਦੱਖਣੀ ਭਾਰਤੀ ਆਗੂ ਨੂੰ ਸੰਘ ਦਾ ਮੁਖੀ ਬਣਾਇਆ ਗਿਆ। ਪੰਜਾਬ ਜਨਸੰਘ ਦੇ ਆਗੂਆਂ ਬਲਦੇਵ ਪ੍ਰਕਾਸ਼ ਅਤੇ ਬਲਰਾਮ ਦਾਸ ਟੰਡਨ ਨੇ ਬਾਅਦ ਵਿੱਚ ਭਾਰਤੀ ਜਨਸੰਘ ਆਗੂਆਂ ਵੱਲੋਂ ਹਿੰਦੀ ਲਹਿਰ ਦੇ ਮੁਕਾਬਲੇ ਭਾਰਤ ਵਿੱਚ ਇਸ ਦੇ ਫੈਲਾਅ ਦੀ ਨੀਤੀ ਨੂੰ ਮੰਨ ਲਿਆ। ਦੂਜੇ ਪਾਸੇ ਪੰਜਾਬ ਦੇ ਜਨਸੰਘੀ ਅਤੇ ਆਰੀਆ ਸਮਾਜੀ ਆਗੂਆਂ ਦੇ ਜ਼ਹਿਰੀਲੇ ਪ੍ਰਚਾਰ ਦੇ ਬਾਵਜੂਦ ਭਾਰਤੀ ਰਾਜ ਨੇ 1966 ਵਿੱਚ ਪੰਜਾਬ ਦੀ ਵੰਡ ਨੂੰ ਮੰਨ ਲਿਆ। ਪੰਜਾਬੀ ਸੂਬੇ ਦੇ ਬਣਨ ਦਾ ਪੰਜਾਬ ਦੀ ਸ਼ਹਿਰੀ ਹਿੰਦੂ ਵਸੋਂ ਵੱਲੋਂ ਹਿੰਸਕ ਵਿਰੋਧ ਕੀਤਾ ਗਿਆ। ਪੰਜਾਬ ਜਨਸੰਘ ਅਤੇ ਆਰੀਆ ਸਮਾਜ ਦੇ ਕਈ ਆਗੂ ਗ੍ਰਿਫ਼ਤਾਰ ਕਰ ਲਏ ਗਏ । ਦੂਜੇ ਪਾਸੇ ਭਾਰਤੀ ਜਨ ਸੰਘ ਦੇ ਆਗੂ ਸੰਤ ਫਤਿਹ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਆਗੂਆਂ ਨੂੰ ਮਾਨਸਿਕ ਤੌਰ ’ਤੇ ਕਾਬੂ ਕਰਨ ਵਿੱਚ ਸਫ਼ਲ ਹੋ ਗਏ ਸਨ। ਇਸ ਸਮੇਂ ਤੱਕ ਪੰਜਾਬ ਵਿੱਚ ਸੰਘੀ ਅਤੇ ਕਾਂਗਰਸ ਅੰਦਰਲੇ ਆਰੀਆ ਸਮਾਜੀ ਆਗੂ ਇਕ ਮੁੱਠ ਹੋ ਗਏ ਸਨ। ਇਨ੍ਹਾਂ ਆਗੂਆਂ ਨੇ ਭਾਰਤ ਦੇ ਗ੍ਰਹਿ ਮੰਤਰੀ ਗਿਰਧਾਰੀ ਲਾਲ ਨੰਦਾ ਨੂੰ ਪੰਜਾਬੀ ਸੂਬੇ ਨੂੰ ਕਮਜ਼ੋਰ ਕਰਨ ਦੀ ਨੀਤੀ ਲਾਗੂ ਕਰਨ ਲਈ ਮਨਾ ਲਿਆ ਸੀ। ਅਪ੍ਰੈਲ 30 ਨੂੰ ਸੰਘ ਦੇ ਭਾਰਤੀ ਆਗੂ ਬਲਰਾਜ ਮਧੋਕ ਨੇ ਜਲੰਧਰ ਵਿੱਚ ਆਪਣੇ ਭਾਸ਼ਣ ਦੌਰਾਨ ਪੰਜਾਬੀ ਹਿੰਦੂਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨੂੰ ਮੰਨ ਲੈਣ ਦੀ ਅਪੀਲ ਕੀਤੀ ਤਾਂਕਿ ਸਿੱਖਾਂ ਵਿੱਚ ਗੁਰਮੁਖੀ ਲਿਪੀ ਲਈ ਧਾਰਮਿਕ ਲਗਾਅ ਨੂੰ ਖੋਰਾ ਲਾਇਆ ਜਾ ਸਕੇ। ਜਨਸੰਘ ਅਤੇ ਆਰੀਆ ਸਮਾਜੀਆਂ ਦੀ ਸਿੱਖਾਂ ਖ਼ਿਲਾਫ਼ ਮਾਨਸਿਕ ਜੰਗ ਦੀ ਨੀਤੀ ਉਸ ਸਮੇਂ ਸਿਖਰ ’ਤੇ ਪਹੁੰਚ ਗਈ ਜਦੋਂ ਸੰਘ ਮੁਖੀ ਗੋਲਵਲਕਰ ਨੇ ਪੰਜਾਬ ਦੇ ਹਿੰਦੂਆਂ ਨੂੰ ਪੰਜਾਬੀ ਭਾਸ਼ਾ ਅਪਣਾਉਣ ਦੀ ਅਪੀਲ ਕੀਤੀ ਅਤੇ ਨਾਲ ਹੀ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਦਿਆਂ ਭਾਸ਼ਾ ਵਿਵਾਦ ਨੂੰ ਧਰਮ ਨਾਲ ਜੋੜਨ ਦਾ ਵਿਰੋਧ ਕੀਤਾ। ਬਾਅਦ ਵਿੱਚ ਅਕਾਲੀ ਦਲ ਅਤੇ ਪ੍ਰਕਾਸ਼ ਸਿੰਘ ਬਾਦਲ ਇਸੇ ਨੀਤੀ ਦਾ ਸ਼ਿਕਾਰ ਹੋ ਕੇ ਆਪਣੀ ਰਾਜਨੀਤਕ ਬਰਬਾਦੀ ਦੇ ਸਿਖਰ ਤੱਕ ਪਹੁੰਚ ਗਏ।

1967 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਨੇ ਜਨਸੰਘ ਨਾਲ ਪੰਜਾਬੀ ਭਾਸ਼ਾ ਦੀ ਵਿਚਾਰਧਾਰਕ ਅਣਦੇਖੀ ਕਰ ਕੇ ਅਤੇ ਸਾਂਝੀ ਸਰਕਾਰ ਬਣਾ ਕੇ ਆਪਣੀ ਰਾਜਨੀਤਕ ਬਰਬਾਦੀ ਦਾ ਮੁੱਢ ਬੰਨ੍ਹ ਲਿਆ। ਜਨਸੰਘ ਦੇ ਜਨਰਲ ਸਕੱਤਰ ਕ੍ਰਿਸ਼ਨ ਲਾਲ ਨੇ ਇਸ ਸਮੇਂ ਸਪਸ਼ਟ ਕੀਤਾ ਕਿ ਅਕਾਲੀ ਦਲ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਦੀ ਨੀਤੀ ਲਾਗੂ ਨਹੀਂ ਕਰੇਗਾ ਅਤੇ ਨਾਲ ਹੀ ਹਿੰਦੀ ਭਾਸ਼ਾ ਦੀ ਪੜ੍ਹਾਈ ਵਿੱਚ ਰੋਕ ਨਹੀਂ ਬਣੇਗਾ । ਦੂਜੇ ਪਾਸੇ ਅਕਾਲੀ ਦਲ ਦੇ ਟਕਸਾਲੀ ਆਗੂਆਂ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਤਾਂ ਅਕਾਲੀ ਸਰਕਾਰ ਵੱਲੋਂ ਪੰਜਾਬੀ ਮਾਤ ਭਾਸ਼ਾ ਕਾਨੂੰਨ ਬਣਾਉਣ ਦਾ ਐਲਾਨ ਕੀਤਾ । ਜਨਸੰਘ ਦੇ ਆਗੂਆਂ ਵੱਲੋਂ ਏਸ ਕਨੂੰਨ ਦਾ ਸਮਰਥਨ ਕੀਤਾ ਪਰ ਅਕਾਲੀ ਦਲ ਦੇ ਅੰਦਰੂਨੀ ਕਲੇਸ਼ ਕਾਰਨ ਇਹ ਸਰਕਾਰ ਡਿਗ ਗਈ। ਜਨਸੰਘ ਦੇ ਆਗੂਆਂ ਵੱਲੋਂ ਪੰਜਾਬੀ ਮਾਤ ਭਾਸ਼ਾ ਕਾਨੂੰਨ ਨੂੰ ਹੈਰਾਨੀਜਨਕ ਤੌਰ ’ਤੇ ਮੰਨ ਲਿਆ ਗਿਆ ਸੀ ਪਰ ਇਸ ਫੈਸਲੇ ਨੇ ਮਿਲੀਟੈਂਟ ਆਰੀਆ ਸਮਾਜੀ ਆਗੂਆਂ ਅਤੇ ਸੰਘੀ ਆਗੂਆਂ ਵਿਚਕਾਰ ਵਖਰੇਵੇਂ ਪੈਦਾ ਕਰ ਦਿੱਤੇ। ਇਸ ਅਮਲ ਨੇ ਹਿੰਦੀ ਲਹਿਰ ਦੇ ਆਗੂਆਂ ਨੂੰ ਕਾਂਗਰਸ ਪਾਰਟੀ ਦੇ ਨੇੜੇ ਕਰ ਦਿੱਤਾ। ਜਿਸ ਦੇ ਸਿੱਟੇ ਵਜੋਂ ਕਾਂਗਰਸ ਪਾਰਟੀ ਦੇ ਪੰਜਾਬ ਵਿਚਲੇ ਆਰੀਆ ਸਮਾਜੀ ਆਗੂਆਂ, ਮਿਲੀਟੈਂਟ ਆਰੀਆ ਸਮਾਜੀਆਂ ਅਤੇ ਜਲੰਧਰ ਵਿਚਲੇ ਹਿੰਦੂ ਮਹਾਸ਼ਾ ਪ੍ਰੈੱਸ ਵਿਚਕਾਰ ਇੱਕ ਜ਼ਹਿਰੀਲਾ ਗਠਜੋੜ ਹੋਂਦ ਵਿੱਚ ਆਇਆ। ਇਸ ਗੱਠਜੋੜ ਨੇ ਸਿੱਖ ਵਿਰੋਧੀ ਮਾਹੌਲ ਪੈਦਾ ਕਰ ਕੇ ਪੰਜਾਬੀ ਹਿੰਦੂ ਵਸੋਂ ਨੂੰ ਆਪਣੇ ਨਾਲ ਜੋੜ ਲਿਆ। ਜਿਸ ਦੇ ਸਿੱਟੇ ਵਜੋਂ ਪੰਜਾਬ ਜਨਸੰਘ ਹਿੰਦੂ ਵਸੋਂ ਦੀਆਂ ਵੋਟਾਂ ਲੈਣ ਵਿੱਚ ਤਾਂ ਅਸਫਲ ਹੋ ਗਿਆ ਪਰ ਇਸ ਸਮੇਂ ਤੱਕ ਇਸ ਨੇ ਅਕਾਲੀ ਦਲ ਦੇ ਵਿਚਾਰਧਾਰਕ ਖ਼ਾਸੇ ’ਤੇ ਵੱਡੀ ਸੱਟ ਮਾਰ ਦਿੱਤੀ ਸੀ।

ਜਨਸੰਘ ਦੇ ਪੰਜਾਬ ਵਿਚਲੇ ਹਾਲਤਾਂ ਤੋਂ ਭਾਰਤੀ ਜਨ ਸੰਘ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗੂਆਂ ਨੇ ਵੱਡੀਆਂ ਸਿੱਖਿਆਵਾਂ ਤੇ ਸਬਕ ਸਿੱਖੇ। ਭਾਰਤੀ ਰਾਸ਼ਟਰਵਾਦ ਦੀ ਵਿਚਾਰਧਾਰਾ ਅਤੇ ਸੰਗਠਨਾਤਮਕ ਡਸਿਪਲਨ ਨੂੰ ਜਨਸੰਘ ਅਤੇ ਸੰਘ ਦੇ ਕਾਰਕੁੰਨਾਂ ਤੇ ਆਗੂਆਂ ਦੇ ਰਾਜਨੀਤਕ ਅਤੇ ਸਮਾਜਿਕ ਵਿਹਾਰ ਦਾ ਅੰਗ ਬਣਾਇਆ ਗਿਆ। ਸੰਘ ਨੇ ਤਾਂ ਇਸ ਨੀਤੀ ਨੂੰ ਪਾਗਲਪਣ ਦੀ ਹੱਦ ਤੱਕ ਲਾਗੂ ਕੀਤਾ। ਬਾਅਦ ਵਿੱਚ ਇਸ ਅਮਲ ਨੇ ਸੰਘ ਦੀ ਸੰਗਠਨਾਤਮਕ ਤਾਕਤ ਅਤੇ ਜਨਸੰਘ ਦੀ ਸਮਾਜਿਕ ਗਤੀਸ਼ੀਲਤਾ ਵਰਗੀਆਂ ਖ਼ਾਸੀਅਤਾਂ ਦਾ ਰਾਜਸੀ ਸੁਮੇਲ ਕਰਕੇ ਭਾਰਤੀ ਜਨਤਾ ਪਾਰਟੀ ਰਾਹੀਂ ਭਾਰਤੀ ਰਾਜ ਦੇ ਹਿੰਦੂ ਖ਼ਾਸੇ ਨੂੰ ਧਰਮ ਨਿਰਪੱਖਤਾ ਦੇ ਪਰਦੇ ਤੋਂ ਬਾਹਰ ਲੈ ਆਂਦਾਂ। ਉਧਰ ਪੰਜਾਬ ਵਿਚਲੇ ਟਕਸਾਲੀ ਅਕਾਲੀ ਆਗੂ ਪੰਜਾਬੀ ਭਾਸ਼ਾ ਨੂੰ ਯੂਨੀਵਰਸਿਟੀ ਪੱਧਰ ’ਤੇ ਲਾਗੂ ਕਰਵਾਉਣ ਵਿੱਚ ਸਫ਼ਲ ਹੋ ਗਏ ਸਨ। ਅਕਾਲੀ ਆਗੂਆਂ ਦੀ ਇਸ ਸਫਲਤਾ ਨੇ ਜਨਸੰਘ ਦੇ ਪੰਜਾਬ ਦੀ ਹਿੰਦੂ ਵਸੋਂ ਵਿਚੋਂ ਪੈਰ ਉਖਾੜ ਦਿੱਤੇ। ਇਸ ਦੇ ਸਿੱਟੇ ਵਜੋਂ 1977 ਦੀਆਂ ਲੋਕ ਸਭਾ ਚੋਣਾਂ ਵਿੱਚ ਜਨਸੰਘ ਦਾ ਆਗੂ ਯੱਗ ਦੱਤ ਸ਼ਰਮਾ ਅੰਮ੍ਰਿਤਸਰ ਤੋਂ ਚੋਣ ਹਾਰ ਗਿਆ। ਉੱਨੀ ਸੌ ਬਹੱਤਰ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਜਨਸੰਘ ਦੀ ਹਾਰ ਹੋਈ। ਇਨ੍ਹਾਂ ਲੱਕ ਭੰਨੀਦੀਆਂ ਹਾਰਾਂ ਦੇ ਬਾਵਜੂਦ ਜਨਸੰਘ ਦੀ ਵਿਚਾਰਧਾਰਕ ਸਪਸ਼ਟਤਾ ਅਤੇ ਪਾਰਟੀ ਸੰਗਠਨ ਦੀ ਲਗਾਤਾਰ ਸਿਰਜਣਾ ਦਾ ਅਮਲ ਕਦੇ ਵੀ ਮੱਠਾ ਨਹੀਂ ਪਿਆ। ਜਨਸੰਘ ਨਾਲ ਸਬੰਧਿਤ ਇਸ ਰਾਜਨੀਤਕ ਅਮਲ ਤੋਂ ਕੌਮ ਪ੍ਰਸਤ ਸਿੱਖ ਆਗੂਆਂ ਅਤੇ ਕਾਰਕੁਨਾਂ ਨੂੰ ਵੱਡੀਆਂ ਰਾਜਨੀਤਕ ਸੇਧਾਂ ਮਿਲ ਸਕਦੀਆਂ ਹਨ।

# ਨਹਿਰੀ ਪਾਣੀ ਦੀ ਵਰਤੋਂ ਨੂੰ ਵਧਾਉਣਾ ਫ਼ਸਲਾਂ ਤੇ ਪੰਜਾਬੀਆਂ ਦੀ ਹੋਂਦ ਲਈ ਜ਼ਰੂਰੀ

ਡਾ. ਸੁਖਦੇਵ ਸਿੰਘ



ਪਿਛਲੇ ਕੁਝ ਸਮੇਂ ਤੋ ਪੰਜਾਬ ਸਰਕਾਰ ਵੱਲੋਂ ਨਵੀਂ ਖੇਤੀ ਨੀਤੀ ਬਾਰੇ ਕਿਸਾਨਾਂ, ਮਾਹਰਾਂ ਤੇ ਹੋਰ ਸੰਬੰਧਿਤ ਲੋਕਾਂ ਨਾਲ ਵਿਚਾਰ ਵਟਾਂਦਰੇ ਕੀਤੇ ਜਾ ਰਹੇ ਹਨ। ਖੇਤੀ ਪੰਜਾਬ ਦੀ ਜਿੰਦ-ਜਾਨ ਹੈ ਅਤੇ ਇਸ ਦੇ ਵਿਕਾਸ ਤੋਂ ਬਿਨਾਂ ਪੰਜਾਬੀ ਸਮਾਜ ਦੀ ਗੱਲ ਅਧੂਰੀ ਹੈ। ਸਮੇਂ ਤੇ ਲੋੜ ਅਨੁਸਾਰ ਇਨਸਾਨੀ ਜ਼ਿੰਦਗੀ ਵਿੱਚ ਨਿੱਜੀ, ਪਰਿਵਾਰਕ, ਸਮੁਦਾਇਕ, ਸਮਾਜ ਤੇ ਦੇਸ਼ ਪੱਧਰੀ ਤਰੱਕੀ ਜੀਵਨ ਦਾ ਮੂਲ ਆਧਾਰ ਹੈ। ਇਹ ਤਰੱਕੀ ਉਪਲਬਧ ਸਥਾਨਕ ਕੁਦਰਤੀ ਸਾਧਨਾਂ, ਆਰਥਿਕ ਸੋਮਿਆਂ, ਮਨੁੱਖੀ ਸ਼ਕਤੀ ਦੀ ਸੁਯੋਗ ਵਰਤੋਂ ਤੇ ਵਿਉਂਤਬੰਦੀ 'ਤੇ ਨਿਰਭਰ ਕਰਦੀ ਹੈ। ਪੰਜਾਬ ਜੋ ਕਿ ਹੁਣ ਤੱਕ ਖੇਤੀ ਪ੍ਰਧਾਨ ਸੂਬਾ ਰਿਹਾ ਤੇ ਬਹੁਤ ਹੱਦ ਤੱਕ ਅੱਜ ਵੀ ਹੈ, ਦੇ ਮੁੱਖ ਕਿਤੇ ਖੇਤੀਬਾੜੀ ਬਾਰੇ ਨਵੀਂ ਖੇਤੀ ਨੀਤੀ ਬਣਨ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਖੇਤੀਬਾੜੀ ਬਾਰੇ ਨੀਤੀਆਂ ਬਣੀਆਂ ਪਰ ਉਨ੍ਹਾਂ 'ਤੇ ਅਮਲ ਸੀਮਤ ਰਿਹਾ। ਆਖ਼ਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਖੇਤੀ ਮਾਹਰਾਂ ਵਲੋਂ ਸੁਝਾਈਆਂ ਸਿਫ਼ਾਰਿਸ਼ਾਂ 'ਤੇ ਅਮਲ ਘੱਟ ਕਿਉਂ ਹੋਇਆ? ਖੇਤੀ ਮਾਹਿਰਾਂ, ਕਿਸਾਨਾਂ, ਰਾਜਨੀਤੀਵਾਨਾਂ ਜਾਂ ਲਾਗੂ ਕਰਨ ਵਾਲੀ ਅਫ਼ਸਰਸ਼ਾਹੀ ਦੇ ਪੱਧਰ ਤੇ ਖ਼ਾਮੀਆਂ ਰਹੀਆਂ ਜਾਂ ਖੇਤੀ ਦੀਆਂ ਸੁਧਾਰਵਾਦੀ 'ਤੇ ਕੁਦਰਤ-ਪੱਖੀ ਕੋਸ਼ਿਸ਼ਾਂ ਦੀ ਘਾਟ ਰਹੀ। ਅਜੋਕੇ ਦੌਰ ਵਿੱਚ ਪੂੰਜੀਵਾਦ ਦੇ ਹੜ੍ਹ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਜਿਸ ਤਹਿਤ ਆਮ ਲੋਕ, ਗ਼ਰੀਬ, ਛੋਟੇ ਕਿਸਾਨ ਆਦਿ ਤਾਂ ਆਰਥਿਕ ਸਮਾਜਿਕ ਪੱਖ ਤੋਂ ਨਿਘਾਰ ਵੱਲ ਜਾ ਹੀ ਰਹੇ ਨੇ ਪ੍ਰੰਤੂ ਨਾਲ ਹੀ ਕੁਦਰਤੀ ਸਾਧਨਾਂ ਦਾ ਨਾ-ਭਰਨ ਯੋਗ ਨੁਕਸਾਨ ਏਨਾ ਹੋ ਗਿਆ ਹੈ ਕਿ ਉਨ੍ਹਾਂ ਤੋਂ ਬਿਨਾਂ ਜੀਵਨ ਜਿਉਣਾ ਹੀ ਔਖਾ ਹੋ ਜਾਣਾ ਹੈ।

ਦੁਨੀਆਂ ਦੇ ਕਰੀਬ ਵੀਹ ਹਜ਼ਾਰ ਧੰਦਿਆਂ ਦੇ ਵਿਸ਼ਾਲ ਤਾਣੇ-ਬਾਣੇ ਵਿਚੋਂ ਖੇਤੀਬਾੜੀ ਮਨੁੱਖਤਾ ਦਾ ਮੁੱਢ ਕਦੀਮੀ ਧੰਦਾ, ਜੋ ਇੱਕ ਸਦੀ ਪਹਿਲਾਂ ਤੱਕ ਸੰਸਾਰ ਦੇ ਵਧੇਰੇ ਮੁਲਕਾਂ ਵਿੱਚ ਮੁੱਖ ਧੰਦਾ ਸੀ ਅਤੇ ਵਧੇਰੇ ਦੇਸ਼ਾਂ ਵਿੱਚ ਹੁਣ ਵੀ ਹੈ। ਭਾਰਤ ਤਾਂ ਖੇਤੀ ਪ੍ਰਧਾਨ ਮੁਲਕ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਸ ਦੀ ਵਧੇਰੇ ਜਨਸੰਖਿਆ ਕੁਲ 6 ਲੱਖ 40 ਹਜ਼ਾਰ ਪਿੰਡਾਂ ਵਿੱਚ ਰਹਿੰਦੀ ਹੈ। ਕਬਾਇਲੀ ਯੁੱਗਾਂ ਤੋਂ ਲੈ ਕੇ ਅੱਜ ਦੇ ਤਕਨੀਕੀ ਯੁੱਗ ਤੱਕ ਖੇਤੀਬਾੜੀ ਨੇ ਵਿਕਾਸ ਦੇ ਕਈ ਪੜਾਅ ਦੇਖੇ ਹਨ ਤੇ ਨਵੀਆਂ ਤਕਨੀਕਾਂ ਦੀ ਉਪਜ ਨੇ ਇਸ ਧੰਦੇ ਵਿੱਚ ਅਨੇਕਾਂ ਤਬਦੀਲੀਆਂ ਉਪਜਾਈਆਂ ਹਨ ਤੇ ਉਪਜਾ ਰਹੀ ਹੈ। ਕੁਝ ਸਮਾਂ ਪਹਿਲਾਂ ਤੱਕ ਖੇਤੀਬਾੜੀ ਕੁਦਰਤੀ ਗੇੜ ਸੰਗ ਵਿਚਰਦੀ ਤੇ ਤਕਰੀਬਨ ਜੀਵਨ ਨਿਰਬਾਹਕ ਪੱਧਰ ਦੀ ਸੀ ਜੋ ਮੌਜੂਦਾ ਸਮੇਂ ਵਿੱਚ ਤਜਾਰਤੀ ਰੁਖ਼ ਧਾਰਨ ਕਰ ਚੁੱਕੀ ਹੈ। ਸਮਾਜ ਵਿੱਚ ਨਵੇਂ ਰੁਜ਼ਗਾਰ ਸਾਧਨਾਂ ਦੀ ਆਮਦ ਨੇ ਖੇਤੀ ਵਿਚੋਂ ਜਨਸੰਖਿਆ ਨੂੰ ਬਾਹਰ ਖਿੱਚਿਆ ਹੈ ਪ੍ਰੰਤੂ ਹਾਲੇ ਵੀ ਦੇਸ਼ ਦੀ ਜਨਸੰਖਿਆ ਦਾ ਬਹੁਤ ਵੱਡਾ ਭਾਗ ਖੇਤੀਬਾੜੀ ਤੇ ਸੰਬੰਧਿਤ ਧੰਦਿਆਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਜੁੜਿਆ ਹੋਇਆ ਹੈ ਅਤੇ ਦੇਸ਼ ਦੀ ਕੁਲ ਲੇਬਰ ਫੋਰਸ ਦਾ ਅੱਧ ਏਸੇ ਹੀ ਸੈਕਟਰ ਵਿੱਚ ਹੈ। ਨੈਸ਼ਨਲ ਸੈਂਪਲ ਸਰਵੇ ਆਫ਼ਿਸ ਦੇ 2021-22 ਦੇ ਅੰਕੜਿਆਂ ਮੁਤਾਬਿਕ ਭਾਰਤ ਦੀ 45.5 ਪ੍ਰਤੀਸ਼ਤ ਲੇਬਰ ਫੋਰਸ ਖੇਤੀ ਕੰਮਾਂ ਵਿੱਚ ਲੱਗੀ ਹੈ।

ਪੰਜਾਬ, ਜੋ ਕਿ ਭਾਰਤ ਦੇ ਆਕਾਰ ਪੱਖੋਂ ਛੋਟਾ ਪਰ ਖੇਤੀ ਪੱਖੋਂ ਵੱਡਾ ਸੂਬਾ ਜਾਣਿਆ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਇੱਕ ਪੰਜਾਬ ਹੀ ਅਜਿਹਾ ਸੂਬਾ ਸੀ ਜਿਸ ਦੇ ਕਿਸਾਨਾਂ ਨੇ ਦੇਸ਼ ਦੀ ਅਨਾਜ ਪੂਰਤੀ ਲਈ 'ਹਰੇ ਇਨਕਲਾਬ' ਤਹਿਤ ਲਿਆਂਦੀਆਂ ਨਵੀਆਂ ਤਕਨੀਕਾਂ, ਬੀਜਾਂ, ਫ਼ਸਲ ਕਿਸਮਾਂ, ਰਸਾਇਣਿਕ ਖਾਦਾਂ, ਮਸ਼ੀਨਰੀ ਤੇ ਟਿਊਬਵੈੱਲ ਰਾਹੀਂ ਪਾਣੀ ਦੀ ਵਰਤੋਂ ਨੂੰ ਇਸ ਹੱਦ ਤੱਕ ਅਪਣਾ ਲਿਆ ਕਿ ਦੇਸ਼ ਦੀ ਅਨਾਜ ਪੂਰਤੀ ਹੀ ਨਹੀਂ ਕੀਤੀ ਬਲਕਿ ਦੇਸ਼ ਅਨਾਜ ਨਿਰਯਾਤਕ ਦੇਸ਼ਾਂ ਦੀ ਕਤਾਰ ਵਿੱਚ ਆ ਗਿਆ। 1950-51 ਤੱਕ ਭਾਰਤ ਵਿਚਲੀ 50 ਮਿਲੀਅਨ ਟਨ ਦੇ ਕਰੀਬ ਅਨਾਜ ਦੀ ਉਪਜ ਅੱਜ 323 ਮਿਲੀਅਨ ਟਨ ਨੂੰ ਪਾਰ ਕਰ ਗਈ ਹੈ। ਅਮਰੀਕਾ ਦੀ ਉਹੀਓ ਸਟੇਟ ਯੂਨੀਵਰਸਿਟੀ ਦੇ ਮਾਹਰਾਂ ਦੀ ਇੰਡੀਆਜ਼ ਫੂਡ ਕ੍ਰਾਈਸਸ ਐਂਡ ਸੈੱਟਅਪ ਟੂ ਮੀਟ ਇੱਟ ਨਾਮੀ ਰਿਪੋਰਟ ਦੀਆਂ ਸਿਫ਼ਾਰਿਸ਼ਾਂ ਅਪਣਾ ਕੇ ਪਹਿਲਾਂ ਤੀਬਰ ਖੇਤੀ ਜ਼ਿਲ੍ਹਾ ਪ੍ਰੋਗਰਾਮ ਤੇ ਫੇਰ ਤੀਬਰ ਖੇਤੀ ਏਰੀਆ ਪ੍ਰੋਗਰਾਮ ਲਾਗੂ ਕਰਨ ਸਦਕਾ ਖੇਤੀ ਦੀ ਕਾਇਆ ਕਲਪ ਹੋ ਗਈ। ਅਨਾਜ ਦੀ ਉਪਜ ਵਿੱਚ ਤਾਂ ਢੇਰ ਵਾਧਾ ਹੋਇਆ ਪ੍ਰੰਤੂ ਇਸ ਦੀ ਕੀਮਤ ਬਹੁਤ ਵੱਡੀ ਚੁਕਾਉਣੀ ਪਈ ਜੋ ਕੁਦਰਤੀ ਸਰੋਤਾਂ ਦਾ ਘਾਣ, ਰਵਾਇਤੀ ਫ਼ਸਲਾਂ ਦੀ ਅਲਪਤਾ, ਦਰੱਖ਼ਤਾਂ ਦੀ ਕਟਾਈ, ਜ਼ਮੀਨ ਦੀ ਕੁਦਰਤੀ ਬਣਤਰ ਨੂੰ ਛੱਡ ਸਮਤਲਤਾ ਦੀ ਆਮਦ ਅਤੇ ਧਰਤੀ ਮਾਤਾ ਦੀ ਸਿਹਤ, ਉਪਜਾਊ ਤੱਤਾਂ ਤੇ ਹਵਾ ਪਾਣੀ ਨੂੰ ਇਸ ਹੱਦ ਤੱਕ ਖ਼ਰਾਬ ਕਰ ਲਿਆ ਕਿ ਗੁਰੂ ਨਾਨਕ ਜੀ ਦੀ ਬਾਣੀ ਦਾ ਅਟੱਲ ਸੱਚ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਗਿਆ। ਜੇਕਰ ਅਜੋਕਾ ਵਰਤਾਰਾ ਨਾ ਬਦਲਿਆ ਤਾਂ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਖੇਡ ਤਾਂ 10-15 ਸਾਲਾਂ ਵਿੱਚ ਹੀ ਖ਼ਤਮ ਹੋ ਜਾਵੇਗੀ।

ਅੱਜ ਦੇ ਅੱਤ ਤਕਨੀਕੀ ਯੁੱਗ ਤੇ ਮੀਡੀਏ ਦੀ ਭਰਮਾਰ ਨੇ ਰਵਾਇਤੀ ਢਾਂਚਿਆਂ ਤੇ ਖੇਤੀ ਢੰਗਾਂ ਵਿੱਚ ਬਹੁਤ ਤਬਦੀਲੀ ਉਪਜਾਈ ਹੈ। ਕਿਸੇ ਵੇਲੇ ਖੇਤਾਂ ਵਿੱਚ ਕੁਦਰਤ ਸੰਗ ਮੌਲਦੀ ਤੇ ਧੜਕਦੀ ਜ਼ਿੰਦਗੀ ਅੱਜ ਖਾਲੀਪਣ ਦਾ ਅਹਿਸਾਸ ਦੇ ਰਹੀ ਹੈ ਕਿਉਂਕਿ ਮਸ਼ੀਨਰੀ ਦੀ ਆਮਦ ਸਦਕਾ ਖੇਤੀ ਦੀ ਬਿਜਾਈ ਕਟਾਈ ਜਲਦੀ ਹੋ ਜਾਣਾ ਤੇ ਖੇਤੀ ਵਲੋਂ ਪਾਸਾ ਵੱਟਣ ਕਰਕੇ ਖੇਤਾਂ ਵਿੱਚ ਰੌਣਕ ਬਹੁਤ ਘਟ ਗਈ ਹੈ।

ਪੰਜਾਬ ਵਿੱਚ ਖੇਤੀ ਦੇ ਝੋਨੇ-ਕਣਕ ਦੇ ਫ਼ਸਲੀ ਚੱਕਰ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਪ੍ਰਸ਼ਨ ਉੱਠਦਾ ਹੈ ਕਿ, ਝੋਨਾ ਜੋ ਕਿ ਪਾਣੀ ਦੀ ਖ਼ਪਤ ਦੀ ਜੜ੍ਹ ਹੈ, ਤੋਂ ਨਿਜਾਤ ਕਿਵੇਂ ਪਾਈ ਜਾਵੇ? ਇਹ ਤਦ ਹੀ ਹੋ ਸਕਦਾ ਹੈ ਜੇਕਰ ਘੱਟ ਪਾਣੀ ਲੈਣ ਵਾਲੀ ਬਦਲਵੀਆਂ ਫ਼ਸਲਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਤਾਂ ਹੀ ਸੰਭਵ ਹੈ ਜੇ ਕਿਸਾਨਾਂ ਦਾ ਅਪਣਾਊ ਰੁਝਾਨ ਤੇ ਨਵੀਆਂ ਫ਼ਸਲਾਂ ਦੀ ਖ਼ਰੀਦ ਸੰਬੰਧੀ ਸਰਕਾਰ ਦੀ ਮਦਦ ਹੋਵੇ। ਕਿਸਾਨ ਤਾਂ ਕੀ ਕੋਈ ਵੀ ਇਨਸਾਨ ਉਦੋਂ ਤੱਕ ਕੋਈ ਕੰਮ ਨਹੀਂ ਕਰਦਾ ਜਦ ਤੱਕ ਉਸ ਨੂੰ ਦੋ ਪੈਸੇ ਦੀ ਬੱਚਤ ਨਹੀਂ ਹੁੰਦੀ। ਧਰਤੀ ਦੀ ਸਤ੍ਹਹੀ ਬਣਤਰ ਨੂੰ ਮੱਦੇ ਨਜ਼ਰ ਰੱਖ ਕੇ ਬਦਲਵੀਆਂ ਫ਼ਸਲਾਂ ਨੂੰ ਇਲਾਕਾਈ ਵੰਡ ਦਿੱਤੀ ਜਾ ਸਕਦੀ ਹੈ। ਬਦਲਵੀਆਂ ਫ਼ਸਲਾਂ ਵਿੱਚ ਦਾਲਾਂ, ਸਬਜ਼ੀਆਂ, ਫਲ਼, ਫੁੱਲ, ਮੱਕੀ, ਮੋਟੇ ਅਨਾਜ ਆਦਿ ਹੋ ਸਕਦੇ ਹਨ, ਜਿਨ੍ਹਾਂ ਦੀ ਮਾਰਕੀਟ ਵਿੱਚ ਵੀ ਮੰਗ ਦੀ ਘਾਟ ਨਹੀਂ। ਜੇਕਰ ਇਨ੍ਹਾਂ ਦੀ ਉਪਜ ਦੀ ਪ੍ਰਾਸੈਸਿੰਗ ਕਰ ਕੇ ਮਾਲ ਵੇਚਿਆ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਹੋਰ ਫ਼ਸਲਾਂ ਦੇ ਉਤਪਾਦ ਲਈ ਵੀ ਛੋਟੇ ਪ੍ਰਾਸੈਸਿੰਗ ਯੂਨਿਟ ਕਿਸਾਨ ਖ਼ੁਦ ਸਵੈ ਸਹਾਇਤਾ ਸਮੂਹ ਬਣਾ ਕੇ ਸਰਕਾਰ ਦੀ ਮਦਦ ਤੇ ਖੇਤੀ ਨਾਲ ਸੰਬੰਧਿਤ ਵੱਖ-ਵੱਖ ਅਦਾਰਿਆਂ ਤੋਂ ਤਕਨੀਕ ਹਾਸਲ ਕਰ ਕੇ ਚਲਾ ਸਕਦੇ ਹਨ। ਖੇਤੀ ਲਈ ਲੋੜੀਂਦੇ ਸਾਧਨ, ਖਾਦਾਂ, ਬੀਜ, ਕੀਟ ਤੇ ਨਦੀਨ ਨਾਸ਼ਕਾਂ ਦੀ ਕਾਲਾ ਬਾਜ਼ਾਰੀ ਤੇ ਨਕਲੀਪਣ ਨੂੰ ਕੰਟਰੋਲ ਕਰਨ ਦੀ ਵੀ ਨਿਹਾਇਤ ਜ਼ਰੂਰਤ ਹੈ। ਨਹਿਰੀ ਪਾਣੀ ਦੀ ਵਰਤੋਂ ਨੂੰ ਵਧਾਉਣਾ ਕੇਵਲ ਫ਼ਸਲਾਂ ਲਈ ਹੀ ਨਹੀਂ ਬਲਕਿ ਪੰਜਾਬੀਆਂ ਦੀ ਹੋਂਦ ਬਚਾਉਣ ਲਈ ਵੀ ਜ਼ਰੂਰੀ ਹੈ। ਖੇਤੀ ਨੀਤੀ 'ਤੇ ਵਿਚਾਰ ਵਟਾਂਦਰੇ ਤਦ ਹੀ ਕਾਰਗਰ ਸਿੱਧ ਹੋਣਗੇ ਜੇਕਰ ਫ਼ੈਸਲੇ ਜ਼ਮੀਨੀ ਹਕੀਕਤਾਂ ਨੂੰ ਮੱਦੇਨਜ਼ਰ ਰੱਖ ਕੇ ਲਏ ਜਾਣ ਤੇ ਲਾਗੂ ਕੀਤੇ ਜਾਣ।



# ਗੁਰਦੁਆਰਾ ਸ੍ਰੀ ਰੀਠਾ ਸਾਹਿਬ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰਦੁਆਰਾ ਸ੍ਰੀ ਰੀਠਾ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ। ਨਾਨਕਮਤਾ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਅਕਸਰ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਵੀ ਚਲੀ ਜਾਂਦੀ ਹੈ। ਟਨਕਪੁਰ ਚੰਪਾਵਤ ਰਾਹੀਂ ਨਾਨਕਮਤਾ ਤੋਂ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਜਾਣ ਦਾ ਲਗ-ਪਗ 185 ਕਿਲੋਮੀਟਰ ਰਸਤਾ ਭਾਵੇਂ ਕੁੱਝ ਲੰਮਾ ਪੈਂਦਾ ਹੈ ਪਰ ਇਸੇ ਨੂੰ ਵਧੇਰੇ ਸੁਰੱਖਿਅਤ ਅਤੇ ਸੁਖਦਾਈ ਮੰਨਿਆ ਜਾਂਦਾ ਹੈ। ਇਸ ਅਸਥਾਨ 'ਤੇ ਜਾਣ ਲਈ ਪਹਾੜ ਦੇ ਨਾਲ-ਨਾਲ ਸੜਕੀ ਮਾਰਗ ਮੌਜੂਦ ਹੈ ਪਰ ਕਿਸੇ ਸਮੇਂ ਇੱਥੋਂ ਤੱਕ ਪੁੱਜਣ ਲਈ ਬਹੁਤ ਹੀ ਮੁਸ਼ੱਕਤ ਕਰਨੀ ਪੈਂਦੀ ਸੀ। ਇਸ ਅਸਥਾਨ 'ਤੇ ਜੋਗੀ ਢੇਰ ਨਾਥ ਦੇ ਮੰਦਰ ਦੇ ਨਾਲ ਹੀ ਇਕ ਸੁੰਦਰ ਅਤੇ ਵਿਸ਼ਾਲ ਗੁਰਦੁਆਰਾ ਸਾਹਿਬ ਸ਼ਸ਼ੋਭਿਤ ਹੈ।

ਕਿਹਾ ਜਾਂਦਾ ਹੈ ਕਿ ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਦੀ ਜੋਗੀ ਢੇਰ ਨਾਥ ਨਾਲ ਵਿਚਾਰ-ਚਰਚਾ ਹੋਈ ਸੀ ਅਤੇ ਜਦੋਂ ਉਹ ਇਸ ਵਿਚਾਰ-ਚਰਚਾ ਵਿੱਚ ਹਾਰ ਗਿਆ ਤਾਂ ਉਹ ਆਪਣੇ ਮੁੱਖ ਡੇਰੇ 'ਤੇ ਜਾ ਕੇ ਜਿਉਂਦਾ ਹੀ ਸਮਾਧੀ ਲੈ ਗਿਆ ਸੀ। ਇਹ ਡੇਰਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਤੋਂ ਨਾਨਕਮਤਾ ਜਾਂਦੇ ਹੋਏ ਲਗ-ਪਗ 50 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਦੋਂ ਇਸ ਡੇਰੇ ਵਿਖੇ ਪੁੱਜੇ ਤਾਂ ਕੁੱਝ ਜੋਗੀਆਂ ਨਾਲ ਮੁਲਾਕਾਤ ਹੋਈ ਜਿਹੜੇ ਇਹ ਤਾਂ ਮੰਨਦੇ ਹਨ ਕਿ ਜੋਗੀ ਢੇਰ ਨਾਥ ਦੀ ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ ਹੋਈ ਸੀ ਅਤੇ ਇਹ ਉਸਦਾ ਜਿਉਂਦੇ ਹੀ ਸਮਾਧੀ ਲੈ ਲੈਣ ਵਾਲਾ ਸਥਾਨ ਹੈ ਪਰ ਉਹ ਇਸਦਾ ਕਾਰਨ ਗੁਰੂ ਜੀ ਨਾਲ ਹੋਈ ਵਿਚਾਰ ਚਰਚਾ ਨੂੰ ਨਹੀਂ ਮੰਨਦੇ।

ਸਿੱਖ ਸਰੋਤਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਇਸ ਅਸਥਾਨ 'ਤੇ ਜੋਗੀਆਂ ਨਾਲ ਹੋਈ ਵਿਚਾਰ ਚਰਚਾ ਦਾ ਜ਼ਿਕਰ ਤਾਂ ਮਿਲਦਾ ਹੈ ਪਰ ਇਹਨਾਂ ਵਿਚੋਂ ਕਿਹੜਾ ਪ੍ਰਮੁੱਖ ਜੋਗੀ ਗੁਰੂ ਜੀ ਨਾਲ ਗੋਸਟਿ ਕਰਨ ਲਈ ਆਇਆ ਸੀ, ਉਸ ਸੰਬੰਧੀ ਸਪਸ਼ਟ ਜਾਣਕਾਰੀ ਨਹੀਂ ਮਿਲਦੀ। ਇੱਥੇ ਵਾਪਰੀ ਘਟਨਾ ਸੰਬੰਧੀ ਜਿਹੜੀ ਸਾਖੀ ਸਭ ਤੋਂ ਵਧੇਰੇ ਪ੍ਰਚੱਲਿਤ ਹੈ ਉਸ ਵਿਚ ਦੱਸਿਆ ਜਾਂਦਾ ਹੈ ਕਿ ਗੁਰੂ ਜੀ ਇਸ ਅਸਥਾਨ 'ਤੇ ਪੁੱਜੇ ਤਾਂ ਰੀਠੇ ਦੇ ਇਕ ਰੁੱਖ ਹੇਠਾਂ ਬਿਰਾਜਮਾਨ ਹੋਏ ਸਨ ਜਿੱਥੇ ਨੇੜੇ ਹੀ ਜੋਗੀਆਂ ਦੀ ਇਕ ਮੰਡਲੀ ਵੀ ਮੌਜੂਦ ਸੀ। ਗੁਰੂ ਜੀ ਦੇ ਨਾਲ ਮੌਜੂਦ ਭਾਈ ਮਰਦਾਨੇ ਨੇ ਕਿਹਾ ਕਿ ਭੁੱਖ ਲੱਗੀ ਹੈ ਤਾਂ ਗੁਰੂ ਜੀ ਨੇ ਉਸਨੂੰ ਉਸੇ ਰੁੱਖ 'ਤੇ ਲੱਗੇ ਰੀਠੇ ਖਾਣ ਲਈ ਕਿਹਾ। ਗੁਰੂ ਜੀ ਦੀ ਆਗਿਆ ਅਨੁਸਾਰ ਜਦੋਂ ਭਾਈ ਮਰਦਾਨਾ ਜੀ ਨੇ ਸਤਿ ਕਰਤਾਰ ਕਹਿ ਕੇ ਰੁੱਖ ਨੂੰ ਹਿਲਾਇਆ ਤਾਂ ਬਹੁਤ ਸਾਰੇ ਰੀਠੇ ਹੇਠਾਂ ਡਿੱਗ ਪਏ ਜਿਹੜੇ ਕਿ ਮਿੱਠੇ ਸਨ। ਮੌਜੂਦਾ ਸਮੇਂ ਵਿੱਚ ਇਸ ਅਸਥਾਨ 'ਤੇ ਯਾਤਰਾ ਕਰਨ ਵਾਲਿਆਂ ਨੂੰ ਮਿੱਠੇ ਰੀਠਿਆਂ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ। ਇਸੇ ਰੁੱਖ ਦੀ ਇਕ ਸ਼ਾਖ਼ਾ 'ਤੇ ਕੌੜੇ ਰੀਠੇ ਵੀ ਲੱਗਦੇ ਹਨ। ਇਸ ਘਟਨਾ ਨਾਲ ਜੁੜੀ ਹੋਈ ਇਕ ਹੋਰ ਸਾਖੀ ਵਿੱਚ ਦੱਸਿਆ ਜਾਂਦਾ ਹੈ ਕਿ ਜਦੋਂ ਗੁਰੂ ਜੀ ਇਸ ਅਸਥਾਨ 'ਤੇ ਪੁੱਜੇ ਤਾਂ ਜੋਗੀਆਂ ਨੇ ਉਹਨਾਂ ਨੂੰ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਕਿਸੇ ਦੀ ਪੇਸ਼ ਨਾ ਗਈ। ਗੁਰੂ ਜੀ ਨੇ ਬਚਨ ਕੀਤਾ ਕਿ ਕਰਾਮਾਤ ਪਰਮਾਤਮਾ ਦੇ ਨਾਮ ਵਿੱਚ ਹੈ।

ਸਮੇਂ ਦੇ ਨਾਲ ਇਸ ਅਸਥਾਨ ਦਾ ਵਿਕਾਸ ਅਰੰਭ ਹੋਇਆ ਤਾਂ ਇਤਿਹਾਸ ਦੇ ਕੁੱਝ ਪਹਿਲੂ ਉੱਭਰ ਕੇ ਸਾਹਮਣੇ ਆਉਣ ਲੱਗੇ। ਉੱਤਰਾਖੰਡ ਦੇ ਸੈਰ-ਸਪਾਟਾ ਵਿਭਾਗ ਵੱਲੋਂ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਬਾਰੇ ਜਿਹੜੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ, ਉਸ ਵਿੱਚ ਦੱਸਿਆ ਗਿਆ ਹੈ:

ਰੀਠਾ ਸਾਹਿਬ ਗੁਰਦੁਆਰਾ ਲੋਦੀਆ ਅਤੇ ਰਤੀਆ ਨਦੀਆਂ ਦੇ ਸੰਗਮ 'ਤੇ ਸਥਿਤ ਹੈ। ਇਸਨੂੰ 1960 ਵਿੱਚ ਬਣਾਇਆ ਗਿਆ ਸੀ ਅਤੇ ਇਹ ਦਯੂਰੀ ਗਾਂਵ ਦੇ ਕੋਲ ਸਥਿਤ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਵੀ ਇਸ ਅਸਥਾਨ 'ਤੇ ਆਏ ਸਨ। ਉਹਨਾਂ ਨੇ ਗੋਰਖ ਪੰਥੀ ਜੋਗੀਆਂ ਨਾਲ ਇੱਥੇ ਅਨੇਕ ਅਧਿਆਤਮਕ ਵਿਚਾਰਾਂ ਕੀਤੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਇੱਥੇ ਉੱਗੇ ਹੋਏ ਰੀਠੇ ਦੇ ਰੁੱਖ ਤੋਂ ਰੀਠਾ ਫਲ ਤੋੜਿਆ ਸੀ। ਇਹ ਰੁੱਖ ਹਾਲੇ ਵੀ ਗੁਰਦੁਆਰੇ ਦੇ ਅਹਾਤੇ ਵਿੱਚ ਹੈ। ਉਹਨਾਂ ਦੇ ਦੈਵੀ ਸਪਰਸ਼ ਨਾਲ ਕੌੜਾ, ਸਾਬਣ ਦਾ ਫਲ ਵੀ ਮਿੱਠਾ ਹੋ ਗਿਆ। ਇਸ ਕਰਕੇ ਇਹ ਸਥਾਨ ਰੀਠਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

1960 ਵਿੱਚ ਇਸ ਅਸਥਾਨ ਦਾ ਪ੍ਰਬੰਧ ਨਾਥ ਪਰੰਪਰਾ ਦੇ ਜੋਗੀਆਂ ਕੋਲ ਸੀ। ਉਸ ਸਮੇਂ ਇਸ ਅਸਥਾਨ 'ਤੇ 30 ਗੁਣਾ 30 ਦਾ ਟੀਨ ਦੀ ਛੱਤ ਵਾਲਾ ਕਮਰਾ ਬਣਿਆ ਹੋਇਆ ਸੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। 1969 ਵਿੱਚ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੇ ਮੈਨੇਜਰ ਗਿਆਨੀ ਹਰਚਰਨ ਸਿੰਘ ਨੇ ਇਸ ਅਸਥਾਨ ਦੀ ਯਾਤਰਾ ਕਰਕੇ ਬਹੁਤ ਹੀ ਮਹੱਤਵਪੂਰਨ ਤੱਥ ਇਕੱਤਰ ਕੀਤੇ ਸਨ। ਇਹ ਦੱਸਦੇ ਹਨ ਕਿ ਇਸ ਅਸਥਾਨ 'ਤੇ ਰੀਠਾ ਸਾਹਿਬ ਦੇ ਦੋ ਪੇੜ ਹਨ। ਇਕ ਗੁਰਦੁਆਰਾ ਜੀ ਦੇ ਸਾਹਮਣੇ ਅਤੇ ਇਕ ਖੱਬੇ ਪਾਸੇ। ਨਾਲ ਹੀ ਜੋਗੀ ਢੇਰ ਨਾਥ ਦਾ ਪੁਰਾਣਾ ਮੰਦਰ ਹੈ ਜਿਸ ਵਿੱਚ ਫਾਉੜੀ, ਚਿਮਟਾ, ਧੂਣੀ ਆਦਿ ਦੀ ਪੂਜਾ ਹੁੰਦੀ ਹੈ। ਗੁਰਦੁਆਰੇ ਦਾ ਇੰਤਜ਼ਾਮ ਮਹੰਤ ਖ਼ੁਸ਼ਾਲ ਨਾਥ ਕਰਦੇ ਹਨ ਅਤੇ ਢੇਰ ਨਾਥ ਮੰਦਰ ਦੀ ਪੂਜਾ ਮਹੰਤ ਗੰਗਾ ਨਾਥ ਜੀ ਕੋਲ ਹੈ। ਏਹ ਦੋਵੇਂ ਸਕੇ ਭਰਾ ਹਨ। ਇਹਨਾਂ ਤੋਂ ਪਹਿਲਾਂ ਖੇਮ ਨਾਥ, ਅਮਰ ਨਾਥ, ਸੂਰਤ ਨਾਥ ਸੇਵਾ ਕਰਦੇ ਰਹੇ ਹਨ। ਇਸ ਅਸਥਾਨ ਦੀ ਹਾਲਤ ਦੇਖ ਕੇ ਇੱਥੇ ਇਕ ਨਵੀਂ ਇਮਾਰਤ ਬਣਾਉਣ ਦੀਆਂ ਵਿਚਾਰਾਂ ਹੋਈਆਂ।

ਇਹ ਅਸਥਾਨ ਅਲਮੋੜਾ ਜ਼ਿਲੇ ਵਿੱਚ ਸੀ। ਇਸ ਲਈ ਇਸ ਅਸਥਾਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਗਿਆਨੀ ਹਰਚਰਨ ਸਿੰਘ ਇੱਥੋਂ



ਅਲਮੋੜਾ ਚਲੇ ਗਏ ਸਨ। ਇਹਨਾਂ ਨੂੰ ਇਸ ਅਸਥਾਨ ਨਾਲ ਸੰਬੰਧਿਤ ਬਹੁਤ ਹੀ ਮਹੱਤਵਪੂਰਨ ਕਾਗ਼ਜ਼ਾਤ ਅਲਮੋੜਾ ਦੇ ਮਾਲ ਵਿਭਾਗ ਵਿੱਚ ਮਿਲੇ ਸਨ ਜਿਹੜੇ ਕਿ ਰੀਠਾ ਸਾਹਿਬ ਦੇ ਮੌਜ਼ਾ ਚੌੜਾ ਪਿੱਤਾ, ਪੱਟੀ ਤਲੀਰਾ, ਬਸਤਾ ਨੂੰ 8 ਨਾਲ ਸੰਬੰਧਿਤ ਸਨ। ਇਹਨਾਂ ਵਿਚੋਂ ਜਿਹੜੀ ਜਾਣਕਾਰੀ ਪ੍ਰਾਪਤ ਹੋਈ ਉਸ ਵਿੱਚ ਲਿਖਿਆ ਹੋਇਆ ਸੀ, ਨੰ. 4807 ਗੁਰੂ ਨਾਨਕ ਜੀ ਕਾ ਮੰਦਿਰ ਗੁਲੀਆ ਰੀਠੂ, ਪੇੜ ਦੋ, ਮਹੰਤ ਖੁਸ਼ਹਾਲ ਨਾਥ ਜੀ। ਇਸੇ ਤਰ੍ਹਾਂ ਇਹਨਾਂ ਕਾਗ਼ਜ਼ਾਂ ਵਿੱਚ ਜੋਗੀ ਢੇਰ ਨਾਥ ਦੇ ਮੰਦਰ ਦੇ ਨਾਲ ਗੁਰਦੁਆਰਾ ਸਾਹਿਬ ਦੀ ਮੌਜੂਦਗੀ ਦਾ ਹਵਾਲਾ ਦਿੰਦੇ ਹੋਏ ਦੱਸਿਆ ਗਿਆ ਹੈ ਕਿ ਕੈਫੀਅਤ ਮਿਠਾ ਰੀਠਾ ਹਾਲਾਤ ਨਾਮਾ ਗਾਉ ਮੇਂ ਯਦੀ ਕੋਈ ਮੰਦਰ ਹੈ ਉਸ ਕਾ ਰਿਵਾਜ ਵਿਵਰਣ ਮੌਜ਼ੇ ਮੇਂ ਸ੍ਰੀ ਢੇਰ ਨਾਥ ਜੀ ਕਾ ਮੰਦਰ ਹੈ ਜਿਸ ਮੇਂ ਪੁਜਾਰੀ ਰਹਿਤਾ ਹੈ ਜੋ ਪੂਜਾ ਬਰਾਬਰ ਕਰਤੇ ਹੈਂ, ਵ ਸਿਖੋਂ ਕਾ ਗੁਰਦੁਆਰਾ ਭੀ ਹੈ ਜਿਸ ਮੇ ਸਭੀ ਬਾਹਰ ਕੇ ਯਾਤਰੀ ਭੀ ਗੁਰਦੁਆਰੇ ਮੇਂ ਆਤੇ ਹੈ। ਪੂਜਾ ਹੋਤੀ ਹੈ ਤੋ ਸਭੀ ਗਾਵ ਕੇ ਬਾਸ਼ਿੰਦਗਾਨ ਮਿਲ ਜੁਲ ਕਰ ਪੂਜਾ ਕਰਤੇ ਹੈਂ।

ਇਸ ਅਸਥਾਨ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਡਾ. ਕਿਰਪਾਲ ਸਿੰਘ ਦੱਸਦੇ ਹਨ ਕਿ ਇੱਥੇ ਇਕ ਛੋਟਾ ਜਿਹਾ ਛੱਪਰ ਸੀ ਜਿਸ ਦੀ ਦੇਖਭਾਲ ਜੋਗੀਆਂ ਦੇ ਡੇਰੇ ਦਾ ਮਹੰਤ ਹੀ ਕਰਦਾ ਸੀ। ਇਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖ ਸੰਗਤ ਦੇ ਪ੍ਰਬੰਧ ਅਧੀਨ ਆਉਣ ਤੋਂ ਪਹਿਲਾਂ ਇਸ ਅਸਥਾਨ ਦੀ ਸੇਵਾ-ਸੰਭਾਲ ਜੋਗੀਆਂ ਦੇ ਡੇਰੇ ਵਾਲੇ ਮਹੰਤਾਂ ਵੱਲੋਂ ਹੀ ਕੀਤੀ ਜਾ ਰਹੀ ਸੀ ਅਤੇ ਇਸ ਸੰਬੰਧੀ ਹਵਾਲੇ ਹੋਰਨਾਂ ਪੁਸਤਕਾਂ ਵਿਚੋਂ ਵੀ ਮਿਲ ਜਾਂਦੇ ਹਨ। ਦੇਹਰਾਦੂਨ ਦੇ ਡਾ. ਕੁਲਵਿੰਦਰ ਸਿੰਘ ਉੱਤਰਾਖੰਡ ਦੇ ਗੁਰਧਾਮਾਂ ਦੀ ਯਾਤਰਾ ਕਰਦੇ ਹੋਏ ਜਦੋਂ ਇਸ ਅਸਥਾਨ 'ਤੇ ਪੁੱਜੇ ਤਾਂ ਇਕ ਬਜ਼ੁਰਗ ਬੱਚੀ ਨਾਥ ਨਾਲ ਮੁਲਾਕਾਤ ਹੋਈ ਜਿਹੜਾ ਕਿ ਜੋਗੀ ਢੇਰ ਨਾਥ ਦੇ ਮੰਦਰ ਦੇ ਪੁਜਾਰੀਆਂ ਦੇ ਪਰਿਵਾਰ ਨਾਲ ਸੰਬੰਧਿਤ ਸੀ। ਇਸ ਨੇ ਦੱਸਿਆ ਕਿ ਇਸਨੂੰ ਬਾਬਾ ਅਮਰਨਾਥ ਤੋਂ ਹੀ ਇਸ ਗੁਰਧਾਮ ਦੀ ਜਾਣਕਾਰੀ ਹੈ ਜਿਸ ਤੋਂ ਬਾਅਦ ਉਸਦਾ ਪੁੱਤਰ ਕੁੰਜਰ ਨਾਥ ਇਸ ਅਸਥਾਨ ਦੀ ਸੇਵਾ ਵਿੱਚ ਆ ਗਿਆ ਸੀ। ਕੁੰਜਰ ਨਾਥ ਦੇ ਪੁੱਤਰ ਖੇਮ ਨਾਥ ਦੇ ਸਮੇਂ ਇਸ ਅਸਥਾਨ 'ਤੇ ਗੁਰਧਾਮ ਦੀ ਉਸਾਰੀ ਕੀਤੀ ਗਈ ਸੀ। ਖੇਮ ਨਾਥ ਦੇ ਦੋ ਪੁੱਤਰ ਸਨ - ਖ਼ੁਸ਼ਾਲ ਨਾਥ ਅਤੇ ਗੰਗਾ ਨਾਥ। ਖ਼ੁਸ਼ਾਲ ਨਾਥ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਦੇਖਦਾ ਸੀ ਅਤੇ ਗੰਗਾ ਨਾਥ ਮੰਦਰ ਦਾ ਪੁਜਾਰੀ ਸੀ। ਖ਼ੁਸ਼ਾਲ ਨਾਥ ਦੇ ਤਿੰਨ ਪੁੱਤਰ ਸਨ - ਨੌਨਾਥ, ਧੰਨਾ ਅਤੇ ਜਗਨਨਾਥ ਅਤੇ ਗੰਗਾ ਨਾਥ ਦੇ ਦੋ ਪੁੱਤਰ ਹਨ ਬੱਚੀ ਨਾਥ (ਜਿਸ ਨੇ ਇਹ ਜਾਣਕਾਰੀ ਪ੍ਰਦਾਨ ਕੀਤੀ ਹੈ) ਅਤੇ ਕਿਸ਼ਨ ਨਾਥ। ਖ਼ੁਸ਼ਾਲ ਨਾਥ ਦੇ ਸਮੇਂ ਇਹ ਗੁਰਦੁਆਰਾ ਸਾਹਿਬ ਕਮੇਟੀ ਨੂੰ ਸੌਂਪ ਦਿੱਤਾ ਗਿਆ ਸੀ।



1970 ਵਿੱਚ ਮਹੰਤ ਖ਼ੁਸ਼ਾਲ ਨਾਥ ਪਾਸੋਂ ਇਸ ਗੁਰਧਾਮ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਸੀ। ਕਮੇਟੀ ਅਧੀਨ ਆਉਣ ਤੋਂ ਬਾਅਦ ਇਸ ਅਸਥਾਨ ਦੇ ਪ੍ਰਸਾਰ ਦਾ ਕਾਰਜ ਅਰੰਭ ਹੋਇਆ ਜਿਹੜਾ ਕਿ ਸੰਗਤ ਦੇ ਸਹਿਯੋਗ ਤੋਂ ਬਗ਼ੈਰ ਸੰਭਵ ਨਹੀਂ ਸੀ। ਉੱਤਰ ਪ੍ਰਦੇਸ਼ ਅਤੇ ਹੋਰਨਾਂ ਰਾਜਾਂ ਦੇ ਵਿਭਿੰਨ ਗੁਰਧਾਮਾਂ ਵਿੱਚ ਇਸ ਅਸਥਾਨ ਦਾ ਪ੍ਰਚਾਰ ਹੋਣ ਲੱਗਿਆ ਅਤੇ ਸੰਗਤ ਨੂੰ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਪ੍ਰੇਰਨਾ ਪੈਦਾ ਕੀਤੀ ਜਾਣ ਲੱਗੀ। ਉਸ ਸਮੇਂ ਇਸ ਅਸਥਾਨ 'ਤੇ ਰਿਹਾਇਸ਼, ਲੰਗਰ ਆਦਿ ਲਈ ਆਰਜ਼ੀ ਪ੍ਰਬੰਧ ਕੀਤੇ ਗਏ ਸਨ। ਸੇਵਾਦਾਰਾਂ, ਰਾਗੀ, ਗ੍ਰੰਥੀ, ਲਾਂਗਰੀ ਅਤੇ ਸੰਗਤ ਦੀ ਸਹੂਲਤ ਲਈ ਟੈਂਟਾਂ ਦਾ ਲੋੜ ਅਨੁਸਾਰ ਪ੍ਰਬੰਧ ਕੀਤਾ ਗਿਆ ਅਤੇ ਇਸ ਨੂੰ ਪੱਕੇ ਪੈਰੀਂ ਕਰਨ ਲਈ ਯਤਨ ਅਰੰਭ ਕਰ ਦਿੱਤੇ ਗਏ ਸਨ।

ਇਸ ਅਸਥਾਨ 'ਤੇ ਜੇਠ ਮਹੀਨੇ ਦੀ ਪੂਰਨਮਾਸ਼ੀ ਨੂੰ ਸਲਾਨਾ ਜੋੜ ਮੇਲਾ ਹੁੰਦਾ ਹੈ ਜਿਹੜਾ ਕਿ ਇਸ ਸਾਲ 2-4 ਜੂਨ ਤੱਕ ਮਨਾਇਆ ਜਾ ਰਿਹਾ ਹੈ। ਇਸ ਗੁਰਧਾਮ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਭਾਵੇਂ ਹੁਣ ਪੱਕੀਆਂ ਸੜਕਾਂ ਅਤੇ ਆਧੁਨਿਕ ਸਾਧਨਾਂ ਰਾਹੀਂ ਅਸਾਨੀ ਨਾਲ ਪਹੁੰਚ ਸਕਦੀ ਹੈ ਪਰ ਕਿਸੇ ਸਮੇਂ ਇਹ ਯਾਤਰਾ ਬਹੁਤ ਹੀ ਜੋਖ਼ਮ ਭਰਪੂਰ ਸੀ। ਇਸ ਦੀ ਇਕ ਮਿਸਾਲ 10 ਮਈ 1971 ਨੂੰ ਆਯੋਜਿਤ ਕੀਤੇ ਗਏ ਸਲਾਨਾ ਜੋੜ ਮੇਲੇ ਸਮੇਂ ਸੰਗਤ ਨੂੰ ਅਖ਼ਬਾਰਾਂ ਰਾਹੀਂ ਦਿੱਤੇ ਗਏ ਇਕ ਸੰਦੇਸ਼ ਤੋਂ ਹੋ ਜਾਂਦੀ ਹੈ ਜਿਸ ਵਿੱਚ ਉਹਨਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ



ਲਈ ਮਾਰਗ ਅਤੇ ਸਾਧਨ ਦੱਸਦੇ ਹੋਏ ਕਿਹਾ ਗਿਆ ਹੈ:

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਠੇ ਕੀਤੇ ਰੀਠੇ ਸਹਿਬ ਦੇ ਪਾਵਨ ਧਾਮ ਪਰ 10 ਮਈ 1971 (28 ਵੈਸਾਖ) ਨੂੰ ਵਾਰਸ਼ਕ ਜੋੜ ਮੇਲਾ ਬੜੀ ਸਜ ਧਜ ਨਾਲ ਮਨਾਇਆ ਜਾਏਗਾ । ਹਲਦਵਾਨੀ ਅਤੇ ਰੁਦਰ ਪੁਰ ਤੋਂ ਯਾਤਰੀਆਂ ਦੇ ਲਿਜਾਣ ਲਈ ਟਰੱਕਾਂ ਦਾ ਪ੍ਰਬੰਧ ਹੋਵੇਗਾ। ਰਸਤਾ ਹਲਦਵਾਨੀ ਤੇ ਚੋਰ ਗਲੀਆਂ, ਦੁਰਗਾ ਪਿਪਲ ਤੇ ਜੰਗਲਾਤ ਰੋਡ ਦੇ ਰਸਤੇ 42 ਮੀਲ ਫਾਸਲਾ ਹੈ। ਰੁਦਰ ਪੁਰ ਤੋਂ ਲਾਲ ਕੂੰਆਂ, ਚੋਰ ਗਲੀਆਂ ਰਸਤੇ 53 ਮੀਲ ਦਾ ਸਫਰ ਹੈ। 10 ਮੀਲ ਸਫਰ ਪੈਦਲ ਬੀ ਕਰਨਾ ਪਵੇਗਾ। ਟਰੱਕਾਂ ਪਰ ਸੀਟ ਰੀਜ਼ਰਵ ਕਰਾਉਣ ਲਈ 15/ ਪੇਸ਼ਗੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਹਲਦਵਾਨੀ (ਨੈਨੀਤਾਲ) ਨੂੰ ਯਾ ਸਕੱਤ੍ਰ ਗੁਰਦੁਆਰਾ ਸਿੰਘ ਸਭਾ ਰੁਦਰ ਪੁਰ (ਨੈਨੀ ਤਾਲ) ਯਾ ਮੈਨੇਜਰ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ (ਨੈਨੀ ਤਾਲ) ਯਾ ਸਕੱਤ੍ਰ ਗੁ: ਪ੍ਰ: ਕਮੇਟੀ ਸ੍ਰੀ ਰੀਠਾ ਸਾਹਿਬ ਰੁਦਰ ਪੁਰ (ਨੈਨੀ ਤਾਲ) ਨੂੰ ਭੇਜੇ ਜਾ ਸਕਦੇ ਹਨ। 8 ਤੋਂ 9 ਮਈ ਸਵੇਰੇ ਅੰਮ੍ਰਿਤ ਵੇਲੇ ਗੁ: ਸ੍ਰੀ ਗੁਰੂ ਸਿੰਘ ਸਭਾ ਹਲਦਵਾਨੀ ਤੋਂ ਟਰੱਕ ਟੁਰਨਗੇ ਅਤੇ 8 ਮਈ ਨੂੰ ਸਵੇਰੇ ਅੰਮ੍ਰਿਤ ਵੇਲੇ ਗੁ: ਸ੍ਰੀ ਗੁਰੂ ਸਿੰਘ ਸਭਾ ਰੁਦਰਪੁਰ ਤੇ ਗੁ: ਸ੍ਰੀ ਨਾਨਕ ਮਤਾ ਸਾਹਿਬ ਤੋਂ ਟਰੱਕਾਂ ਦੀ ਰਵਾਨਗੀ ਹੋਵੇਗੀ। ਯਾਤਰਾ ਦੇ ਇਛਕ ਇਨ੍ਹਾਂ ਟਿਕਾਣਿਆਂ 'ਤੇ ਨਿਯਤ ਤਰੀਕ ਤੋਂ ਪਹਿਲੇ ਪਹੁੰਚ ਜਾਣ। ਹੋਰ ਵੇਰਵੇ ਤੇ ਪ੍ਰੋਗਰਾਮ ਉਪ੍ਰੋਕਤ ਕਿਸੇ ਪਤੇ ਤੋਂ ਮੰਗਵਾਏ ਜਾ ਸਕਦੇ ਹਨ। ਖਾਲਸਾ ਸਮਾਚਾਰ, 15.4.1971.

1972 ਵਿੱਚ ਭਾਰੀ ਕੀਮਤ ਅਦਾ ਕਰਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 9 ਏਕੜ ਜ਼ਮੀਨ ਖਰੀਦੀ ਸੀ ਤਾਂ ਕਿ ਸੰਗਤਾਂ ਅਤੇ ਸੇਵਾਦਾਰਾਂ ਦੀ ਰਿਹਾਇਸ਼ ਦਾ ਯੋਗ ਪ੍ਰਬੰਧ ਕੀਤਾ ਜਾਵੇ। ਇਸਦੇ ਨਾਲ ਹੀ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਤੱਕ ਜਾਣ ਵਾਲੇ ਰਸਤਿਆਂ ਨੂੰ ਠੀਕ ਅਤੇ ਛੋਟਾ ਕਰਾਉਣ ਲਈ ਉੱਤਰ ਪ੍ਰਦੇਸ਼ ਸਰਕਾਰ ਨਾਲ ਲਿਖਾ ਪੜ੍ਹੀ ਅਰੰਭ ਕਰ ਦਿੱਤੀ ਸੀ। ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ 1982 ਵਿੱਚ ਇਸਦਾ ਪ੍ਰਬੰਧ ਬਾਬਾ ਹਰਬੰਸ ਸਿੰਘ ਕਾਰਸੇਵਾ, ਦਿੱਲੀ ਵਾਲਿਆਂ ਨੂੰ ਸੌਂਪ ਦਿੱਤਾ ਸੀ ਜਿਨ੍ਹਾਂ ਨੇ ਸੰਗਤ ਦੀ ਸਹੂਲਤ ਲਈ ਇਸ ਅਸਥਾਨ 'ਤੇ ਬਹੁਤ ਸਾਰੇ ਪ੍ਰਬੰਧ ਕਰ ਦਿੱਤੇ ਹਨ। 1993 ਵਿੱਚ ਨਵੇਂ ਦਰਬਾਰ ਹਾਲ ਦੀ ਉਸਾਰੀ ਅਰੰਭ ਕੀਤੀ ਗਈ ਸੀ ਅਤੇ 1997 ਵਿੱਚ ਸੰਪੂਰਨ ਹੋਣ ਉਪਰੰਤ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ ਸੀ।

ਮੌਜੂਦਾ ਸਮੇਂ ਵਿੱਚ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਚੰਪਾਵਤ ਜ਼ਿਲੇ ਵਿੱਚ ਮੌਜੂਦ ਹੈ। ਇਸ ਅਸਥਾਨ 'ਤੇ ਰੀਠੇ ਦਾ ਜਿਹੜਾ ਪੁਰਾਤਨ ਰੁੱਖ ਮੌਜੂਦ ਸੀ ਉਹ ਗਿਰ ਗਿਆ ਹੈ ਅਤੇ ਉਸ ਨੂੰ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ। ਜਿਸ ਅਸਥਾਨ 'ਤੇ ਪੁਰਾਤਨ ਰੁੱਖ ਮੌਜੂਦ ਸੀ ਉੱਥੋਂ ਨਵੀਆਂ ਲਗਰਾਂ ਫੁੱਟ ਰਹੀਆਂ ਹਨ। ਇਹਨਾਂ ਦੇ ਨਾਲ ਹੀ ਪੁਰਾਤਨ ਇਤਿਹਾਸਕ ਖੂਹ ਮੌਜੂਦ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 9 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਨਿਵਾਸ (150 ਕਮਰੇ) ਆਦਿ ਬਣੇ ਹੋਏ ਹਨ ਅਤੇ ਬਾਬਾ ਹਰਬੰਸ ਸਿੰਘ ਜੀ ਦੀ ਯਾਦ ਵਿੱਚ 60 ਕਮਰਿਆਂ ਵਾਲਾ ਨਵਾਂ ਨਿਵਾਸ ਉਸਾਰੀ ਅਧੀਨ ਹੈ। ਬਾਬਾ ਹਰਬੰਸ ਸਿੰਘ ਜੀ ਤੋਂ ਬਾਅਦ ਬਾਬਾ ਬੱਚਨ ਸਿੰਘ ਕਾਰਸੇਵਾ ਵਾਲਿਆਂ ਅਧੀਨ ਬਾਬਾ ਤਰਸੇਮ ਸਿੰਘ ਅਤੇ ਬਾਬਾ ਸ਼ਾਮ ਸਿੰਘ ਇਸ ਅਸਥਾਨ ਦੀ ਸੇਵਾ ਸੰਭਾਲ ਕਰ ਰਹੇ ਹਨ। ਰੀਠੇ ਦੇ ਕੁੱਝ ਰੁੱਖ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਹਨ ਪਰ ਫਿਰ ਵੀ ਗੁਰਦੁਆਰਾ ਸਾਹਿਬ ਤੋਂ ਬਾਹਰ 2 ਏਕੜ ਜ਼ਮੀਨ ਹੋਰ ਖਰੀਦ ਕੇ ਗੁਰੂ ਜੀ ਵਾਲੇ ਰੁੱਖ ਤੋਂ ਨਵੇਂ ਬੂਟੇ ਤਿਆਰ ਕਰਕੇ ਬਾਗ਼ ਲਗਾਇਆ ਹੈ ਤਾਂ ਕਿ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਨੂੰ ਇਹਨਾਂ ਰੀਠਿਆਂ ਦਾ ਪ੍ਰਸ਼ਾਦ ਨਿਰੰਤਰ ਮਿਲਦਾ ਰਹੇ।

# ਨਪਾਕ ਰਾਜਨੀਤੀ ਦਾ ਧਰਮ ਨਾਲ ਗੱਠਜੋੜ ਮਨੁੱਖਤਾ ਲਈ ਖ਼ਤਰਨਾਕ ?

**ਪੂਰਨ ਚੰਦ**

ਜਦੋਂ ਵੀ ਕਿਸੇ ਧਰਮ ਦਾ ਜਨਮ ਅਤੇ ਉਸ ਦਾ ਵਿਕਾਸ ਹੋਇਆ ਹੈ, ਇੱਕ ਮਾਅਨੇ 'ਚ ਉਸ ਦਾ ਅਰਥ ਇਹੀ ਰਿਹਾ ਹੈ ਕਿ ਵੱਧ ਤੋਂ ਵੱਧ ਲੋਕਾਂ 'ਤੇ ਹੁਕਮ ਚਲਾਉਣ ਜਾਂ ਸ਼ਾਸਨ ਕਰਨ ਦੀ ਤਾਕਤ ਹਾਸਿਲ ਕੀਤੀ ਜਾਏ। ਧਰਮ ਅਤੇ ਰਾਜ ਸੱਤਾ ਦਾ ਇਹੀ ਰਹੱਸ ਹੈ। ਦੋਵੇਂ ਇੱਕ-ਦੂਜੇ ਨਾਲੋਂ ਵੱਖਰੇ ਨਹੀਂ ਸਗੋਂ ਪੂਰਕ ਅਤੇ ਪੋਸ਼ਣ ਤੱਤ ਹਨ। ਇਤਿਹਾਸ ਦੇਖ ਲਓ, ਸੱਤਾ ਚਲਾਉਣ ਲਈ ਰਾਜ ਧਰਮ ਦਾ ਪਾਲਣ ਕੀਤਾ ਜਾਂਦਾ ਹੈ ਭਾਵ ਰਾਜ ਉਦੋਂ ਹੀ ਸਥਿਰ ਰਹਿ ਸਕਦਾ ਹੈ, ਜਦੋਂ ਉਸ ਦਾ ਆਧਾਰ ਜਾਂ ਸਹਿਯੋਗੀ ਧਰਮ ਹੋਵੇ। ਜੋ ਲੋਕ ਇਹ ਕਹਿੰਦੇ ਹਨ ਕਿ ਇਹ ਵੱਖ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਭੁਲੇਖੇ ਵਿੱਚ ਰੱਖ ਕੇ ਆਪਣੇ ਸਵਾਰਥ ਪੂਰੇ ਕੀਤੇ ਜਾ ਰਹੇ ਹਨ। ਧਰਮ ਰਾਜਸੱਤਾ ਦੇ ਨਾਲ ਮਿਲ ਕੇ ਜੀਵਨ ਦੇ ਸਾਰੇ ਖੇਤਰਾਂ 'ਤੇ ਕਾਬਜ਼ ਹੁੰਦਾ ਜਾਂਦਾ ਹੈ ਅਤੇ ਆਪਣਾ ਵਿਸਥਾਰ ਕਰਦਾ ਰਹਿੰਦਾ ਹੈ ਤਾਂ ਕਿ ਵੱਧ ਤੋਂ ਵੱਧ ਆਬਾਦੀ 'ਤੇ ਕੋਈ ਵੀ ਮਖੌਟਾ ਪਹਿਨ ਕੇ ਰਾਜ ਕੀਤਾ ਜਾ ਸਕੇ।




ਇਹੀ ਹਕੀਕਤ ਹੈ, ਕਹਿਣ ਨੂੰ ਧਰਮ ਆਪਸ ਵਿੱਚ ਭੇਦ ਕਰਨਾ ਨਹੀਂ ਸਿਖਾਉਂਦਾ ਪਰ ਉਸ ਦੇ ਮੂਲ 'ਚ ਇਹੀ ਭਾਵ ਰਹਿੰਦਾ ਹੈ ਕਿ ਧਾਰਮਿਕ ਆਧਾਰ 'ਤੇ ਬਟਵਾਰਾ ਕੀਤੇ ਬਿਨਾਂ ਸ਼ਾਸਨ ਦੀ ਡੋਰ ਹੱਥ ਵਿੱਚ ਨਹੀਂ ਰੱਖੀ ਜਾ ਸਕਦੀ। ਉਦਾਹਰਨ ਲਈ ਇਸਾਈ ਦੇਸ਼ਾਂ ਦੀ ਤਾਕਤ ਚਰਚ ਵਿੱਚ, ਇਸਲਾਮੀ ਦੇਸ਼ਾਂ ਦੀ ਮਸਜਿਦ ਵਿੱਚ, ਹਿੰਦੂ ਦੀ ਮੰਦਰ, ਸਿੱਖ ਦੀ ਗੁਰਦੁਆਰੇ ਵਿੱਚ ਅਤੇ ਇਸੇ ਤਰ੍ਹਾਂ ਹੋਰ ਸਾਰੇ ਦੇਸ਼ਾਂ ਦੀ ਸ਼ਕਤੀ ਉਨ੍ਹਾਂ ਦੇ ਧਰਮ ਵਿੱਚ ਕੇਂਦਰਤ ਹੁੰਦੀ ਹੈ। ਕੋਈ ਧਰਮ ਅੱਤਿਆਚਾਰ ਦੀ ਹੱਦ ਤੱਕ ਕੱਟੜ ਹੋ ਸਕਦਾ ਹੈ ਤਾਂ ਕੋਈ ਸਭ ਦੇ ਸੁੱਖ 'ਚ ਆਪਣਾ ਸੁੱਖ ਮਾਨਣ ਦੀ ਹੱਦ ਤੱਕ ਸਹਿਣਸ਼ੀਲ ਹੋ ਸਕਦਾ ਹੈ। ਇੱਥੋਂ ਤੱਕ ਕਿ ਕਮਿਊਨਿਸਟ ਦੇਸ਼ ਜੋ ਧਰਮ ਨੂੰ ਨਹੀਂ ਮੰਨਦੇ ਪਰ ਆਪਣੀ ਵਿਚਾਰਧਾਰਾ, ਜੋ ਧਰਮ ਹੀ ਹੈ, ਦੇ ਆਧਾਰ 'ਤੇ ਆਪਣਾ ਸ਼ਾਸਨ ਚਲਾਉਣ ਅਤੇ ਉਸ ਦਾ ਵਿਸਥਾਰ ਕਰਦੇ ਦਿਖਾਈ ਦਿੰਦੇ ਹਨ। ਧਰਮਾਂ ਦਾ ਆਪਸ ਵਿੱਚ ਤਾਲਮੇਲ ਹੋ ਸਕਦਾ ਹੈ ਪਰ ਉਹ ਕਦੇ ਵੀ ਇਕ-ਦੂਜੇ ਵਿੱਚ ਸਮਾ ਨਹੀਂ ਸਕਦੇ। ਧਰਮ ਚਾਹੇ ਛੋਟਾ ਹੋਵੇ ਜਾਂ ਵੱਡਾ, ਸੁਤੰਤਰ ਰਹਿ ਕੇ ਹੀ ਆਪਣੀ ਸੱਤਾ ਚਲਾਉਣਾ ਉਸ ਦੇ ਮੂਲ ਤੱਤਾਂ ਵਿਚੋਂ ਇਕ ਹੈ। ਇਹੀ ਕਾਰਨ ਹੈ ਕਿ ਧਰਮ ਬਦਲਣ ਜਾਂ ਬਦਲਵਾਉਣ ਦੇ ਪਿੱਛੇ ਭਾਵ ਇਹੀ ਰਹਿੰਦਾ ਹੈ ਕਿ ਪਰਿਵਰਤਨ ਚਾਹੇ ਇੱਕਾ-ਦੁੱਕਾ ਹੋਵੇ ਜਾਂ ਕੋਈ ਲਹਿਰ ਚੱਲ ਪਵੇ, ਭਾਵ ਇਹੀ ਹੁੰਦਾ ਹੈ ਕਿ ਇਸ ਦੇ ਜ਼ਰੀਏ ਰਾਜਨੀਤਕ ਸੱਤਾ ਹਾਸਿਲ ਕੀਤੀ ਜਾਵੇ। ਜਦੋਂ ਭਾਰਤ 'ਤੇ ਹਿੰਦੂ ਰਾਜਿਆਂ ਦਾ ਰਾਜ ਸੀ ਅਤੇ ਮੁਗ਼ਲ ਆਏ ਤਾਂ ਉਨ੍ਹਾਂ ਨੇ ਇਸਲਾਮ ਅਪਨਾਉਣ ਦੀ ਮੁਹਿੰਮ ਛੇੜੀ ਅਤੇ ਅੰਗਰੇਜ਼ ਆਏ ਤਾਂ ਇਸਾਈਅਤ ਦੀ ਲਹਿਰ ਹਿਲੋਰੇ ਮਾਰਨ ਲੱਗੀ। ਆਜ਼ਾਦੀ ਤੋਂ ਬਾਅਦ ਹਿੰਦੂ ਧਰਮ ਦਾ ਦਬਦਬਾ ਸੀ ਤਾਂ ਹਿੰਦੂ ਰਾਸ਼ਟਰ ਬਣਨ ਦੀ ਹੋੜ ਲੱਗ ਗਈ, ਜੋ ਹੁਣ ਤੱਕ ਜਾਰੀ ਹੈ। ਇਹੀ ਕਾਰਨ ਹੈ ਕਿ ਹਿੰਦੂ ਧਰਮ ਨੂੰ ਬੁਰਾ-ਭਲਾ ਕਹਿਣ ਵਾਲੇ ਅਤੇ ਹਿੰਦੂਆਂ ਦੇ ਧਾਰਮਿਕ ਸਥਾਨਾਂ ਦਾ ਵਿਰੋਧ ਕਰਨ ਵਾਲੇ, ਚਾਹੇ ਉਹ ਜਨਮ ਤੋਂ ਹਿੰਦੂ ਹੋਣ ਜਾਂ ਬਾਅਦ 'ਚ ਬਣ ਗਏ ਹੋਣ, ਉਹ ਸਭ ਕੁਝ ਕਰ ਰਹੇ ਹਨ, ਜਿਸ ਨਾਲ ਰਾਜਨੀਤਕ ਸੱਤਾ ਦੀ ਪੌੜੀ 'ਤੇ ਚੜ੍ਹਨਾ ਸੌਖਾ ਬਣ ਜਾਵੇ। ਧਰਮ ਪਰਿਵਰਤਨ 'ਚ ਧਾਰਮਿਕ ਚੰਗਿਆਈ ਦੇ ਨਾਲ-ਨਾਲ ਸ਼ੋਸ਼ਣ, ਦਬਾਅ, ਲੋਭ, ਲਾਲਚ ਅਤੇ ਪੈਸਿਆਂ ਦੇ ਲੈਣ-ਦੇਣ ਦੀ ਜ਼ਬਰਦਸਤ ਭੂਮਿਕਾ ਹੈ। ਇਹ ਨਾ ਹੋਵੇ ਤਾਂ ਕੋਈ ਕਿਉਂ ਆਪਣਾ ਧਰਮ ਬਦਲੇਗਾ, ਆਪਣੀ ਇੱਛਾ ਨਾਲ ਤਾਂ ਕਦੇ ਨਹੀਂ, ਇਹ ਸੱਚ ਹੈ! ਉਦਾਹਰਨ ਲਈ ਹਿੰਦੂਆਂ ਦਾ ਆਪਣੇ ਹੀ ਧਰਮ ਵਿੱਚ ਜੋ ਗ਼ਰੀਬ, ਅਨਪੜ੍ਹ, ਦਲਿਤ ਅਤੇ ਹੋਰ ਦੱਬੀਆਂ-ਕੁਚਲੀਆਂ ਜਾਤਾਂ ਦੇ ਲੋਕ ਹਨ, ਉਨ੍ਹਾਂ ਦਾ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝਿਆ ਜਾਂਦਾ ਰਿਹਾ ਹੈ। ਅਜਿਹੇ ਵਿੱਚ ਕੋਈ ਉਨ੍ਹਾਂ ਨੂੰ ਆ ਕੇ ਕਹੇ ਕਿ ਤੁਹਾਨੂੰ ਆਪਣੇ ਹੀ ਮੰਦਰ ਵਿੱਚ ਨਹੀਂ ਜਾਣ ਦਿੱਤਾ ਜਾਂਦਾ ਤਾਂ ਆਓ ਸਾਡੇ ਗਿਰਜਾਘਰ ਤੁਹਾਡੇ ਸਵਾਗਤ ਲਈ ਖੁੱਲ੍ਹੇ ਹਨ। ਜੇਕਰ ਤੁਸੀਂ ਭੁੱਖੇ ਹੋ ਅਤੇ ਖਾਣੇ ਲਈ ਪੈਸੇ ਨਹੀਂ ਹਨ ਤਾਂ ਅਸੀਂ ਤੁਹਾਨੂੰ ਭੋਜਨ ਦੇਵਾਂਗੇ। ਬਿਮਾਰ ਹੋ ਤਾਂ ਇਲਾਜ ਕਰਵਾਵਾਂਗੇ ਅਤੇ ਮੁਫ਼ਤ ਦਵਾਈ ਦੇਵਾਂਗੇ। ਪੜ੍ਹਨਾ ਹੈ ਤਾਂ ਅਸੀਂ ਪੜ੍ਹਾਵਾਂਗੇ। ਛੂਆਛਾਤ ਤੋਂ ਪ੍ਰੇਸ਼ਾਨ ਹੋ, ਲੜਕੀਆਂ ਨੂੰ ਘਰ ਤੋਂ ਬਾਹਰ ਨਿਕਲਣ 'ਤੇ ਪਾਬੰਦੀ ਹੈ, ਉਨ੍ਹਾਂ ਦੇ ਪੜ੍ਹਨ 'ਤੇ ਰੋਕ ਹੈ, ਆਪਣੀ ਮਰਜ਼ੀ ਨਾਲ ਕਿਤੇ ਨਹੀਂ ਜਾ ਸਕਦੀ ਅਤੇ ਕੱਪੜੇ ਪਹਿਨਣ ਤੱਕ 'ਤੇ ਰੋਕ-ਟੋਕ ਹੈ ਤਾਂ ਅਸੀਂ ਹਾਂ ਨਾ, ਇਹ ਸਭ ਸਹੂਲਤਾਂ ਦੇਣ ਲਈ। ਇਸ ਤਰ੍ਹਾਂ ਦੇ ਲੋਭ-ਲਾਲਚ ਦਿੱਤੇ ਜਾਂਦੇ ਹਨ, ਸ਼ਰਤ ਏਨੀ ਕੁ ਹੈ ਕਿ ਆਪਣਾ ਹੀ ਧਰਮ ਜਦੋਂ ਅਪਮਾਨ ਕਰਨ ਲੱਗੇ ਅਤੇ ਦੂਜਾ ਸਵਾਗਤ ਕਰੇ ਤਾਂ ਉਸ ਨੂੰ ਅਪਣਾਉਣਾ ਬਿਹਤਰ ਲੱਗਦਾ ਹੈ।

ਦੂਜੇ ਧਰਮ 'ਚ ਜਾਣ ਦੇ ਹੋਰ ਕਾਰਨਾਂ ਵਿੱਚ ਇਹ ਵੀ ਹੈ ਕਿ ਆਪਣੇ ਧਰਮ ਵਿੱਚ ਦੂਜਾ ਵਿਆਹ ਨਹੀਂ ਕਰ ਸਕਦੇ ਅਤੇ ਦੂਜੇ ਵਿੱਚ ਚਾਰ ਤੱਕ ਕਰਵਾਏ ਜਾ ਸਕਦੇ ਹਨ ਤਾਂ ਉਸ ਨੂੰ ਅਪਣਾ ਲਿਆ ਜਾਂਦਾ ਹੈ। ਕਈ ਵਾਰ ਧਰਮ ਦੀ ਵਿਸ਼ੇਸ਼ਤਾ ਨਹੀਂ ਉਸ ਦੀਆਂ ਸਹੂਲਤਾਂ ਦੇਖ ਕੇ ਧਰਮ ਪਰਿਵਰਤਨ ਹੋ ਜਾਂਦਾ ਹੈ। ਬਹੁਤ ਸਾਰੇ ਰਾਜਾਂ ਨੇ ਧਰਮ ਬਦਲਣ ਦੇ ਖ਼ਿਲਾਫ਼ ਕਾਨੂੰਨ ਬਣਾ ਦਿੱਤੇ ਹਨ ਪਰ ਇਨ੍ਹਾਂ ਵਿੱਚ ਏਨੀਆਂ ਅਸਮਾਨਤਾਵਾਂ ਹਨ ਕਿ ਉਨ੍ਹਾਂ ਦਾ ਪਾਲਣ ਮੁਸ਼ਕਿਲ ਹੈ। ਕਾਨੂੰਨ ਦੀ ਬਜਾਏ ਜੇਕਰ ਧਰਮ ਦੇ ਨਾਂਅ 'ਤੇ ਹੋਣ ਵਾਲੀਆਂ ਕੁਰੀਤੀਆਂ ਅਤੇ ਪਾਖੰਡਾਂ ਦੇ ਖ਼ਿਲਾਫ਼ ਕਾਨੂੰਨ ਬਣਦਾ ਤਾਂ ਸਹੀ ਹੁੰਦਾ। ਧਰਮ ਬਦਲਣਾ ਨਾ ਪਏ ਅਤੇ ਉਸ ਨੂੰ ਬਦਲਵਾਉਣ ਦੀ ਸਫ਼ਲ ਕੋਸ਼ਿਸ਼ ਨਾ ਹੋਵੇ ਤਾਂ ਉਸ ਦੇ ਲਈ ਜ਼ਰੂਰੀ ਹੈ ਕਿ ਆਪਣਾ ਧਰਮ ਸਭ ਤੋਂ ਚੰਗਾ ਲੱਗੇ ਉਦੋਂ ਹੀ ਆਪਣੇ ਧਰਮ 'ਤੇ ਆਧਾਰਿਤ ਰਾਸ਼ਟਰ ਦੀ ਸਥਾਪਨਾ ਹੋ ਸਕੇਗੀ। ਪਰ ਸਵਾਲ ਇਹ ਵੀ ਹੈ ਕਿ ਧਾਰਮਿਕਤਾ 'ਤੇ ਆਧਾਰਿਤ ਦੇਸ਼ ਬਣੇ ਹੀ ਕਿਉਂ? ਸਿੱਖਿਅਤ, ਰੁਜ਼ਗਾਰ ਪ੍ਰਾਪਤ ਤੇ ਖ਼ੁਸ਼ਹਾਲ ਅਤੇ ਸ਼ਾਨਦਾਰ ਦੇਸ਼ ਕਿਉਂ ਨਾ ਬਣਾਇਆ ਜਾਵੇ। ਇਸ ਨਾਲ ਧਰਮ ਦੇ ਆਧਾਰ 'ਤੇ ਦੰਗਾ-ਫਸਾਦ ਕਰਨ ਵਾਲਿਆਂ ਦੀ ਪਛਾਣ ਸੌਖੀ ਹੋ ਜਾਵੇਗੀ ਅਤੇ ਫ਼ਿਰਕੂ ਭੇਦਭਾਵ ਤੋਂ ਬਚਿਆ ਜਾ ਸਕੇਗਾ। ਧਾਰਮਿਕ ਗਿਣਤੀ ਦੇ ਬਲ ਦਾ ਮਹੱਤਵ ਨਹੀਂ ਰਹੇਗਾ ਅਤੇ ਇਹ ਡਰ ਨਹੀਂ ਰਹੇਗਾ ਕਿ ਜੇਕਰ ਕਿਸੇ ਧਰਮ ਦੇ ਲੋਕਾਂ ਦੀ ਗਿਣਤੀ ਵਧ ਗਈ ਤਾਂ ਰਾਜਨੀਤਕ ਸੱਤਾ ਕਿਸੇ ਦੂਜੇ ਧਰਮ ਦੇ ਹੱਥ ਵਿਚ ਚਲੀ ਜਾਵੇਗੀ।

# ਪੰਜਾਬ ਵਿੱਚ ਪਰਿਵਾਰਵਾਦ, ਰਾਜਨੀਤਿਕ ਭ੍ਰਿਸ਼ਟਾਚਾਰ, ਚਾਪਲੂਸੀ ਦਾ ਮਾਹੌਲ

**ਜਗਦੇਵ ਸ਼ਰਮਾ ਬੁਗਰਾ**

ਪੰਜਾਬ ਦਾ ਵਰਤਮਾਨ ਰਾਜਨੀਤਿਕ ਮਾਹੌਲ ਇੱਕ ਸੰਜੀਦਾ ਚਰਚਾ ਦੀ ਮੰਗ ਕਰਦਾ ਹੈ। ਪੰਜਾਬ ਦੇ ਸਰਬਪੱਖੀ ਵਿਕਾਸ ਦੀ ਥਾਂ ਰਾਜਨੀਤਿਕ ਘੜਮੱਸ ਜ਼ਿਆਦਾ ਦਿਖਾਈ ਦੇ ਰਿਹਾ ਹੈ। ਅੱਜ ਪੰਜਾਬ ਦੀ ਕਿਸੇ ਵੀ ਰਾਜਨੀਤਿਕ ਧਿਰ ਕੋਲ ਅਜਿਹਾ ਸਰਵ ਪ੍ਰਵਾਨਤ ਨੇਤਾ ਨਹੀਂ ਹੈ ਜਿਸਦੀ ਇੱਕ ਆਵਾਜ਼ ਉੱਤੇ ਸਾਰਾ ਪੰਜਾਬ ਇਕੱਠਾ ਹੋ ਜਾਵੇ। ਇਸ ਰਾਜਨੀਤਿਕ ਖੱਪੇ ਦੇ ਕਾਰਨਾਂ 'ਤੇ ਵਿਚਾਰ ਕਰਦਿਆਂ ਸਾਡੇ ਸਾਹਮਣੇ ਕਈ ਕਾਬਿਲੇ ਗੌਰ ਕਾਰਨ ਦਿਖਾਈ ਪੈਂਦੇ ਹਨ, ਜਿਨ੍ਹਾਂ ਵਿੱਚ ਪ੍ਰਮੁੱਖ ਹਨ, ਪਰਿਵਾਰਵਾਦ, ਰਾਜਨੀਤਿਕ ਭ੍ਰਿਸ਼ਟਾਚਾਰ, ਚਾਪਲੂਸੀ ਦਾ ਮਾਹੌਲ, ਅਫਸਰਸ਼ਾਹੀ ਉੱਪਰ ਲੋੜੋਂ ਵੱਧ ਨਿਰਭਰਤਾ। ਨੈਤਿਕਤਾ ਅਤੇ ਇਖਲਾਕੀ ਕਦਰਾਂ ਕੀਮਤਾਂ ਪਿੱਛੇ ਧੱਕ ਦਿੱਤੀਆਂ ਗਈਆਂ ਹਨ। ਵਿਚਾਰਧਾਰਾ ਉੱਪਰ ਮੌਕਾਪ੍ਰਸਤੀ ਭਾਰੂ ਪੈਂਦੀ ਦਿਖਾਈ ਦਿੰਦੀ ਹੈ।




ਰਾਜਨੀਤੀ ਵਿੱਚ ਚਾਪਲੂਸੀ ਨੇ ਇਸ ਹੱਦ ਤਕ ਪੈਰ ਪਸਾਰ ਲਏ ਹਨ। ਵਰਤਮਾਨ ਸਰਕਾਰ ਵਿੱਚ ਜ਼ਿਆਦਾਤਰ ਐੱਮ. ਐੱਲ. ਏ. ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੇ ਹਨ। ਰਾਜਨੀਤੀ ਦੇ ਦਾਅ ਪੇਚਾਂ ਤੋਂ ਕੋਰੇ ਅਜਿਹੇ ਲੋਕ ਕਦੇ ਕਦੇ ਗੱਚਾ ਖਾ ਜਾਂਦੇ ਹਨ। ਪ੍ਰੰਪਰਾਵਾਦੀ ਪਾਰਟੀਆਂ ਨਾਲ ਜ਼ਿਆਦਾ ਸਮਾਂ ਕੰਮ ਕਰ ਚੁੱਕੀ ਅਫਸਰਸ਼ਾਹੀ ਆਪਣੇ ਮੁਫ਼ਾਦ ਨੂੰ ਸਾਹਮਣੇ ਰੱਖ ਕੇ ਗਲਤ ਸਲਾਹ ਦੇ ਦਿੰਦੀ ਹੈ ਜਿਸਦੀਆਂ ਕਈ ਸਾਰੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਪਹਿਲਾਂ ਸਰਕਾਰ ਨੇ ਤੱਥ ਭੜੱਥੀ ਵਿੱਚ ਫੈਸਲੇ ਲਏ ਅਤੇ ਫਿਰ ਤੱਥ ਭੜੱਥੀ ਵਿੱਚ ਹੀ ਵਾਪਸ ਵੀ ਲੈ ਲਏ, ਜਿਨ੍ਹਾਂ ਕਾਰਨ ਸਰਕਾਰ ਨੂੰ ਕਿਰਕਿਰੀ ਦਾ ਸਾਹਮਣਾ ਕਰਨਾ ਪਿਆ। ਅਫਸਰਸ਼ਾਹੀ ਉੱਪਰ ਲੋੜੋਂ ਵੱਧ ਨਿਰਭਰਤਾ ਅਜਿਹੀ ਸਥਿਤੀ ਦਾ ਕਾਰਨ ਬਣਦੀ ਹੈ। ਭਾਰਤ ਵਿੱਚ ਸੰਵਿਧਾਨ ਅਨੁਸਾਰ ਸੰਘਾਤਮਿਕ ਢਾਂਚਾ ਹੈ। ਸਮਰੱਥ ਸੂਬਿਆਂ ਦੇ ਨਾਲ ਨਾਲ ਇੱਕ ਤਾਕਤਵਰ ਕੇਂਦਰ ਵੀ ਹੈ। ਫੈਡਰਲ ਸਿਸਟਮ ਵਿੱਚ ਕੌਮੀ ਪਾਰਟੀਆਂ ਦੇ ਨਾਲ ਤਾਕਤਵਰ ਖੇਤਰੀ ਪਾਰਟੀਆਂ ਦਾ ਹੋਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਬਦਕਿਸਮਤੀ ਨੂੰ ਸਾਡੇ ਸੂਬੇ ਦੀ ਤਾਕਤਵਰ ਖੇਤਰੀ ਪਾਰਟੀ ਨੂੰ ਪਰਿਵਾਰਵਾਦ ਦਾ ਘੁਣ ਲੱਗ ਗਿਆ ਹੈ। ਅੰਨ੍ਹਾ ਵੰਡੇ ਸੀਰਨੀ, ਮੁੜ ਮੁੜ ਘਰਦਿਆਂ ਨੂੰ। ਇਹੀ ਕਾਰਨ ਹੈ ਕਿ ਪਿਛਲੇ ਲਗਭਗ ਇੱਕ ਦਹਾਕੇ ਤੋਂ ਇਹ ਪਾਰਟੀ ਰਸਾਤਲ ਵੱਲ ਜਾ ਰਹੀ ਹੈ। ਲੋਕਤੰਤਰਿਕ ਪ੍ਰੰਪਰਾਵਾਂ ਨੂੰ ਪ੍ਰਣਾਈ ਪਾਰਟੀ ਨੂੰ ਇੱਕ ਪਰਿਵਾਰ ਅਤੇ ਨੇੜਲੇ ਰਿਸ਼ਤੇਦਾਰਾਂ ਤੋਂ ਬਿਨਾ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਹੋਰ ਕੋਈ ਯੋਗ ਵਿਅਕਤੀ ਹੀ ਨਹੀਂ ਲੱਭ ਰਿਹਾ। ਲਗਦਾ ਸੀ ਕਿ ਇਤਿਹਾਸ ਵਿੱਚ ਸਭ ਤੋਂ ਬੁਰੀ ਹਾਰ ਦੇ ਕਾਰਨਾਂ ਉੱਪਰ ਮੰਥਨ ਕਰਨ ਲਈ ਬਣਾਈ ਕਮੇਟੀ ਦੀਆਂ ਸਿਫਾਰਿਸ਼ਾਂ ਕੁਛ ਸੁਧਾਰ ਕਰਨ ਵਿੱਚ ਸਹਾਈ ਹੋਣਗੀਆਂ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਲੋਕਤੰਤਰ ਦੀ ਹਾਮੀ ਭਰਦੀ ਪਾਰਟੀ ਵਿੱਚੋਂ ਅੰਦਰੂਨੀ ਲੋਕਤੰਤਰ ਗਾਇਬ ਹੈ।

ਕਾਂਗਰਸ ਦੀ ਕਰੀਮ ਦੂਜੀਆਂ ਪਾਰਟੀਆਂ ਵਿੱਚ ਆਪਣਾ ਭਵਿੱਖ ਤਲਾਸ਼ਣ ਵਿੱਚ ਰੁਝੀ ਹੈ। ਇਸ ਰਾਜਸੀ ਖਲਾਅ ਦੇ ਚੱਲਦਿਆਂ ਕੌਮੀ ਪਾਰਟੀ ਦੇ ਦੋ ਪ੍ਰਧਾਨ ਅਤੇ ਦੋ ਵਾਰੀ ਦੇ ਮੁੱਖ ਮੰਤਰੀ, ਇਖਲਾਕੀ ਕਦਰਾਂ ਕੀਮਤਾਂ ਅਤੇ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਆਪਣੀ ਘੋਰ ਵਿਰੋਧੀ ਪਾਰਟੀ ਨਾਲ ਖੰਡ ਖੀਰ ਹੋ ਗਏ ਹਨ। ਬਾਕੀ ਬਚੀ ਪਾਰਟੀ ਵਿੱਚ ਕੋਈ ਕੱਦਾਵਰ ਨੇਤਾ ਦਿਖਾਈ ਨਹੀਂ ਦਿੰਦਾ ਜਿਹੜਾ ਪੰਜਾਬੀਆਂ ਨੂੰ ਅਗਵਾਈ ਦੇ ਸਕੇ। ਅਜਿਹੇ ਵਿੱਚ ਜਨਤਾ ਕਿਸਦੀ ਅਗਵਾਈ ਕਬੂਲ ਕਰੇ।

ਹਰ ਪ੍ਰਕਾਰ ਦਾ ਭ੍ਰਿਸ਼ਟਾਚਾਰ, ਖਾਸ ਤੌਰ 'ਤੇ ਰਾਜਨੀਤਿਕ ਭ੍ਰਿਸ਼ਟਾਚਾਰ ਵੀ ਸੂਬੇ ਦੀ ਇਸ ਅਵਸਥਾ ਲਈ ਜ਼ਿੰਮੇਵਾਰ ਹੈ। ਜਦੋਂ ਹਰੇਕ ਮੰਤਰੀ-ਸੰਤਰੀ ਦਾ ਇਸ਼ਟ ਪੈਸਾ ਬਣ ਜਾਵੇ ਤਾਂ ਆਮ ਆਦਮੀ ਕਿਸ ਕੋਲ ਜਾ ਕੇ ਅਪਣਾ ਦੁਖੜਾ ਰੋਵੇ। ਹਮਾਮ ਵਿੱਚ ਸਾਰੇ ਨੰਗੇ ਹਨ। ਸਮਾਜ ਸੇਵਾ ਦੇ ਨਾਂ 'ਤੇ ਖੁਦ ਦੀ ਅਤੇ ਪਰਿਵਾਰ ਦੀ ਸੇਵਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜਿਨ੍ਹਾਂ ਕੋਲੋਂ ਕੌਮ ਨੂੰ ਅਗਵਾਈ ਦੀ ਆਸ ਹੁੰਦੀ ਹੈ ਉਹ ਇੱਕ ਧਿਰ ਦੇ ਬਣ ਕੇ ਖੜ੍ਹ ਜਾਂਦੇ ਹਨ, ਲਿਫ਼ਾਫ਼ਾ ਕਲਚਰ ਦੀ ਪੈਦਾਵਾਰ ਜੋ ਹੋਏ। ਗਲੀ ਦਾ ਗੁੰਡਾ, ਪੈਸੇ ਦੀ ਧੌਂਸ ਅਤੇ ਬਾਹੂਬਲ ਦੇ ਜ਼ੋਰ 'ਤੇ ਰਾਜ ਦੇ ਮੰਤਰੀ, ਸੰਤਰੀ ਦੀ ਕੁਰਸੀ ਹਥਿਆਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਜਿੱਡਾ ਵੱਡਾ ਗੁੰਡਾ, ਪਾਰਟੀ ਵਿੱਚ ਓਡਾ ਹੀ ਵੱਡਾ ਅਹੁਦਾ। ਦੇਸ਼ ਨਾਲੋਂ ਪਾਰਟੀ ਪਹਿਲਾਂ, ਪਾਰਟੀ ਨਾਲੋਂ ਪਰਿਵਾਰ ਪਹਿਲਾਂ, ਪਰਿਵਾਰ ਨਾਲੋਂ ਖੁਦ ਪਹਿਲਾਂ ਦੀ ਸਥਿਤੀ ਵਿੱਚ ਸਿਆਸਤਦਾਨਾਂ ਕੋਲੋਂ ਸਮਾਜ ਦੇ ਭਲੇ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ।

ਕਿਸੇ ਵੇਲੇ ਪੰਜਾਬੀਆਂ ਦਾ ਇੱਕ ਵੱਡਾ ਕਾਡਰ ਕਾਮਰੇਡਾਂ ਨਾਲ ਜੁੜਿਆ ਹੁੰਦਾ ਸੀ ਅਤੇ ਇਸ ਕਾਡਰ ਦੇ ਸਿਰ 'ਤੇ ਕਾਮਰੇਡਾਂ ਦੀ ਸਰਕਾਰੇ ਦਰਬਾਰੇ ਸੁਣੀ ਜਾਂਦੀ ਸੀ। "ਢਾਈ ਪਾਅ ਆਟਾ





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਗਤ ਕਬੀਰ ਦਾਸ ਜੀ

## 11 ਜੂਨ ਜਨਮ ਦਿਨ ’ਤੇ ਵਿਸ਼ੇਸ਼

ਅੱਠਵੀਂ ਸਦੀ ਮੱਧਕਾਲੀਨ ਕਾਲ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿੱਚ ਹੋਇਆ। ਇਹ ਇੱਕ ਧਾਰਮਿਕ ਜਾਗ੍ਰਿਤੀ ਲਹਿਰ ਸੀ। ਭਗਤੀ ਲਹਿਰ ਦੇ ਭਗਤਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਭਗਤਾਂ ਨੇ ਸੰਤ ਲੋਕ ਭਾਸ਼ਾ ਵਿੱਚ ਅਧਿਆਤਮਕ ਉਪਦੇਸ਼ ਦਿੱਤਾ। ਨਾਥ ਜੋਗੀਆਂ ਅਤੇ ਸੂਫ਼ੀਆਂ ਦੇ ਰੰਗ ਵਿੱਚ ਆਪਣੀ ਰਚਨਾ ਨੂੰ ਗਾਇਆ। ਦੂਰ ਦੂਰ ਤਕ ਪ੍ਰਚਾਰ ਭਰਮਣ ਕਰਦਿਆਂ ਭਗਤਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ। ਗੁਰਮਤਿ ਵਿਚਾਰਧਾਰਾ ਕਰਕੇ ਭਗਤਾਂ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਜੀ ਵਿੱਚ ਆਦਰਯੋਗ ਸਥਾਨ ਮਿਲਿਆ। ਕਾਵਿ ਰਚਨ ਨਿਰਗੁਣ ਅਤੇ ਸਰਗੁਣ ਵਿੱਚ ਵੰਡੀ ਹੋਈ ਸੀ। ਨਿਰਗੁਣ ਧਾਰਾ ਵਿੱਚ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਪ੍ਰਮੁੱਖ ਆਗੂ ਹੋਏ ਹਨ, ਜੋ ਨਿਰੰਕਾਰ ਨੂੰ ਸਿਮਰਦੇ ਹਨ। ਗੁਰਬਾਣੀ ਵਿੱਚ ਭਗਤਾਂ ’ਤੇ ਕ੍ਰਿਪਾ ਹੋਈ ਹੈ ਕਿ

ਪ੍ਰਭੂ ਨੇ ਭਗਤ ਜਨਾਂ ਤੋਂ ਆਪ ਹੀ ਆਪਣੀ ਭਗਤੀ ਕਰਾ ਕੇ ਭਗਤੀ ਦੀ ਬਰਕਤ ਨਾਲ ਉਹਨਾਂ ਨੂੰ ਆਪਣੀ ਵਡਿਆਈ ਵਿਖਾਲੀ ਹੈ। ਪ੍ਰਭੂ ਭਗਤਾਂ ਦੇ ਹਿਰਦੇ ਵਿੱਚ ਆਪਣਾ ਭਰੋਸਾ ਆਪ ਉਤਪੰਨ ਕਰਦਾ ਹੈ। ਉਹਨਾਂ ਤੋਂ ਸੇਵਾ ਆਪ ਹੀ ਕਰਾਈ ਹੈ। ਉਹ ਆਪ ਹੀ ਭਗਤਾਂ ਨੂੰਆਪਣੇ ਭਜਨ ਦਾ ਆਨੰਦ ਬਖਸ਼ਦਾ ਹੈ। ਇਸ ਤਰਾਂ ਉਹਨਾਂ ਦੇ ਹਿਰਦੇ ਵਿੱਚ ਅਡੋਲ ਟਿਕਾ ਰਖਿਆ ਹੈ ਪਰ ਪਾਪੀਆਂ ਨੂੰ ਅਡੋਲ ਚਿੱਤ ਨਹੀਂ ਰਹਿਣ ਦਿੰਦਾ। ਚੁਣ ਕੇ ਉਹਨਾਂ ਨੂੰ ਘੋਰ ਨਰਕ ਵਿੱਚ ਪਾ ਦਿੱਤਾ ਹੈ। ਭਗਤ ਜਨਾਂ ਨੂੰ ਪਿਆਰ ਕਰਦਾ ਹੈ। ਉਹਨਾਂ ਦਾ ਪੱਖ ਕਰਕੇ ਉਸ ਨੇ ਆਪ ਉਹਨਾਂ ਨੂੰ ਵਿਕਾਰਾਂ ਤੋਂ ਬਚਾਇਆ ਹੈ।

ਭਗਤ ਕਬੀਰ ਦਾਸ ਜੀ ਦਾ ਜੀਵਨ : ਪੁਰਾਤਨ ਇਤਿਹਾਸ ਵਿੱਚ ਕਬੀਰ ਜੀ ਬਾਰੇ ਕਿਹਾ ਗਿਆ ਹੈ ਕਿ ਉਹਨਾਂ ਦਾ ਜਨਮ ਹਿੰਦੂ ਧਰਮ ਵਿੱਚ ਹੋਇਆ, ਪਰ ਉਹਨਾਂ ਨੂੰ ਨੀਰੂ ਅਲੀ ਮੁਸਲਮਾਨ ਜੁਲਾਹਾ ਅਤੇ ਉਸਦੀ ਪਤਨੀ ਨੀਮਾਂ ਨੇ ਗੋਦ ਲੈ ਲਿਆ। ਜਨਮ 1398 ਦਾ ਮੰਨਿਆ ਜਾਂਦਾ ਹੈ। ਆਪ ਜੀ ਦਾ ਨਾਮ ਕਬੀਰ ਦਾਸ ਰਖਿਆ ਗਿਆ। ਪਾਲਣ ਪੋਸਣ ਇਸਲਾਮਿਕ ਸੱਭਿਆਚਾਰਕ ਢੰਗ ਨਾਲ ਹੋਇਆ। ਭਾਵੇਂ ਸੰਸਕਾਰਣ ਵਜੋਂ ਆਪ ਹਿੰਦੂ ਸਨ। ਕਿੱਤੇ ਵਜੋਂ ਪਿਤਾ ਪੁਰਖੀ ਜੁਲਾਹਾ ਦਾ ਕੰਮ ਕੀਤਾ। ਆਪ ਜੀ ਦੀ ਧਰਮ ਪਤਨੀ ਦਾ ਨਾਮ ਲੋਈ ਸੀ। ਆਪਜੀ ਦੇ ਪੁੱਤਰ ਕਮਲ ਅਤੇ ਧੀ ਕਮਲੀ ਹੋਏ ਸਨ।

ਆਪ ਜੀ ਨੇ ਪ੍ਰਭੂ ਦਾ ਸਿਮਰਨ ਬੜੀ ਦ੍ਰਿੜਤਾ, ਵਿਸ਼ਵਾਸ ਅਤੇ ਲਗਨ ਨਾਲ ਕੀਤਾ। ਸਿਮਰਨ ਰਾਹੀਂ ਪ੍ਰਭੂ ਨਾਲ ਇੱਕਮਿਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਇੱਕਮਿਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਹੁਣ ਉਚੇ ਆਤਮਿਕ ਟਿਕਾਣੇ ਤੇ ਅਪੜ ਗਿਆ ਹਾਂ। ਜਿਥੇ ਮੈਨੂੰ ਪਰਮਾਤਮਾ ਮਿਲ ਪਿਆ ਹੈ। ਮੈਂ ਕਬੀਰ ਅਤੇ ਮੇਰਾ ਰਾਮ ਇੱਕ ਰੂਪ ਹੋ ਗਏ ਹਾਂ। ਕੋਈ ਸਾਡੇ ਵਿੱਚ ਫਰਕ ਨਹੀਂ ਦਸ ਸਕਦਾ- ਅੰਗ 969। ਪ੍ਰਮਾਣਿਕ ਕ੍ਰਾਂਤੀਕਾਰੀ ਲੋਕ ਕਵੀ ਸਨ ਭਗਤ ਕਬੀਰ ਜੀ। ਉਹਨਾਂ ਨੇ ਸਮਾਜ ਨੂੰ ਵਿਅੰਗਮਈ ਢੰਗ ਨਾਲ ਉਪਦੇਸ਼ ਦਿੱਤਾ ਹੈ। ਉਹਨਾਂ ਦੀਆਂ ਰਚਨਾਵਾਂ ਮੌਖਿਕ ਅਤੇ ਲਿਖਤੀ ਰੂਪ ਵਿੱਚ ਮਿਲਦੀਆਂ ਹਨ। ਉਹਨਾਂ ਨੇ ਸਮਾਜਿਕ ਵਰਣ ਵੰਡ ਨੂੰ ਨਹੀਂ ਸਵੀਕਾਰਿਆ। ਰੂੜੀਵਾਦੀ ਕੱਟੜਪੰਥੀ, ਜਾਤੀਵਾਦ ਵਿਤਕਰੇ ਦਾ ਜੋਰਦਾਰ ਖੰਡਨ ਕੀਤਾ। ਉਹਨਾਂ ਨੇ ਇਨਕਲਾਬੀ ਢੰਗ ਨਾਲ ਸਮਾਜ ਦੀ ਦੁਰਦਸ਼ਾ ਨੂੰ ਬਦਲਿਆ। ਕਰਮਕਾਂਡਾ ਵਿੱਚ ਮਨੁੱਖਤਾ ਨੂੰ ਕੱਢ ਕੇ ਪਰਮਾਤਮਾ ਵੱਲ ਨਿਸ਼ਠਾ ਅਤੇ ਸ਼ਰਧਾ ਦਾ ਮਾਰਗ ਦਿੱਤਾ। ਮਨੁੱਖੀ ਜੀਵਨ ਵਿੱਚ ਆਤਮਾ ਮਨ ਦੇ ਦੁੱਖਾਂ ਦਾ ਨਾਸ ਕਰਨ ਲਈ ਸਮਾਜਿਕ ਚੇਤਨਾ ਪ੍ਰਦਾਨ ਕਰਦੀ ਬਾਣੀ ਨਾਲ ਜੋੜਿਆ। ਆਪ ਜੀ ਦੀਆਂ ਰਚਨਾਵਾਂ ਦੀ ਵਿਸ਼ੇਸਤਾ ਇਹ ਹੈ ਕਿ ਸਧਾਰਣ ਬੋਲੀ ਅਤੇ ਰੋਜਮਰਾ ਜਿੰਦਗੀ ਵਿੱਚ ਵਿਚਰਦਿਆਂ ਅਨੁਭਵਾਂ ’ਤੇ ਆਧਾਰਿਤ ਹੈ। ਸਮਾਜ ਵਿੱਚ ਕਟੜਪੰਥੀਆਂ ਤੇ ਖੁਲ ਕੇ ਵਿਅੰਗਮਈ ਵਾਰ ਕੀਤਾ ਹੈ। ਉਹਨਾਂ ਕਿਹਾ ਕਿ ਸੱਚੇ ਪਰਮਾਤਮਾ ਵਿੱਚ ਵਿਸ਼ਵਾਸ਼ ਰਖੋ ਨਾ ਕਿ ਪਾਖੰਡੀਆਂ ਦੇ ਝੂਠੇ ਕਰਮਕਾਡਾਂ ਵਿੱਚ ਫਸ ਕੇ ਬਹਿ ਜਾਈਉ। ਆਪ ਕਹਿਣੀ ਅਤੇ ਕਥਨੀ ਦੇ ਇਕ ਸਨ। ਉਹ ਇੱਕ ਨਿਡਰ ਪ੍ਰਚਾਰਕ ਸਨ।

ਆਪ ਜੀ ਦੀ ਭਗਤੀ ਦਾ ਮਾਰਚ ਬੜਾ ਕਠਿਨ ਰਿਹਾ, ਕਿਉਂਕਿ ਹਕੂਮਤ ਆਪ ਜੀ ਦੇ ਖਿਲਾਫ਼ ਸੀ। ਆਪ ਜੀ ਦਾ ਉਪਦੇਸ਼ ਹਿੰਦੂ ਮੁਸਲਮਾਨ ਦੋਨੋਂ ਹੁੰਮ ਹੁਮਾ ਕੇ ਸਰਵਣ ਕਰਨ ਲੱਗੇ। ਮੁਸਲਮਾਨ ਆਪ ਜੀ ਨੂੰ ਸੂਫੀ ਕਹਿੰਦੇ ਸਨ ਅਤੇ ਹਿੰਦੂ ਆਪ ਜੀ ਨੂੰ ਸੰਤ ਕਹਿੰਦੇ ਸਨ। ਉਸ ਸਮੇਂ ਵਿੱਚ ਬਨਾਰਸ ਬ੍ਰਾਹਮਣਵਾਦ ਦਾ ਇੱਕ ਵੱਡਾ ਕੇਂਦਰ ਸੀ। ਉਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਕਬੀਰ ਦਾ ਵੱਡਾ ਨਾਉਂ ਸੀ। ਕਬੀਰ ਜੀ ਦੇ ਉਪਦੇਸ਼ ਤੋਂ ਬ੍ਰਾਹਮਣ ਦੁਖੀ ਸਨ। ਉਹਨਾਂ ਦੇ ਪਖੰਡ ਦੇ ਭੇਦ ਖੁਲਦੇ ਸਨ। ਉਹਨਾਂ ਮਖੌਲ ਉਡਾਇਆ ਕਿ ਕਬੀਰ ਭ੍ਰਿਸ਼ਟ ਅਤੇ ਨੀਚ ਜਾਤ ਦੇ ਲੋਕਾਂ ਨੂੰ ਸਿੱਖਿਆ ਦੇਣ ਲੱਗਿਆ ਹੈ। ਆਪ ਜੀ ਦੇ ਮੰਨਣ ਵਾਲਿਆਂ ਦੀ ਗਿਣਤੀ ਵੱਧਦੀ ਗਈ।

ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਬਾਦਸ਼ਾਹ ਸਿਕੰਤਰ ਲੋਧੀ ਕੋਲ ਸ਼ਿਕਾਇਤ ਕੀਤੀ ਕਿ ਇਕ ਮੁਸਲਮਾਨ ਹੋ ਕੇ ਰਾਮ ਦਾ ਜਾਪੁ ਕਰਦਾ ਹੈ। ਬਾਦਸ਼ਾਹ ਨੇ ਰਾਮ ਦਾ ਨਾਉਂ ਲੈਣ ਤੋਂ ਰੋਕਿਆ ਪਰ ਕਬੀਰ ਜੀ ਨੇ ਸਾਫ ਇਨਕਾਰ ਕਰ ਦਿੱਤਾ। “ ਕਹਿ ਕਬੀਰ ਰਾਜਾ ਰਾਮੁ ਨਾ ਛੋਡਓ ਸਗਲ ਊਚ ਤੇ ਉਚਾ।” ਅੰਗ 338

ਮੁਗਲ ਹਾਕਮਾਂ ਦੀ ਆਦਤ ਅਨੁਸਾਰ ਕਈ ਲਾਲਚ ਡਰਾਵੇ ਅਤੇ ਤਸੀਹੇ ਦੇਣ ਦੀ ਧਮਕੀ ਦਿਤੀ। ਜਿੰਦਾ ਸਾੜਨ ਦਾ ਹੁਕਮ ਤਕ ਦਿਤਾ। ਬਾਦਸ਼ਾਹ ਨੇ ਹਰ ਫਰੇਬੀ ਚਾਲ ਚਲੀ। ਹਰ ਵੰਗਾਰ ਨੂੰ ਨਿਸਚੈ, ਭਰੋਸੇ ਅਤੇ ਦ੍ਰਿੜਤਾ ਨਾਲ ਸਵਿਕਾਰਿਆ। ਜਦੋਂ ਬਾਦਸ਼ਾਹ ਦੀ ਇਕ ਨਾ ਚਲੀ ਤਾਂ ਕਬੀਰ ਜੀ ਨੂੰ ਛੱਡ ਦਿੱਤਾ।

ਭਗਤ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ 17 ਰਾਗਾਂ ਵਿੱਚ ਦਰਜ ਹੈ, ਜਿਵੇਂ 219 ਸ਼ਬਦ, 247 ਸਲੋਕ, ਇਕ ਬਾਵਨ ਅੱਖਰੀ, ਇਕ ਪੰਦਰਾਂਥਿਤੀ, ਇਕ ਸਤਵਾਰੇ ਤੇ ਵਾਰਾਂ ਦੇ ਵਧੀਕ ਸਲੋਕ ਹਨ। ਆਪ ਜੀ ਦੀ ਬਾਣੀ ਦੇ ਕੁਝ ਹਵਾਲੇ ਹਨ- ਜੁਗਤ ਵਿੱਚ ਜਿੰਦਗੀ ਅਜਿਹੀ ਹੀ ਹੈ, ਜਿਹਾ ਸੁਪਨਾ ਹੈ। ਜਿੰਦਗੀ ਸੁਪਨੇ ਵਰਗੀ ਹੀ ਹੈ ਪਰ ਅਸਾਂ ਸਭ ਤੋਂ ਉਚੇ ਸੁਖਾਂ ਦੇ ਖਜ਼ਾਨੇ ਪ੍ਰਭੂ ਨੂੰ ਛੱਡ ਦੇ ਇਸ ਸੁਪਨ ਸਮਾਨ ਜੀਵਨ ਨੂੰ ਸਦਾ ਕਾਇਮ ਰਹਿਣ ਵਾਲਾ ਜਾਣ ਕੇ ਇਸ ਨੂੰ ਗੰਡ ਦੇ ਰੱਖੀ ਹੈ। ਹੇ ਬਾਬਾ! ਅਸਾਂ ਮਾਇਆ ਨਾਲ ਮੋਹ ਪਿਆਰ ਪਾਇਆ ਹੋਇਆ ਹੈ। ਜਿਸਨੈ ਸਾਡਾ ਗਿਆਨ ਰੂਪ ਹੀਰਾ ਚੁਰਾ ਲਿਆ ਹੈ (੧) ਰਹਾਉ॥ ਭੰਬਦ ਅੱਖਾਂ ਨਾਲਦੀਵੇ ਦੀ ਲਾਟ ਦਾ ਰੂਪ ਵੇਖਕੇ ਭੁਲ ਜਾਂਾ ਹੈ। ਮੂਰਖ ਅੱਗ ਨੂੰ ਨਹੀਂ ਵੇਖਦਾ। ਤਿਵੇਂ ਹੀ ਮੂਰਖ ਜੀਵ ਸੋਨੇ ਅਤੇ ਇਸਤਰੀ ਦੇ ਮੋਹ ਵਿੱਚ ਫਸ ਕੇ ਮੌਤ ਦੀ ਫਾਹੀ ਨੂੰ ਚੇਤੇ ਨਹੀ ਰਖਦਾ। ਕਬੀਰ ਆਖਦਾ ਹੈ ਕਿ - ਹੇ ਭਾਈ ਤੂੰ ਵਿਕਾਰ ਛੱਡ ਅਤੇ ਪ੍ਰਭ ਨੂੰ ਚੇਤੇ ਕਰ। ਉਹੀ ਇਸ ਸੰਸਾਰ ਸਮੁੰਦਰ ਵਿਚੋਂ ਤਾਰਨ ਲਈ ਜਹਾਜ਼ ਹੈ। ਉਹ ਸਾਡੇ ਜੀਵਨ ਦਾ ਆਸਰਾ ਹੈ। ਪ੍ਰਭੂ ਦਾ ਆਸਰਾ ਐਸ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ ਅੰਗ 482.

ਹੇ ਭਾਈ। ਕਿਸੇ ਪਸ਼ੂ ਜੂਨ ਵਿੱਚ ਪੈ ਕੇ ਜਦੋਂ ਤੇਰੇ ਚਾਰ ਪੈਰ ਦੋ ਸਿੰਗ ਹੋਣਗੇ ਤੇ ਮੂੰਹੋਂ ਗੂੰਗਾ ਹੋਵੇਗਾ। ਤਦੋਂ ਤੂੰ ਕਿਸ ਤਰਾਂ ਪ੍ਰਭੂ ਦੇ ਗੁਣ ਗਾ ਸਕੇਂਗਾ? ਉਠਦਿਆਂ ਬੈਠਦਿਆਂ ਤੇਰੇ ਸਿਰ ਉਤੇ ਸੋਟਾ ਪਏਗਾ। ਤਦੋਂ ਤੂੰ ਕਿਥੇ ਸਿਰ ਲੁਕਾਏਂਗਾ? ਹੇ ਭਾਈ ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾਂ ਬਲਦ ਆਦਿਕ ਪਸ਼ੂ ਬਣਕੇ ਪਰ ਅਧੀਨ ਹੋ ਜਾਏਗਾ। ਨੱਥ ਨਾਲ ਨੱਕ ਵਿੰਨਿਆ ਜਾਵੇਗਾ। ਕੰਨ ਜੂਲੇ ਨਾਲ ਫਿਸੇ ਹੋਏ ਹੋਣਗੇ ਤੇ ਕੋਧਰੇ ਦਾ ਭੋਹ ਖਾਏਂਗਾ। (ਰਹਾਉ)। ਜੰਗਲ ਜੂਹ ਵਿੱਚ ਸਾਰਾ ਦਿਨ ਭਟਕਿਆਂ ਭੀ ਪੇਟ ਨਹੀਂ ਰੱਜੇਗਾ। ਹੁਣ ਐਸ ਵੇਲੇ ਤੂੰ ਭਗਤ ਜਨਾ ਦਾ ਬਚਨ ਨਹੀਂ ਮੰਨਦਾ। ਉਮਰ ਵਿਹਾ ਜਾਣ ’ਤੇ ਆਪਣਾ ਕੀਤਾ ਪਾਏਂਗਾ। ਹੁਣ ਭੈੜੇ ਹਾਲ ਵਿੱਚ ਦਿਨ ਗੁਜ਼ਾਰ ਕੇ ਕੁਰਾਹੇ ਗਰਕ ਹੋਇਆ ਹੈ। ਆਖਰ ਅਨੇਕ ਜੂਨ ਵਿੱਚ ਭਟਕੇਂਗਾ। ਤੂੰ ਪ੍ਰਭੂ ਨੂੰ ਵਿਸਾਰ ਦਿੱਤਾ ਹੈ। ਸ਼੍ਰੇਸ਼ਟ ਮਨੁੱਖਾ ਜਨਮ ਗੰਵਾ ਲਿਆ ਹੈ। ਇਹ ਸਮਾਂ ਫੇਰ ਕਿਤੇ ਨਹੀਂ ਮਿਲੇਗਾ। ਤੇਰੀ ਜਿੰਦਗੀ ਰੂਪ ਸ ਾਰੀ ਰਾਤ ਤੇਲੀ ਦੇ ਬਲਦ ਅਤੇ ਬਾਂਦਰ ਵਾਂਗ ਭਟਕਦਿਆਂ ਵਿਕਾਰਾਂ ਤੋਂ ਖਲਾਸੀ ਹਾਸਲ ਕਰਨ ਤੋਂ ਬਿਨਾਂ ਹੀ ਲੰਘ ਜਾਵੇਗੀ। ਕਬੀਰ ਆਖਦਾ ਹੈ ਕਿ ਪ੍ਰਭੂ ਦਾ ਨਾਮ ਭੁਲਾ ਕੇ ਆਖਰ ਸਿਰ ਮਾਰ ਕੇ ਪਛਤਾਵੇਂਗਾ ਅੰਗ 524.

ਕਬੀਰ ਜੀ ਕਥਨ ਭਰਦੇ ਹਨ ਕਿ ਮੇਰੀ ਮਾਲਾ ਏਹੀ ਹੈ ਕਿ ਮੇਰੀ ਜਬਾਨ ਤੇ ਹਰ ਵੇਲੇ ਰਾਮ ਦਾ ਨਾਮ ਰਹਿੰਦਾ ਹੈ। ਇਸ ਤੋਂ ਪਹਿਲਾਂ ਵੀ ਯੁੱਗਾਂ ਦੇ ਆਦਿ ਤੋਂ ਜੋ ਸਾਰੇ ਭਗਤ ਹੋਏ ਹਨ, ਉਹਨਾਂ ਨੇ ਵੀ ਇਸ ਰਾਮ ਦੀ ਮਾਲਾ ਦੁਆਰਾ ਹੀ ਆਤਮ ਸੁੱਖ ਪ੍ਰਾਪਤ ਕੀਤਾ ਹੈ। ਸਲੋਕ 1.

ਕਬੀਰ ਜੀ ਕਹਿੰਦੇ ਹਨ ਕਿ ਅਕਾਸ਼ ਵਿੱਚ ਬੱਦਲ ਛਾਇਆ ਹੋਇਆ ਹੈ। ਮੀਂਹ ਵਰੇ ਕਿ ਸਰੋਵਰ ਤੇ ਤਾਲ ਭਰ ਗਏ ਹਨ ਪਰ ਪਪੀਹਾ ਫਿਰ ਵੀ ਟੀ. ਟੀ. ਕਰਦਾ ਤੇ ਇੱਕ ਬੂੰਦ ਨੂੰ ਤਰਸਦਾ ਰਹਿੰਦਾ ਹੈ। ਪਰ ਜਿਹੜੇ ਸਰਬ ਸਰੋਵਰ ਰੂਪ ਵਿਆਪਤ ਪਰਮਾਤਮਾ ਨੂੰ ਛੱਡ ਕੇ ਮਾਇਆ ਪਿੱਛੇ ਤਰਸਦੇ ਫਿਰਦੇ ਹਨ, ਉਹਨਾਂ ਦਾ ਕੀ ਹਾਲ ਹੋਵੇਗਾ? ਉਹ ਕਦੇ ਤ੍ਰਿਪਤ ਨਹੀਂ ਹੋ ਸਕਦੇ। ਸਲੋਕ 124.

ਕਬੀਰ ਜੀ ਫੁਰਮਾਉਂਦੇ ਹਨ ਕਿ ਜੇ ਤੈਨੂੰ ਆਪਣੇ ਪਿਆਰੇ ਨੂੰ ਮਿਲਣ ਦੀ ਸ਼ਰਧਾ ਹੈ ਤਾਂ ਪੱਕੇ ਗੁਰੂ ਨਾਲ ਖੇਡ ਕਿਉਂਕਿ ਕੱਚੇ ਗੁਰੂ ਤੋਂ ਤਾਂ ਨਾ ਲੋਕ ਸੁੱਖ ਅਤੇ ਨਾ ਪ੍ਰਲੋਕ ਦਾ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਤਰਾਂ ਕੱਚੀ ਸਰੋਂ ਨੂੰ ਪੀੜਨ ਕਰਕੇ ਉਸ ਤੋਂ ਨਾ ਤੇਲ ਪ੍ਰਾਪਤ ਹੁੰਦਾ ਹੈ ਨਾ ਹੀ ਖੱਲ ਪ੍ਰਾਪਤ ਹੁੰਦੀ ਹੈ। ਸਲੋਕ 240

ਕਬੀਰ ਜੀ ਨੇ ਆਪਣੀ ਕਾਵਿ ਰਚਨਾ ਵਿੱਚ ਅਨੇਕ ਵੰਨਗੀਆਂ ਦਾ ਪ੍ਰਯੋਗ ਕੀਤਾ ਹੈ ਉਹ ਭਾਸ਼ਾ ਦੇ ਧਨੀ ਸਨ। ਬਾਣੀ ਸਮਝਾਉਣ ਲਈ ਕਈ ਭਾਸ਼ਾਵਾਂ ਦੀ ਸ਼ਬਦਾਵਲੀ ਵਰਤੀ ਹੈ। ਕਬੀਰ ਜੀ ਇਕ ਸਮਾਜ ਸੁਧਾਰਕ ਕਵੀ ਮੰਨੇ ਜਾਂਦੇ ਹਨ। ਬਾਣੀ ਵਿਚੋਂ ਮਨੁੱਖ ਦੇ ਮੂਲ ਸਰੋਕਾਰ, ਸ੍ਰਿਸਟੀ ਦਾ ਪਸਾਰ, ਪਰਮਾਤਮਾ ਦੀ ਪ੍ਰਾਪਤੀ , ਅਧਿਆਤਮਕ ਸਾਧਨ, ਮਾਨਵੀ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ। ਜੀਵਨ -ਜਾਚ, ਸਮਾਜਿਕ ਬਰਾਬਰੀ ਆਦਿ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਬੀਰ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਵੀ ਉਹਨਾ ਦੇ ਚੇਲਿਆਂ ਵੱਲੋਂ ਇੱਕਠੀ ਕੀਤੀ ਮਿਲਦੀ ਹੈ। ਸਮੁੱਚੀ ਰਚਨਾ ਪ੍ਰਭੂ ਮਿਲਾਪ ਲਈ ਅਧਿਆਤਮਕ ਸਾਧਨ ਦਾ ਉਪਦੇਸ਼ ਹੈ।

ਸੰਨ 1518 ਵਿੱਚ 120 ਸਾਲ ਦੀ ਉਮਰ ਵਿੱਚ ਮਗਹਰ ਨਗਰ ਵਿਖੇ ਅਕਾਲ ਚਲਾਣਾ ਕਰ ਗਏ। ਅੰਤਲੇ ਸਮੇਂ ਇਹ ਭਰਮ ਦੂਰ ਕਰਨ ਲਈ ਕਿ ਮਗਹਰ ਵਿੱਚ ਪ੍ਰਾਣ ਤਿਆਗਣ ਵਾਲਾ ਖੋਤੇ ਦੀ ਜੂਨ ਵਿੱਚ ਪੈਂਦਾ ਹੈ। “ ਜੈਸਾ ਮਗਹਰੁ ਤੈਸੀ ਕਾਸ਼ੀ ਹਮ ਏਕੈ ਕਰਿ ਜਾਨੀ॥ ” ਅੰਗ 969

ਆਪ ਜੀ ਦੀ ਯਾਦ ਵਿੱਚ ਬਨਾਰਸ ਦੇ ਰਾਜਾ ਵੀਰ ਸਿੰਘ ਬਘੇਲਾ ਨੇ ਸਮਾਧ ਬਣਾਈ ਤੇ ਗੋਰਖਪੁਰ ਦੇ ਨਵਾਬ ਬਿਜਲੀ ਖਾਨ ਨੇ ਕਬਰ ਬਣਵਾਈ।

ਅੰਤਿਕਾ : ਮੁਕਤੀ ਦੇ ਮਾਰਗ ਵਲ ਤੋਰਦੇ ਹੋਏ ਬਿਆਨ ਕਰਦੇ ਹਨ :- ਹੇ ਕਬੀਰ! ਗੰਗਾ ਆਦਿਕ ਤੀਰਥਾਂ ਦੇ ਸਾਫ ਜਲ ਦੇ ਕੰਢੇ ਰਿਹਾਇਸ਼ ਰਖਿਆਂ ਤਾਂ ਕਾਮਦਾਇਕ ਵਿਕਾਰ ਖਲਾਸੀ ਨਹੀਂ ਕਰਦੇ। ਤੇ ਨਾ ਹੀ ਮਨ ਪਵਿੱਤਰ ਹੋ ਸਕਦਾ ਹੈ। ਪਰ ਜਦੋਂ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਿਆਂ, ਮੇਰਾ ਮਨ ਗੰਗਾ ਦੇ ਸਾਫ ਪਾਣੀ ਵਰਗਾ ਪਵਿੱਤਰ ਹੋ ਗਿਆ ਤਾਂ ਪਰਮਾਤਮਾ ਮੈਨੂੰ ਕਬੀਰ ਕਬੀਰ ਆਖ ਕੇ ਵਾਜਾਂ ਮਾਰਦਾ, ਮੇਰੇ ਪਿੱਛੇ ਤੁਰਿਆ ਫਿਰੇਗਾ- ਅੰਗ 1367.



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

# ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਸਰਦਾਰ ਖੜਕ ਸਿੰਘ

## 6 ਜੂਨ ਜਨਮ ਦਿਨ ’ਤੇ ਵਿਸ਼ੇਸ਼ ਲੇਖ

ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਆਜ਼ਾਦੀ ਘੁਲਾਟੀਏ ਸ੍ਰ. ਖੜਕ ਸਿੰਘ ਦਾ ਜਨਮ 6 ਜੂਨ 1867 ਨੂੰ ਸਿਆਲਕੋਟ (ਪਾਕਿ.) ਵਿੱਚ ਰਾਇ ਬਹਾਦਰ ਹਰੀ ਸਿੰਘ ਆਹਲੂਵਾਲੀਆ ਦੇ ਘਰ ਹੋਇਆ। ਆਪ ਦੇ ਪਿਤਾ ਸਰਕਾਰੀ ਮੁਲਾਜ਼ਮ ਸਨ।

ਇਹਨਾਂ ਨੇ ਮੁੱਢਲੀ ਵਿੱਦਿਆ ਅਤੇ ਦਸਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਗੌਰਮਿੰਟ ਕਾਲਜ ਲਾਹੌਰ ਵਿਖੇ ਦਾਖ਼ਲਾ ਲੈ ਲਿਆ। ਉੱਥੇ ਆਪ ਨੇ ਬੀ. ਏ ਪਾਸ ਕੀਤੀ। ਲਾਅ ਦੀ ਸਟੱਡੀ ਕਰਨ ਲਈ ਅਲਾਹਾਬਾਦ ਚਲੇ ਗਏ। ਪਿਛੋਂ ਪਿਤਾ ਦਾ ਦਿਹਾਂਤ ਹੋ ਗਿਆ ਫਿਰ ਵਾਪਸ ਸਿਆਲਕੋਟ ਆ ਕੇ ਘਰੇਲੂ ਜ਼ਿੰਮੇਵਾਰੀਆਂ ਸੰਭਾਲ ਲਈਆਂ। 13 ਅਪਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਦਾ ਸਾਕਾ ਤੇ ਪੰਜਾਬ ਵਿੱਚ ਮਾਰਸ਼ਲ ਲਾ ਹੋਇਆ ਜਿਸ ਨੇ ਸਾਰੇ ਦੇਸ਼ ਵਿੱਚ ਅਕਾਲੀ ਲਹਿਰ ਨੂੰ ਤੇਜ ਕਰ ਦਿੱਤਾ।

ਦਸੰਬਰ 1919 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿੱਚ ਹੋਇਆ, ਜਿਸ ਵਿੱਚ ਮਹਾਤਮਾਂ ਗਾਂਧੀ ਤੇ ਲੋਕ ਮਾਨੀਯ ਤਿਲਕ ਸ਼ਾਮਲ ਹੋਏ ਉਸ ਦਾ ਅਸਰ ਵੀ ਪੰਜਾਬ ਦੇ ਸਿੱਖਾਂ ਉੱਪਰ ਪਿਆ, ਇਸ ਦੇ ਨਾਲ ਹੀ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਆਪ 1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਤੇ ਆਜ਼ਾਦੀ ਦੀ ਲਹਿਰ ਵਿੱਚ ਸ਼ਾਮਲ ਹੋ ਗਏ ਸਨ।

ਜਥੇਦਾਰ ਤੇਜਾ ਸਿੰਘ ਭੁੱਚਰ ਦੇ ਇਕ ਆਰਡਰ ਜਾਰੀ ਕਰਨ ’ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ 15 ਨਵੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੰਘ ਸਭਾਵਾਂ ਪੰਥਕ ਜਥਿਆਂ ਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਤੀਨਿਧਾਂ ਦਾ ਇਕ ਇਕੱਠ ਹੋਇਆ ਜਿਸ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਤੇ ਸੁਧਾਰ ਲਹਿਰ ਨੂੰ ਜਥੇਬੰਦਕ ਤੌਰ ’ਤੇ ਚਲਾਉਣ ਲਈ 175 ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ, ਜਿਸ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਉਸ ਦੇ ਪ੍ਰਧਾਨ ਸ੍ਰ. ਖੜਕ ਸਿੰਘ ਚੁਣੇ ਗਏ।

20 ਫ਼ਰਵਰੀ 1921 ਨੂੰ ਸ੍ਰੀ. ਨਨਕਾਣਾ ਸਾਹਿਬ ਦਾ ਸਾਕਾ ਹੋਇਆ ਇਸ ਨਾਲ ਸਾਰੇ ਸਿੱਖ ਪੰਥ ਵਿੱਚ ਜੋਸ਼ ਤੇ ਕੁਰਬਾਨੀ ਦੀ ਲਹਿਰ ਪੈਦਾ ਹੋ ਗਈ ਤਾਂ ਉਸ ਵਕਤ ਸ੍ਰ. ਖੜਕ ਸਿੰਘ ਨੂੰ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ।

7 ਨਵੰਬਰ 1921 ਨੂੰ ਅੰਮ੍ਰਿਤਸਰ ਦੇ ਡੀ. ਸੀ ਨੇ ਲਾਲਾ ਅਮਰਨਾਥ ਮਜਿਸਟਰੇਟ ਨੂੰ ਭੇਜ ਕੇ ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਕੋਲੋਂ ਦਰਬਾਰ ਸਾਹਿਬ ਦੀਆਂ ਚਾਬੀਆਂ ਲੈ ਲਈਆਂ। ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕੀਤਾ ਸੀ ਕਿ ਦਰਬਾਰ ਸਾਹਿਬ ਦੀਆਂ ਚਾਬੀਆਂ ਤੇ ਖ਼ਜ਼ਾਨੇ ਦਾ ਕੰਟਰੋਲ ਸ੍ਰ. ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਕੋਲ ਹੋਣਾ ਚਾਹੀਦਾ ਹੈ ਪਰ ਸਰਕਾਰ ਨੇ ਇਹ ਬਹਾਨਾ ਘੜ ਕੇ ਲੈ ਲਈਆਂ ਕੇ ਸ਼੍ਰੋਮਣੀ ਕਮੇਟੀ ਕਾਨੂੰਨੀ ਤੌਰ ’ਤੇ ਜਾਇਜ਼ ਨਹੀਂ ਹੈ। ਸਰਕਾਰ ਦੇ ਚਾਬੀਆਂ ਲੈਣ ਵਿਰੁੱਧ ਜਬਰਦਸਤ ਅੰਦੋਲਨ ਸ਼ੁਰੂ ਹੋਇਆ। 17 ਜਨਵਰੀ 1922 ਨੂੰ ਸਰਕਾਰ ਨੇ ਦਫ਼ਾ 144 ਲਗਾ ਕੇ ਸ੍ਰ. ਖੜਕ ਸਿੰਘ,ਸ੍ਰ. ਮਹਿਤਾਬ ਸਿੰਘ ਅਤੇ ਹੋਰ ਕਈ ਆਗੂਆਂ ਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਮਜਿਸਟਰੇਟ ਨੇ ਸ੍ਰ. ਖੜਕ ਸਿੰਘ ਅਤੇ ਸ੍ਰ.ਮਹਿਤਾਬ ਸਿੰਘ ਨੂੰ ਛੇ ਮਹੀਨੇ ਦੀ ਕੈਦ ਅਤੇ 1000 ਰੁਪਏ ਸਜਾ ਸੁਣਾਈ। ਸੈਂਕੜੇ ਸਿੰਘ ਗ੍ਰਿਫ਼ਤਾਰ ਕੀਤੇ ਗਏ, ਅਖੀਰ ਸਰਕਾਰ ਨੇ ਆਪਣੀ ਗਲਤੀ ਮੰਨ ਕੇ ਸਾਰੇ ਰਿਹਾਅ ਕਰ ਦਿੱਤੇ।

19 ਜਨਵਰੀ 1922 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਇਕ ਨੁਮਾਂਇਦੇ ਨੂੰ ਚਾਬੀਆਂ ਦੇ ਕੇ ਭੇਜਿਆ ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸ੍ਰ. ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਸੇਵਾ ਵਿੱਚ ਚਾਬੀਆਂ ਪੇਸ਼ ਕੀਤੀਆਂ। ਆਪ ਨੇ ਸੰਗਤਾਂ ਨੂੰ ਪੁੱਛਿਆ ਕੀ ਮੈਨੂੰ ਇਹ ਚਾਬੀਆਂ ਲੈਣ ਦੀ ਆਗਿਆ ਹੈ ? ਸੰਗਤਾਂ ਨੇ ਪ੍ਰਵਾਨਗੀ ਦਿੱਤੀ ਸ੍ਰ. ਖੜਕ ਸਿੰਘ ਨੇ ਚਾਬੀਆਂ ਫੜ ਲਈਆਂ। ਇਸ ਤਰਾਂ ਚਾਬੀਆਂ ਦਾ ਮੋਰਚਾ ਬੜੀ ਸ਼ਾਨ ਨਾਲ ਸਫਲ ਹੋਇਆ। ਇਸ ਮੌਕੇ ਗਾਂਧੀ ਨੇ ਸ੍ਰ.ਖੜਕ ਸਿੰਘ ਨੂੰ ਵਧਾਈ ਦਿੰਦੇ ਹੋਏ ਲਿਖਿਆ ਇਹ ਦੇਸ ਦੀ ਆਜ਼ਾਦੀ ਦੀ ਪਹਿਲੀ ਫੈਸਲਾਕੁਨ ਜੰਗ ਵਿੱਚ ਸਫਲਤਾ ਮਿਲੀ ਹੈ। 1922 ਵਿੱਚ ਸ੍ਰ. ਖੜਕ ਸਿੰਘ ਨੇ ਕਿਰਪਾਨਾਂ ਬਣਾਉਣ ਦਾ ਕਾਰਖਾਨਾ ਲਗਾਇਆ ਜਿਸ ਨੂੰ ਸਰਕਾਰ ਨੇ ਜ਼ਬਤ ਕਰ ਲਿਆ ਉਸ ਨਾਲ ਆਪਦਾ ਬਹੁਤ ਭਾਰੀ ਮਾਲੀ ਨੁਕਸਾਨ ਹੋਇਆ।



ਸਰਕਾਰ ਨੇ ਅੰਗਰੇਜ਼ੀ ਰਾਜ ਵਿਰੁਧ ਰਾਜਸੀ ਤਕਰੀਰਾਂ ਕਰਨ ਦੇ ਦੋਸ਼ ਹੇਠ ਆਪ ਜੀ ਨੂੰ

(ਬਾਕੀ ਸਫ਼ਾ 29 ’ਤੇ)

# ਬਾਪੂ ਵਾਲੀਆਂ ਲੁੱਟਾਂ

*ਕਾਫ਼ਰ-ਏ-ਕੌਮ ਦੇ ਕਾਲ-ਵੱਸ ਹੋਣ ਮਗਰੋਂ ਵਿਅੰਗਮਈ ਪੋਸਟਾਂ ਦੇ ਮਾਹਰ ਰਾਜਾ ਨੂਰਪੁਰੀਏ ਨੇ ਇੱਕ ਪੋਸਟ ਵਿੱਚ ਸਵਾਲ ਕੀਤਾ ਸੀ, ਹੁਣ ਨਿੱਕਰ ਕੀਹਦੇ ਪਾਉਣਗੇ ? ਜਿਸ ਨੂੰ ਪੜ੍ਹਕੇ ਮੈਨੂੰ ਇੱਕ ਕੰਜੂਸ ਦਾ ਕਿੱਸਾ ਯਾਦ ਆ ਗਿਆ।*



ਕਹਿੰਦੇ ਇੱਕ ਕੰਜੂਸ ਘਰਦਿਆਂ ਨੂੰ ਰੋਟੀ ਘਿਓ ਨਾਲ ਨਹੀਂ ਚੋਪੜਨ ਦਿੰਦਾ ਸੀ, ਉਸਦਾ ਹੁਕਮ ਸੀ ਕਿ ਰੋਟੀ ਘਿਓ ਦੇ ਡੱਬੇ ਦੇ ਬਾਹਰ ਘਸਾ ਲਓ, ਡੱਬੇ ਦੇ ਬਾਹਰ ਥੰਧਿਆਈ ਹੁੰਦੀ ਹੀ ਹੈ, ਡੱਬੇ ਦੇ ਬਾਹਰ ਘਸਾਏ 'ਤੇ ਹੀ ਰੋਟੀ ਚੋਪੜੀ ਜਾਂਦੀ ਹੈ। ਉਹ ਰੋਟੀ ਵੇਲੇ ਘਿਓ ਦਾ ਡੱਬਾ ਜਿੰਦੇ ਵਾਲੀ ਅਲਮਾਰੀ ਵਿੱਚ ਕੱਢ ਕੇ ਸੁਆਣੀ ਨੂੰ ਦੇ ਦਿੰਦਾ ਸੀ ਤੇ ਰੋਟੀਆਂ ਘਸਾਉਣ ਮਗਰੋਂ ਮੁੜ ਅਲਮਾਰੀ ਵਿੱਚ ਰੱਖ ਦਿੰਦਾ ਸੀ। ਕੇਰਾਂ ਉਹ ਦੂਰ ਗਿਆ ਹੋਇਆ ਸੀ ਤੇ ਮਗਰੋਂ ਰੋਟੀ ਦਾ ਸਮਾਂ ਹੋ ਗਿਆ ਤੇ ਉਹ ਇਸੇ ਫ਼ਿਕਰ ਵਿੱਚ ਕਾਹਲੀ ਕਾਹਲੀ ਵਾਪਸ ਆਇਆ ਕਿ ਅੱਜ ਬੱਚਿਆਂ ਨੂੰ ਅਣਚੋਪੜੀ ਰੋਟੀ ਖਾਣੀ ਪੈਣੀ ਆ। ਜਦ ਘਰ ਆਇਆ ਤਾਂ ਪਤਨੀ ਨੇ ਦੱਸਿਆ ਕਿ ਫ਼ਿਕਰ ਨਾ ਕਰੋ, ਮੈਂ ਰੋਟੀ ਅਲਮਾਰੀ 'ਤੇ ਘਸਾਕੇ ਹੀ ਚੋਪੜ ਲਈ ਸੀ। ਗੱਲ ਸੁਣਕੇ ਕੰਜੂਸ ਦਾ ਪਾਰਾ ਚੜ੍ਹ ਗਿਆ ਕਿ ਅਲਮਾਰੀ 'ਤੇ ਘਸਾਉਣ ਦੀ ਕੀ ਲੋੜ ਸੀ ? ਇੱਕ ਡੰਗ ਬਿਨਾਂ ਚੋਪੜੀ ਨਹੀਂ ਖਾ ਸਕਦੇ ਸੀ ?

ਸਮਾਂ ਪਾ ਕੇ ਕੰਜੂਸ ਬਾਪ ਸੰਸਾਰ ਤੋਂ ਤੁਰ ਗਿਆ, ਹੁਣ ਲਾਣੇਦਾਰੀ ਉਸ ਦੇ ਪੁੱਤਰ ਦੇ ਹੱਥ ਆ ਗਈ। ਉਸ ਨੇ ਸਭ ਤੋਂ ਪਹਿਲਾਂ ਘਿਓ ਦੇ ਡੱਬੇ ਬਾਰੇ ਹੀ ਸਖ਼ਤ ਫੈਸਲਾ ਲੈਂਦੇ ਹੋਏ, ਡੱਬਾ ਛਿੱਕੇ ਟੰਗ (ਛਿੱਕੇ ਬਾਰੇ ਮੇਰੀ ਪਹਿਲਾਂ ਪਾਈ ਪੋਸਟ ਪੜ੍ਹ ਲੈਣੀ) ਐਲਾਨ ਕਰ ਦਿੱਤਾ ਕਿ ਹੁਣ ਬਾਪੂ ਵਾਲੀਆਂ ਲੁੱਟਾਂ ਭੁੱਲ ਜਾਓ, ਅੱਜ ਤੋਂ ਘਿਓ ਵਾਲੇ ਡੱਬੇ 'ਤੇ ਰੋਟੀ ਘਸਾਉਣ ਵਾਲਾ ਕੰਮ ਬੰਦ। ਹੁਣ ਛਿੱਕੇ ਟੰਗੇ ਘਿਓ ਦੇ ਡੱਬੇ ਵੱਲ ਵੇਖ ਹੀ ਗੁਜ਼ਾਰਾ ਕਰਨਾ ਸਿੱਖ ਲਓ!

ਬਾਦਲ ਵੀ ਪੰਥਕ ਦਰਦ ਵੱਲੋਂ ਹੱਦ ਦਰਜੇ ਦਾ ਕੰਜੂਸ ਸੀ, ਉਸ ਦੀਆਂ ਕੰਜੂਸੀਆਂ 'ਤੇ ਗ੍ਰੰਥ ਲਿਖੇ ਜਾ ਸਕਦੇ ਹਨ ਪਰ ਸਭ ਤੋਂ ਅਹਿਮ ਇੱਕੋ ਮਾਰ ਦਾ ਜ਼ਿਕਰ ਕਰ ਗੱਲ ਅੱਗੇ ਤੋਰਾਂਗੇ।

ਐਮਰਜੈਂਸੀ ਲਗਾਉਣ ਵੇਲੇ ਇੰਦਰਾ ਨੇ ਅਕਾਲੀਆਂ ਨੂੰ ਸੁਨੇਹਾ ਭੇਜਿਆ ਕਿ ਤੁਸੀਂ ਮੇਰੇ ਅਤੇ ਵਿਰੋਧੀਆਂ ਦੇ ਵਿਚਕਾਰ ਨਾ ਆਇਓ, ਤੁਹਾਡੀਆਂ ਜੋ ਵੀ ਮੰਗਾਂ ਹਨ, ਲਿਖਤੀ ਤੌਰ 'ਤੇ ਮੇਰੇ ਕੋਲ ਲਿਆਓ, ਸਭ ਪੂਰੀਆਂ ਸਮਝੋ ਪਰ ਇਹ ਜਨਸੰਘੀਆਂ ਆਦਿ ਨੂੰ ਬੰਦੇ ਬਣਾਉਣ ਵਿੱਚ ਮੇਰੇ ਅੱਗੇ ਰੁਕਾਵਟ ਨਾ ਪਾਓ, ਪਰ ਇਕੱਲੇ ਬਾਦਲ ਨੇ ਟਿੰਡ ਵਿੱਚ ਕਾਨਾ ਪਾ ਲਿਆ ਕਿ ਮੈਂ ਤਾਂ ਜਨਸੰਘ (ਮੌਜੂਦਾ ਭਾਜਪਾ) ਨਾਲ ਵਾਅਦਾ ਕਰ ਆਇਆ ਹਾਂ ਮੋਰਚਾ ਲਾਉਣ ਦਾ ਤੇ ਫਿਰ ਅਕਾਲੀਆਂ ਨੇ ਇੰਦਰਾ ਦੀ ਪੇਸ਼ਕਸ਼ ਰੱਦੀ ਵਿੱਚ ਸੁੱਟ ਐਮਰਜੈਂਸੀ ਵਿਰੁੱਧ ਮੋਰਚਾ ਲਾਇਆ ਤੇ ਮੁੜ ਜਨਤਾ ਪਾਰਟੀ ਨਾਲ ਮਿਲ ਕੇ ਪੰਜਾਬ ਅਤੇ ਦਿੱਲੀ ਵਿੱਚ ਸੱਤਾ ਭੋਗੀ। ਸਮਾਂ ਪਾ ਕੇ ਇੰਦਰਾ ਮੁੜ ਸੱਤਾ ਵਿੱਚ ਆ ਗਈ ਜੋ ਹੁਣ ਸਿੱਖਾਂ ਅਤੇ ਖਾਸ ਕਰਕੇ ਅਕਾਲੀਆਂ ਵਿਰੁੱਧ ਹੋਰ ਭੜਕੀ ਬੈਠੀ ਸੀ। ਧਰਮ ਯੁੱਧ ਮੋਰਚਾ ਲੱਗਿਆ ਤਾਂ ਇੰਦਰਾ ਇਹੀ ਰਾਗ ਅਲਾਪਦੀ ਰਹੀ ਕਿ ਜਦੋਂ ਤੁਸੀਂ ਤਿੰਨ ਸਾਲ ਸੱਤਾ ਵਿੱਚ ਸੀ ਤਾਂ ਤੁਸੀਂ ਉਦੋਂ ਕਿਉਂ ਨਹੀਂ ਇਹ ਮੰਗਾਂ ਮਨਵਾਈਆਂ ? ਜੇ ਬਾਦਲ ਜਨਸੰਘ ਨਾਲ ਹੇਜ ਪਾਲਣ ਦੀ ਥਾਂ ਨੀਤੀ ਵਰਤਦਾ ਹੋਇਆ ਇੰਦਰਾ ਦੀ ਪੇਸ਼ਕਸ਼ ਮੰਨਣ ਵਿੱਚ ਰੁਕਾਵਟ ਨਾ ਪਾਉਂਦਾ ਤਾਂ ਦਰਬਾਰ ਸਾਹਿਬ 'ਤੇ ਹਮਲੇ ਸਮੇਤ ਹੋਰ ਬਹੁਤ ਵੱਡੇ ਜ਼ਖਮਾਂ ਤੋਂ ਪੰਥ ਦਾ ਬਚਾਅ ਹੋ ਜਾਣਾ ਸੀ ਤੇ ਬਾਦਲ ਦੇ ਸਾਥੀ ਓਹੀ ਸੰਘੀ ਸਿੱਖਾਂ ਦੇ ਘਾਣ ਦੌਰਾਨ ਇੰਦਰਾ ਦੇ ਪਾੜੇ ਵਿੱਚ ਖੜ੍ਹੇ ਉਸਨੂੰ ਉਕਸਾ ਰਹੇ ਸਨ।

ਪਰ ਆਪਣੀਆਂ ਸੈਕੜੇਂ ਗੱਦਾਰੀਆਂ ਦੇ ਬਾਵਜੂਦ ਬਾਦਲ ਘਿਓ ਦੇ ਡੱਬੇ ਦੇ ਬਾਹਰ ਰੋਟੀ ਘਸਾ ਚੋਪੜ ਵੀ ਲੈਂਦਾ ਸੀ, ਬੇਸ਼ੱਕ ਘਿਓ ਦੇ ਡੱਬੇ ਨੂੰ ਖੋਲ੍ਹਣ ਤੋਂ ਉਸਦਾ ਤ੍ਰਾਹ ਨਿੱਕਲ ਜਾਂਦਾ ਸੀ। ਧਰਮ ਯੁੱਧ ਮੋਰਚੇ ਦੇ ਪਹਿਲੇ ਜੱਥੇ ਦੀ ਅਗਵਾਈ ਕਰਦੇ ਹੋਏ ਗ੍ਰਿਫਤਾਰੀ ਦੇਣੀ, ਰਾਜਧਾਨੀ ਜਾ ਕੇ ਭਾਰਤੀ ਸੰਵਿਧਾਨ ਨੂੰ ਸਾੜਨਾ, ਰਾਜੀਵ-ਲੌਂਗੋਵਾਲ ਸਮਝੌਤੇ ਦਾ ਵਿਰੋਧ ਕਰਨਾ, ਖਾਲਿਸਤਾਨ ਦਾ ਐਲਾਨ ਹੋਣ 'ਤੇ ਪੁਲਿਸ ਭੇਜਣ ਦਾ ਵਿਰੋਧ ਕਰਨਾ, ਸ਼ਹੀਦ ਖਾੜਕੂਆਂ ਦੇ ਭੋਗਾਂ 'ਤੇ ਗਾਹੇ-ਬਗਾਹੇ ਹਾਜ਼ਰੀ ਭਰਨੀ, ਖਾੜਕੂਆਂ ਦੇ ਕਹਿਣ 'ਤੇ ਵੋਟਾਂ ਦਾ ਬਾਈਕਾਟ ਕਰਨਾ, ਸੰਯੁਕਤ ਰਾਸ਼ਟਰ ਅੱਗੇ ਲਿਖਤੀ ਰੂਪ ਵਿੱਚ ਰਾਏ ਸ਼ੁਮਾਰੀ ਕਰਵਾ ਖਾਲਿਸਤਾਨ ਦੀ ਮੰਗ ਰੱਖਣੀ, ਭਾਈ ਰਣਜੀਤ ਸਿੰਘ ਤੇ ਰਾਜੋਆਣੇ ਦੇ ਮਾਮਲਿਆਂ ਦੀਆਂ ਅਹਿਮ ਘੜੀਆਂ ਦੌਰਾਨ ਭੱਜ ਨੱਠ ਕਰਨੀ ਆਦਿ ਉਸ ਦੀਆਂ ਅਨੇਕਾਂ ਮਿਸਾਲਾਂ ਹਨ ਘਿਓ ਦੇ ਡੱਬੇ 'ਤੇ ਘਸਾ ਰੋਟੀ ਚੋਪੜਨ ਦੀਆਂ, ਜਿਸ ਦਾ ਅਸਰ ਵੀ ਉਸ ਰੋਟੀ 'ਤੇ ਲੱਗੇ ਘਿਓ ਜਿੰਨਾ ਕੁ ਸੀ।

ਪਿਛਲੇ ਲੱਗ-ਭੱਗ ਦਹਾਕੇ ਤੋਂ ਲਾਣੇਦਾਰੀ ਬਾਦਲ ਹੱਥੋਂ ਖਿਸਕ ਕੇ ਉਸ ਦੇ ਪੁੱਤਰਾਂ ਹੱਥ ਆ ਗਈ ਸੀ, ਬਿੰਦੀ ਪੁੱਤਰ ਤਾਂ ਉਸ ਦਾ ਇੱਕ ਹੀ ਹੈ ਪਰ ਨਾਦੀ ਪੁੱਤਰ ਕਈ ਹਨ। ਧਾਰਮਿਕ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਇੱਕ ਪੁੱਤਰ ਨੇ ਆਪਣੇ ਭਰਾਵਾਂ ਨਾਲ ਮਿਲਕੇ ਚੁੱਪ-ਚੁਪੀਤੇ ਹੀ ਘਿਓ ਵਾਲਾ ਡੱਬਾ ਛਿੱਕੇ ਟੰਗ ਦਿੱਤਾ ਹੈ।

ਪੰਥ ਵੱਲੋਂ ਵਿਰੋਧ ਹੋਣਾ ਤਾਂ ਦੂਰ, ਪੰਥ ਨੂੰ ਭਿਣਕ ਵੀ ਨਹੀਂ ਕਿ ਵਾਪਰ ਕੀ ਗਿਆ। ਬਾਦਲ ਬੋਲ ਕੇ ਸੰਨ੍ਹ ਲਾਉਂਦਾ ਸੀ, ਇਸ ਲਈ ਉਸ ਨੂੰ ਵਿਰੋਧ ਵੀ ਸਹਿਣਾ ਪੈਂਦਾ ਸੀ, ਉਸ ਦੇ ਨਾਦੀ ਪੁੱਤਰਾਂ ਨੇ ਅਕਾਲ ਤਖਤ ਦੀ ਮਰਿਯਾਦਾ ਨੂੰ ਬਾਦਲੀ ਤਰੀਕੇ ਵਾਂਗ ਬਦਲਣ ਦੀ ਥਾਂ ਛਿੱਕੇ ਹੀ ਟੰਗ ਦਿੱਤਾ ਹੈ ਤੇ ਹੁਣ ਅਕਾਲ ਤਖ਼ਤ ਸਾਹਿਬ 'ਤੇ ਹੀ ਇਹ ਮਰਿਯਾਦਾ ਲਾਗੂ ਨਹੀਂ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਗੁਟਕਿਆਂ ਵਿੱਚ ਬਾਣੀਆਂ ਦੀ ਤਰਤੀਬ ਅਤੇ ਗਿਣਤੀ ਅਕਾਲ ਤਖ਼ਤ ਦੀ ਮਰਿਯਾਦਾ ਮੁਤਾਬਕ ਨਹੀਂ ਰਹੀ। ਸੱਜੇ ਪੱਖੀ ਗਰਮ ਧਿਰਾਂ ਨੇ ਤਾਂ ਕੀ ਖ਼ਿਆਲ ਕਰਨਾ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਦੂਜੇ ਨੰਬਰ 'ਤੇ ਅਕਾਲ ਤਖ਼ਤ ਦੀ ਮਰਿਯਾਦਾ ਨੂੰ ਅਹਿਮੀਅਤ ਦੇਣ ਵਾਲੀਆਂ ਪੰਥ ਦੀਆਂ ਖੱਬੇ ਪੱਖੀ ਧਿਰਾਂ ਵੀ ਕੁੰਭਕਰਨੀ ਨੀਂਦ ਸੁੱਤੀਆਂ ਪਈਆਂ ਹਨ। ਜੇ ਸ਼੍ਰੋਮਣੀ ਕਮੇਟੀ ਦੇ ਦਹਾਕਿਆਂ ਤੋਂ ਛਪ ਰਹੇ ਗੁਟਕੇ ਹੁਣ ਤਬਦੀਲ ਕੀਤੇ ਜਾ ਸਕਦੇ ਹਨ ਤਾਂ ਪੂਰੀ ਸੰਭਾਵਨਾ ਹੈ ਕਿ ਹੁਣ ਛਪਣ ਵਾਲੇ ਸਰੂਪ ਵੀ ਤਬਦੀਲੀਆਂ ਤੋਂ ਬਚੇ ਨਹੀਂ ਹੋਣਗੇ । ਇਹ ਤਾਂ ਸ਼ੁਰੂਆਤ ਹੈ, ਅੰਤ ਪਤਾ ਨਹੀਂ ਕੀ ਹੋਵੇਗਾ ?

ਇਹਨਾਂ ਸਭ ਕਾਰਜਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਸ਼ੱਕ ਦੀ ਸੂਈ ਬਾਦਲ ਦੇ ਉਸ ਨਾਦੀ ਪੁੱਤਰ ਵੱਲ ਜਾਂਦੀ ਹੈ, ਜੋ ਕਦੇ ਰਫ਼ਲ ਚੁੱਕੀ ਸੰਤਾਂ ਨਾਲ ਫਿਰਦਾ ਸੀ, ਫਿਰ ਵਾਇਆ ਜੋਧਪੁਰ, ਫੈਡਰੇਸ਼ਨ, ਅਕਾਲੀ ਦਲ ਵਿੱਚੋਂ ਹੁੰਦਾ, ਮਾਤਾ ਦੀਆਂ ਭੇਟਾਂ ਗਾਉਂਦਾ ਗਾਉਂਦਾ ਸ਼੍ਰੋਮਣੀ ਕਮੇਟੀ ਵਿੱਚ ਬਿਨਾਂ ਅਹੁਦੇ ਦਾ ਕਰਤਾ-ਧਰਤਾ ਬਣਕੇ ਵਿਚਰ ਰਿਹਾ ਹੈ।

ਗੱਲ ਮੁਕਾਉਣ ਤੋਂ ਪਹਿਲਾਂ ਰਾਜੇ ਭਰਾ ਦੇ ਸਵਾਲ ਦਾ ਜਵਾਬ ਹੈ ਕਿ ਨਿੱਕਰਾਂ ਘੱਟ ਹਨ ਤੇ ਬਾਪੂ ਦੇ ਪੁੱਤ ਬਹੁਤੇ। ਹਰੇਕ ਆਪਣੇ ਆਪ ਨੂੰ ਨਿੱਕਰ ਦਾ ਅਸਲੀ ਵਾਰਸ ਸਿੱਧ ਕਰਨ ਲਈ ਸਿਰ-ਧੜ ਦੀ ਬਾਜ਼ੀ ਲਾਈ ਬੈਠਾ ਹੈ!

ਤੇ ਮੁੱਕਦੀ ਗੱਲ ਇਹ ਹੈ ਕਿ ਬਾਦਲ ਪੁੱਤਰਾਂ ਨੇ ਪੰਥਕ ਸਿਧਾਂਤ, ਪਰੰਪਰਾਵਾਂ, ਮਰਿਯਾਦਾ ਆਦਿ ਛਿੱਕੇ ਟੰਗ ਦਿੱਤੇ ਹਨ। ਇਹਨਾਂ ਛਿੱਕੇ ਟੰਗਿਆਂ ਨੂੰ ਸਿਰਫ਼ ਕਿਤਾਬਾਂ ਵਿੱਚੋਂ ਪੜ੍ਹਕੇ ਗੁਜ਼ਾਰਾ ਕਰਨਾ ਸਿੱਖੋ! ਪੰਥ ਨੂੰ ਹੁਣ ਬਾਪੂ ਬਾਦਲ ਵਾਲੀਆਂ ਲੁੱਟਾਂ ਭੁੱਲ ਜਾਣੀਆਂ ਚਾਹੀਦੀਆਂ ਹਨ!



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035






# ਜਦੋਂ ਬੱਚਾ ਹੋਵੇ ਗੁਸੈਲ . . .



## ਬੱਚਿਆਂ ਵਿੱਚ ਵਧਦਾ ਗੁੱਸਾ ਅਤੇ ਚਿੜਚਿੜਾਪਨ

ਬੱਚਿਆਂ ਦੀ ਦੇਖ ਭਾਲ ਕਰਨਾ ਬਾਲਗਾਂ ਦੀ ਜ਼ਿੰਮੇਵਾਰੀ ਹੈ। ਦੂਜੇ ਪਾਸੇ, ਬੱਚਿਆਂ ਕੋਲ ਆਪਣੇ ਆਪ ਨੂੰ ਚਿੰਤਾ ਦੇ ਹਨੇਰੇ ਵਿੱਚੋਂ ਬਾਹਰ ਲਿਆਉਣ ਦਾ ਕੋਈ ਸਾਧਨ ਨਹੀਂ ਹੈ। ਚਿੰਤਾ ਉਨ੍ਹਾਂ ਨੂੰ ਬੇਚੈਨ ਕਰ ਸਕਦੀ ਹੈ ਅਤੇ ਉਹ ਸੰਸਾਰ ਪ੍ਰਤੀ ਨਕਾਰਾਤਮਿਕ ਨਜ਼ਰੀਏ ਨਾਲ ਵੱਡੇ ਹੋ ਸਕਦੇ ਹਨ। ਉਹ ਆਪਣੇ ਆਪ ਵਿੱਚ ਰਹਿੰਦੇ ਹਨ ਅਤੇ ਹਮੇਸ਼ਾ ਚਿੰਤਾ, ਤਣਾਅ, ਉਦਾਸੀ ਅਤੇ ਅਸੁਰੱਖਿਆ ਦੀ ਭਾਵਨਾ ਰੱਖਦੇ ਹਨ।

ਤਣਾਅ ਦਾ ਵਧਿਆ ਹੋਇਆ ਪੱਧਰ ਕਿਸੇ ਵੀ ਅੰਡਰਲਾਈਂਗ ਮੈਡੀਕਲ ਸਥਿਤੀ ਅਤੇ ਬੱਚੇ ਦੀਆਂ ਸਰੀਰਕ ਸਮੱਸਿਆਵਾਂ ਨੂੰ ਵਿਗੜ ਸਕਦਾ ਹੈ। ਉਹ ਰੇਸਿੰਗ ਵਿਚਾਰਾਂ ਦਾ ਸਾਹਮਣਾ ਕਰ ਸਕਦੇ ਹਨ। ਭਾਵ, ਇੱਕੋ ਵਿਸ਼ੇ ਬਾਰੇ ਵਾਰ-ਵਾਰ ਸੋਚਣਾ, ਜਾਂ ਉਹ ਇੱਕ ਵਿਚਾਰ ਨੂੰ ਕਈ ਤਰੀਕਿਆਂ ਨਾਲ ਸੋਚ ਸਕਦੇ ਹਨ।

ਜੇਕਰ ਤੁਹਾਡਾ ਬੱਚਾ ਅੱਜ ਕੱਲ੍ਹ ਬਹੁਤ ਜ਼ਿਆਦਾ ਗੁੱਸੇ ਵਿੱਚ ਆ ਰਿਹਾ ਹੈ, ਤਾਂ ਇਹ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਚਿੰਤਾ ਵੱਧ ਰਹੀ ਹੈ। ਇਹ ਨਵੇਂ ਡਰ/ਫੋਬੀਆ ਦੇ ਵਿਕਾਸ ਵੱਲ ਅਗਵਾਈ ਕਰ ਸਕਦਾ ਹੈ। ਇੱਕ ਹੋਰ ਸਮੱਸਿਆ ਜਿਸ ਦਾ ਬੱਚਿਆਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ ਉਹ ਹੈ ਰਾਤ ਨੂੰ ਸੌਣ ਵਿੱਚ ਸਮੱਸਿਆ।

ਮਾਪੇ ਤਣਾਅ ਦੇ ਪੱਧਰ ਨੂੰ ਘਟਾਉਣ ਵਿੱਚ ਕਿਵੇਂ ਮਦਦ ਕਰ ਸਕਦੇ ਹਨ?

ਹਰ ਬੱਚਾ ਆਪਣੀ ਪਰਿਪੱਕਤਾ ਦੇ ਪੱਧਰ ਦੇ ਅਨੁਸਾਰ ਇੱਕ ਖਾਸ ਤਰੀਕੇ ਨਾਲ ਪ੍ਰਤੀਕ੍ਰਿਆ ਕਰਦਾ ਹੈ। ਇਸ ਲਈ, ਬੱਚੇ ਜਾਂ ਤਾਂ ਆਪਣੇ ਮਾਪਿਆਂ ਨਾਲ ਬਹੁਤ ਜ਼ਿਆਦਾ ਜੁੜੇ ਹੋਏ ਹਨ ਜਾਂ ਆਪਣੇ ਆਪ ਨੂੰ ਅਲੱਗ ਕਰ ਲੈਂਦੇ ਹਨ। ਇਸ ਤੋਂ ਇਲਾਵਾ, ਤੁਹਾਡੇ ਬੱਚੇ ਦੀ ਚਿੰਤਾ ਨੂੰ ਹੱਲ ਕਰਨ ਦਾ ਕੋਈ ਸਿੱਧਾ ਤਰੀਕਾ ਨਹੀਂ ਹੈ। ਹਾਲਾਂ ਕਿ, ਮਾਪੇ ਹੋਣ ਦੇ ਨਾਤੇ, ਅਸੀਂ ਮਦਦ ਲਈ ਕੁਝ ਕਰ ਸਕਦੇ ਹਾਂ ਜਿਵੇਂ ਕਿ:

1. ਸਭ ਤੋਂ ਪਹਿਲਾਂ ਮੌਜੂਦਾ ਸਥਿਤੀ ਬਾਰੇ ਆਪਣੀਆਂ ਨਕਾਰਾਤਮਿਕ ਭਾਵਨਾਵਾਂ ਨੂੰ ਬਾਹਰ ਕੱਢਣ ਦੇ ਤਰੀਕੇ ਲੱਭੋ, ਕਿਉਂਕਿ ਬੱਚੇ ਆਪਣੇ ਆਲੇ ਦੁਆਲੇ ਦੇ ਲੋਕਾਂ ਤੋਂ ਮੂਡ ਨੂੰ ਪ੍ਰਾਪਤ ਕਰਦੇ ਹਨ।

2. ਆਪਣੇ ਬੱਚੇ ਦੀਆਂ ਭਾਵਨਾਵਾਂ ਨੂੰ ਸਵੀਕਾਰ ਕਰੋ ਅਤੇ ਕਦੇ ਵੀ ਉਹਨਾਂ ਵਿਸ਼ਿਆਂ 'ਤੇ ਚਰਚਾ ਨਾ ਕਰੋ ਜੋ ਉਹਨਾਂ ਨੂੰ ਜ਼ਿਆਦਾ ਚਿੰਤਾ ਕਰਦੇ ਹਨ। ਇਹ ਉਹਨਾਂ ਨੂੰ ਆਪਣੀਆਂ ਭਾਵਨਾਵਾਂ ਨੂੰ ਸਵੀਕਾਰ ਕਰਨ ਵਿੱਚ ਮਦਦ ਕਰੇਗਾ।

3. ਉਨ੍ਹਾਂ ਨੂੰ ਦੱਸ ਦਿਓ ਕਿ ਉਨ੍ਹਾਂ ਦੀ ਜ਼ਿੰਦਗੀ ਦੀਆਂ ਕੁਝ ਚੀਜ਼ਾਂ ਉਨ੍ਹਾਂ ਦੇ ਵੱਸ ਤੋਂ ਬਾਹਰ ਹਨ। ਉਹਨਾਂ ਨੂੰ ਸਿਖਾਓ ਕਿ ਉਹਨਾਂ ਸਮੱਸਿਆਵਾਂ/ਸਥਿਤੀਆਂ ਨੂੰ ਕਿਵੇਂ ਹੱਲ ਕਰਨਾ ਹੈ ਜਿਨ੍ਹਾਂ ਬਾਰੇ ਕੁਝ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਪਹਿਲੂਆਂ 'ਤੇ ਧਿਆਨ ਨਹੀਂ ਦਿੱਤਾ ਜਾ ਸਕਦਾ ਹੈ ਜੋ ਉਹਨਾਂ ਦੇ ਨਿਯੰਤਰਣ ਤੋਂ ਬਾਹਰ ਹਨ।

4. ਸੋਸ਼ਲ ਮੀਡੀਆ 'ਤੇ ਉਹਨਾਂ ਦਾ ਸਕ੍ਰੀਨ ਸਮਾਂ ਘਟਾਓ, ਕਿਉਂਕਿ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਾ ਬਹੁਤ ਜ਼ਿਆਦਾ ਐਕਸਪੋਜਰ ਉਹਨਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਨਾਲ ਹੀ, ਉਨ੍ਹਾਂ ਨੂੰ ਖੇਡਣ ਲਈ ਉਤਸ਼ਾਹਿਤ ਕਰੋ, ਉਨ੍ਹਾਂ ਦੀਆਂ ਰੁਚੀਆਂ ਅਤੇ ਸ਼ੌਕਾਂ ਦਾ ਪਤਾ ਲਗਾਓ ਅਤੇ ਉਨ੍ਹਾਂ ਨਾਲ ਖੇਡਣਾ ਸ਼ੁਰੂ ਕਰੋ।

5. ਯਕੀਨੀ ਬਣਾਓ ਕਿ ਨਿਯਮਤ ਕਸਰਤ ਅਤੇ ਨੀਂਦ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਉਨ੍ਹਾਂ ਲਈ ਇੱਕ ਰੁਟੀਨ ਸੈੱਟ ਕਰੋ, ਕਿਉਂਕਿ ਇਸ ਨਾਲ ਉਨ੍ਹਾਂ ਦਾ ਧਿਆਨ ਹੋਰ ਚੀਜ਼ਾਂ ਤੋਂ ਹਟਾਉਣ ਵਿੱਚ ਮਦਦ ਮਿਲੇਗੀ। ਮਜ਼ੇਦਾਰ, ਆਰਾਮ ਅਤੇ ਉਤਪਾਦਕਤਾ ਵਿਚਕਾਰ ਸੰਤੁਲਨ ਲੱਭਣ ਵਿੱਚ ਉਹਨਾਂ ਦੀ ਮਦਦ ਕਰੋ।



# ਬੱਚਿਆਂ ਦੀ ਸਿਹਤ ਲਈ ਕਿੰਨੇ ਕੁ ਫਾਇਦੇਮੰਦ ਹਨ ਮਸਾਲੇ?

ਸਾਡੀ ਰਸੋਈ ਵਿੱਚ ਕਈ ਅਜਿਹੇ ਮਸਾਲੇ ਅਤੇ ਜੜੀ-ਬੂਟੀਆਂ ਮੌਜੂਦ ਹਨ ਜੋ ਸਿਹਤ ਲਈ ਬਹੁਤ ਫਾਇਦੇਮੰਦ ਹਨ। ਮਸਾਲੇ ਸਾਡੇ ਭੋਜਨ ਨੂੰ ਸੁਆਦ ਦੇਣ ਦੇ ਨਾਲ-ਨਾਲ ਸ਼ਾਨਦਾਰ ਖੁਸ਼ਬੂ ਪ੍ਰਦਾਨ ਕਰਦੇ ਹਨ। ਨਾਲ ਹੀ, ਉਹ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਦੇ ਜੋਖਮ ਨੂੰ ਘਟਾਉਣ ਲਈ ਜਾਣੇ ਜਾਂਦੇ ਹਨ। ਅਕਸਰ ਮਾਪੇ ਇਸ ਗੱਲ ਨੂੰ ਲੈ ਕੇ ਬਹੁਤ ਉਲਝਣ ਵਿੱਚ ਹੁੰਦੇ ਹਨ ਕਿ ਕੀ ਛੋਟੇ ਬੱਚਿਆਂ ਨੂੰ ਮਸਾਲੇ ਖੁਆਏ ਜਾਣ? ਜਾਂ ਕਿਸ ਉਮਰ ਤੋਂ ਉਨ੍ਹਾਂ ਨੂੰ ਮਸਾਲੇ ਖੁਆਉਣਾ ਸੁਰੱਖਿਅਤ ਹੈ? ਬੱਚਿਆਂ ਨੂੰ 6 ਮਹੀਨੇ ਤੱਕ ਸਿਰਫ਼ ਮਾਂ ਦਾ ਦੁੱਧ ਹੀ ਪਿਲਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਠੋਸ ਭੋਜਨ ਖਾਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਛੋਟੇ ਬੱਚਿਆਂ ਦੀ ਪਾਚਨ ਸ਼ਕਤੀ ਖਰਾਬ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਘੱਟ ਮਾਤਰਾ ਵਿੱਚ ਠੋਸ ਭੋਜਨ ਖੁਆਇਆ ਜਾਂਦਾ ਹੈ। ਬੱਚਿਆਂ ਨੂੰ ਮਸਾਲਾ ਖੁਆਉਣਾ ਬਹੁਤ ਫਾਇਦੇਮੰਦ ਹੁੰਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਇਮਿਊਨਿਟੀ ਮਜ਼ਬੂਤ ਹੁੰਦੀ ਹੈ। ਜਦੋਂ ਤੁਸੀਂ ਆਪਣੇ ਬੱਚੇ ਨੂੰ ਠੋਸ ਪਦਾਰਥ ਦੇਣਾ ਸ਼ੁਰੂ ਕਰਦੇ ਹੋ, ਤਾਂ ਤੁਸੀਂ ਉਹਨਾਂ ਦੇ ਭੋਜਨ ਵਿੱਚ ਥੋੜ੍ਹੀ ਮਾਤਰਾ ਵਿੱਚ ਕੁਝ ਮਸਾਲੇ ਪਾ ਸਕਦੇ ਹੋ ਪਰ ਸਾਰੇ ਮਸਾਲੇ ਨਹੀਂ।

### ਬੱਚਿਆਂ ਲਈ ਫਾਇਦੇਮੰਦ ਮਸਾਲੇ

**1. ਹਲਦੀ**

ਤੁਸੀਂ 8 ਮਹੀਨੇ ਦੀ ਉਮਰ ਤੋਂ ਬਾਅਦ ਬੱਚੇ ਨੂੰ ਹਲਦੀ ਦੇਣਾ ਸ਼ੁਰੂ ਕਰ ਸਕਦੇ ਹੋ। ਤੁਸੀਂ ਬੱਚਿਆਂ ਨੂੰ ਦਾਲ, ਸਾਂਭਰ, ਹੋਰ ਸਬਜ਼ੀਆਂ ਅਤੇ ਪਰੀਆਂ ਵਿੱਚ ਇੱਕ ਛੋਟੀ ਚੁਟਕੀ ਹਲਦੀ ਮਿਲਾ ਕੇ ਖੁਆ ਸਕਦੇ ਹੋ। ਹਲਦੀ ਦੇ ਸੇਵਨ ਨਾਲ ਉਨ੍ਹਾਂ ਦਾ ਪਾਚਨ ਕਿਰਿਆ ਠੀਕ ਰਹੇਗੀ, ਰੋਗ ਪ੍ਰਤੀਰੋਧਕ ਸ਼ਕਤੀ ਮਜ਼ਬੂਤ ਹੋਵੇਗੀ, ਐਲਰਜੀ ਤੋਂ ਬਚਾਅ ਰਹੇਗਾ ਅਤੇ ਸਾਹ ਲੈਣ ਦੀ ਸਮੱਸਿਆ ਵੀ ਨਹੀਂ ਹੋਵੇਗੀ।

**2. ਮਿਰਚ ਪਾਊਡਰ**

ਤੁਹਾਨੂੰ 18 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਦੇ ਭੋਜਨ ਵਿੱਚ ਮਿਰਚ ਪਾਊਡਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਫਿਰ ਵੀ ਤੁਹਾਨੂੰ ਪਕਵਾਨਾਂ ਵਿੱਚ ਇਸ ਦੀ ਵਰਤੋਂ ਬਹੁਤ ਘੱਟ ਮਾਤਰਾ ਵਿੱਚ ਕਰਨੀ ਪਵੇਗੀ। ਇਹ ਇੱਕ ਸਾੜ ਵਿਰੋਧੀ ਏਜੰਟ ਦੇ ਤੌਰ 'ਤੇ ਕੰਮ ਕਰਦਾ ਹੈ.

**3. ਅਦਰਕ**

ਤੁਹਾਨੂੰ 2 ਸਾਲ ਦੀ ਉਮਰ ਤੋਂ ਬਾਅਦ ਬੱਚਿਆਂ ਨੂੰ ਅਦਰਕ ਖੁਆਉਣਾ ਚਾਹੀਦਾ ਹੈ। ਤੁਸੀਂ ਅਦਰਕ ਨੂੰ ਸਬਜ਼ੀਆਂ ਅਤੇ ਚਾਵਲ, ਬਿਰਯਾਨੀ ਵਰਗੇ ਪਕਵਾਨਾਂ ਵਿੱਚ ਮਿਲਾ ਕੇ ਬੱਚਿਆਂ ਨੂੰ ਦੇ ਸਕਦੇ ਹੋ, ਪਰ ਥੋੜ੍ਹੀ ਮਾਤਰਾ ਵਿੱਚ। ਅਦਰਕ ਪਾਚਨ ਕਿਰਿਆ ਨੂੰ ਸੁਧਾਰਨ, ਮਤਲੀ ਅਤੇ ਉਲਟੀਆਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਨਾਲ ਹੀ ਇਹ ਸਾਹ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ 'ਚ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

**4. ਲਸਣ**

ਤੁਸੀਂ 8-10 ਮਹੀਨਿਆਂ ਬਾਅਦ ਬੱਚੇ ਨੂੰ ਲਸਣ ਦੇ ਸਕਦੇ ਹੋ। ਲਸਣ ਦੀ ਵਰਤੋਂ ਦਾਲ, ਸਾਂਭਰ, ਕੜ੍ਹੀ ਅਤੇ ਸਬਜ਼ੀਆਂ ਆਦਿ ਵਿੱਚ ਕੀਤੀ ਜਾ ਸਕਦੀ ਹੈ। ਇਹ ਗੈਸਟ੍ਰਿਕ ਸਮੱਸਿਆਵਾਂ ਤੋਂ ਰਾਹਤ ਪ੍ਰਦਾਨ ਕਰਦਾ ਹੈ ਅਤੇ ਐਂਟੀਮਾਈਕਰੋਬਾਇਲ ਏਜੰਟ ਵਜੋਂ ਕੰਮ ਕਰਦਾ ਹੈ।

**5. ਜੀਰਾ**

ਜੀਰੇ ਦਾ ਸੇਵਨ 8 ਮਹੀਨਿਆਂ ਤੋਂ ਬਾਅਦ ਬੱਚਿਆਂ ਲਈ ਵੀ ਸੁਰੱਖਿਅਤ ਹੈ। ਤੁਸੀਂ ਦਾਲ, ਸਾਂਭਰ, ਚੱਟਣੀ, ਕੜ੍ਹੀ, ਸਬਜ਼ੀਆਂ ਆਦਿ ਵਿੱਚ ਜੀਰੇ ਦੀ ਵਰਤੋਂ ਕਰ ਸਕਦੇ ਹੋ। ਇਹ ਪੇਟ ਵਿੱਚ ਕੀੜਿਆਂ ਦਾ ਇਲਾਜ ਕਰਦਾ ਹੈ, ਕੋਲੀਕ, ਸਾਹ ਦੀਆਂ ਬਿਮਾਰੀਆਂ, ਅਨੀਮੀਆ ਤੋਂ ਛੁਟਕਾਰਾ ਪਾਉਂਦਾ ਹੈ ਅਤੇ ਇਮਿਊਨਿਟੀ ਨੂੰ ਮਜ਼ਬੂਤ ਕਰਦਾ ਹੈ।

**6. ਮੇਥੀ ਦੇ ਬੀਜ**

18 ਮਹੀਨਿਆਂ ਤੋਂ ਬਾਅਦ, ਤੁਸੀਂ ਆਪਣੇ ਬੱਚੇ ਦੀ ਖੁਰਾਕ ਵਿੱਚ ਮੇਥੀ ਦੇ ਬੀਜ ਸ਼ਾਮਲ ਕਰ ਸਕਦੇ ਹੋ। ਇਸ ਦੀ ਵਰਤੋਂ ਇਡਲੀ-ਡੋਸਾ, ਸਬਜ਼ੀਆਂ ਵਿੱਚ ਥੋੜ੍ਹੀ ਮਾਤਰਾ ਵਿੱਚ ਕੀਤੀ ਜਾ ਸਕਦੀ ਹੈ। ਇਸ ਨਾਲ ਪਾਚਨ ਕਿਰਿਆ ਨੂੰ ਠੀਕ ਕਰਨ 'ਚ ਮਦਦ ਮਿਲੇਗੀ।

**7. ਧਨੀਆ**

ਧਨੀਏ ਦੇ ਬੀਜ ਅਤੇ ਪਾਊਡਰ ਨੂੰ 8 ਮਹੀਨੇ ਬਾਅਦ ਬੱਚੇ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਪਰ ਸਿਰਫ਼ ਥੋੜ੍ਹੀ ਮਾਤਰਾ ਵਿੱਚ ਪਾਓ। ਇਹ ਪੇਟ ਦੀਆਂ ਸਮੱਸਿਆਵਾਂ ਨੂੰ ਰੋਕਣ ਅਤੇ ਘਟਾਉਣ ਵਿੱਚ ਮਦਦ ਕਰਦਾ ਹੈ।

**8. ਪੁਦੀਨਾ**

ਪੁਦੀਨੇ ਨੂੰ 8 ਮਹੀਨਿਆਂ ਬਾਅਦ ਬੱਚਿਆਂ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਦੀ ਵਰਤੋਂ ਚੱਟਣੀ, ਕੜ੍ਹੀ ਅਤੇ ਚਾਵਲ ਆਦਿ ਵਿੱਚ ਕੀਤੀ ਜਾ ਸਕਦੀ ਹੈ। ਇਹ ਪਾਚਨ ਕਿਰਿਆ ਨੂੰ ਸੁਧਾਰਨ, ਸਾਹ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਅਤੇ ਬੱਚਿਆਂ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦਾ ਹੈ। ਮੂੰਹ ਦੀ ਸਿਹਤ ਲਈ ਵੀ ਚੰਗਾ ਹੈ।

### ਬੱਚਿਆਂ ਨੂੰ ਮਸਾਲਾ ਦਿੰਦੇ ਸਮੇਂ ਇਨ੍ਹਾਂ ਗੱਲਾਂ ਦਾ ਰੱਖੋ ਧਿਆਨ

ਜਦੋਂ ਤੁਸੀਂ ਬੱਚਿਆਂ ਦੀ ਖੁਰਾਕ 'ਚ ਮਸਾਲੇ ਪਾਉਣਾ ਸ਼ੁਰੂ ਕਰਦੇ ਹੋ ਤਾਂ ਜ਼ਰੂਰ ਦੇਖੋ ਕਿ ਬੱਚਿਆਂ 'ਚ ਕੋਈ ਐਲਰਜੀ ਤਾਂ ਨਹੀਂ ਹੈ। ਜੇਕਰ ਤੁਹਾਨੂੰ ਚਮੜੀ 'ਤੇ ਧੱਫੜ, ਲਾਲ ਚਮੜੀ, ਚਿਹਰੇ/ਜੀਭ/ਬੁੱਲ੍ਹਾਂ ਦੀ ਸੋਜ, ਉਲਟੀਆਂ ਦਸਤ, ਸਾਹ ਚੜ੍ਹਨਾ, ਖੰਘ, ਚੱਕਰ ਆਉਣੇ ਆਦਿ ਹੋਣ ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ। ਇਸ ਦੇ ਕਾਰਨਾਂ ਅਤੇ ਜ਼ਰੂਰੀ ਸਾਵਧਾਨੀਆਂ ਬਾਰੇ ਉਨ੍ਹਾਂ ਨਾਲ ਗੱਲ ਕਰੋ।



# ਕੌੜੇ ਰਿਸ਼ਤੇ

ਬਚਿੰਤ ਕੌਰ



ਜੀ ਬੀ ਹੋਟਲ ਦੀ ਗਹਿਮਾ-ਗਹਿਮੀ ਅੱਜ ਦੇਖਣ ਵਾਲੀ ਸੀ। ਚਾਰੋਂ ਤਰਫ ਤਾਜ਼ੇ ਫੁੱਲਾਂ ਦੀ ਖੁਸ਼ਬੋਈ ਨਾਲ ਸਾਰਾ ਹਾਲ ਮਹਿਕੋ-ਮਹਿਕੀ ਹੋਇਆ ਪਿਆ ਸੀ। ਦੋਵੇਂ ਧਿਰਾਂ ਖੁਸ਼ੀ ਵਿੱਚ ਫੁੱਲੀਆਂ ਨਹੀਂ ਸੀ ਸਮਾ ਰਹੀਆਂ। ਸੁਣਿਆ ਸੀ ਮੁੰਡੇ ਵਾਲਿਆਂ ਨੇ ਦਾਜ ਵੀ ਨਹੀਂ ਸੀ ਮੰਗਿਆ। ਅਸ਼ੋਕ ਦੀ ਹੋਣ ਵਾਲੀ ਦੁਲਹਨ ਸ਼ਬਨਮ ਜਿਵੇਂ ਸੱਚਮੁਚ ਅਰਸ਼ੋਂ ਉਤਰੀ ਕੋਈ ਪਰੀ ਹੋਵੇ। ਐਨੀ ਸੁਨੱਖੀ, ਲੰਬੂ ਬਹੂ ਤਾਂ ਅਸ਼ੋਕ ਦੇ ਖਾਨਦਾਨ ਵਿੱਚ ਅਜੇ ਤੱਕ ਨਹੀਂ ਸੀ ਆਈ। ਦੁਲਹਾ-ਦੁਲਹਨ ਸਟੇਜ ਉਤੇ ਬੈਠੇ ਸੱਚਮੁਚ ਬਹੁਤ ਜਚ ਰਹੇ ਸਨ, ਜਿਵੇਂ ਰੱਬ ਨੇ ਇਨ੍ਹਾਂ ਨੂੰ ਇਕ-ਦੂਜੇ ਦੇ ਲਈ ਹੀ ਬਣਾਇਆ ਹੋਵੇ। ਸਭ ਤੋਂ ਪਹਿਲਾਂ ਕੁੜਮਾਈ ਦੀਆਂ ਛਾਪਾਂ ਇਕ-ਦੂਜੇ ਦੀਆਂ ਉਂਗਲੀਆਂ ਵਿੱਚ ਪਾਈਆਂ ਗਈਆਂ। ਫਿਰ ਸਾਰੇ ਭੈਣ-ਭਾਈ ਅਤੇ ਰਿਸ਼ਤੇਦਾਰਾਂ ਨੇ ਗੁਲਾਬ ਦੀਆਂ ਪੱਤੀਆਂ ਦੀ ਇਸ ਨਵੀਂ ਬਣਨ ਵਾਲੀ ਜੋੜੀ ਉਤੇ ਇਉਂ ਵਰਖਾ ਕੀਤੀ, ਜਿਵੇਂ ਆਕਾਸ਼ 'ਚੋਂ ਦੇਵੀ-ਦੇਵਤੇ ਫੁੱਲ ਵਰਸਾ ਰਹੇ ਹੋਣ। ਸ਼ਬਨਮ ਦੇ ਨੈਣਾਂ 'ਚੋਂ ਝਰਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ। ਅਸ਼ੋਕ ਵੀ ਬੇਹੱਦ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਉਸ ਦੇ ਸਾਰੇ ਦੋਸਤਾਂ ਦੀਆਂ ਨਵ-ਵਿਆਹੀਆਂ ਦੁਲਹਨਾਂ 'ਚੋਂ ਸਭ ਤੋਂ ਸੋਹਣੀ-ਸੁਨੱਖੀ ਸ਼ਬਨਮ ਹੀ ਸੀ। ਇਸ ਖੁਸ਼ੀ ਵਿੱਚ ਉਹ ਫੁੱਲਿਆ ਨਹੀਂ ਸੀ ਸਮਾ ਰਿਹਾ।

ਹੁਣ ਮਾਂ-ਪਿਓ ਅਤੇ ਬਾਕੀ ਭੈਣ-ਭਾਈ ਕੁੜੀ ਵਾਲਿਆਂ ਨੇ ਲੈਣ-ਦੇਣ ਕਰਨਾ ਸੀ। ਸ਼ਬਨਮ ਦੇ ਮਾਮਾ ਜੀ ਨੇ ਸਭ ਤੋਂ ਪਹਿਲਾਂ ਅਸ਼ੋਕ ਦੀ ਮਾਤਾ ਜੀ ਨੂੰ ਦੁਲਹੇ-ਦੁਲਹਨ ਦੇ ਕੋਲ ਹੀ ਬਣੀ ਇਕ ਛੋਟੀ ਸਟੇਜ ਉਤੇ ਆਉਣ ਲਈ ਸਤਿਕਾਰ ਸਹਿਤ ਬੁਲਾਇਆ ਤੇ ਉਸ ਦੇ ਗਲ ਵਿੱਚ ਸੋਨੇ ਦੀ ਜ਼ੰਜੀਰੀ ਪਹਿਨਾਈ ਤੇ ਕੰਨਾਂ ਵਿੱਚ ਹੀਰੇ ਦੇ ਟਾਪਸ ਪਾਏ। ਫਿਰ ਇਸੇ ਤਰ੍ਹਾਂ ਅਸ਼ੋਕ ਦੇ ਪਿਤਾ ਲਖਣ ਪ੍ਰਸ਼ਾਦ ਨੂੰ ਬੁਲਾ ਕੇ ਉਸ ਦੀ ਗਭਲੀ ਉਂਗਲੀ ਵਿੱਚ ਕੁੜੀ ਦੇ ਪਿਤਾ ਨੇ ਅੱਧੇ ਤੋਲੇ ਦੀ ਮੁੰਦਰੀ ਪਹਿਨਾ ਦਿੱਤੀ। ਬਾਕੀ ਲੈਣ-ਦੇਣ ਅਜੇ ਬਾਕੀ ਸੀ ਕਿ ਅਸ਼ੋਕ ਦੇ ਪਿਤਾ ਜੀ ਨੇ ਸ਼ਬਨਮ ਦੇ ਪਿਤਾ ਦੇ ਹੱਥਾਂ ਵਿੱਚ ਹੌਲੀ ਜਿਹੀ 'ਆਈ ਕੌਨ' ਕਾਰ ਦੀਆਂ ਚਾਬੀਆਂ ਚੁੱਪ ਕੇ ਜਿਹੇ ਫੜਾ ਕੇ ਕਿਹਾ, "ਭਾਈ ਸਾਹਿਬ, ਇਹ ਅਸ਼ੋਕ ਨੂੰ ਤੁਸੀਂ ਦੇ ਦਿਓ। ਕਾਰ ਦੀ ਪਹਿਲੀ 20 ਹਜ਼ਾਰ ਰੁਪਏ ਦੀ ਕਿਸ਼ਤ ਦੇ ਦਿੱਤੀ ਹੈ। ਅਸੀਂ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਿਰਫ ਸੋਹਣੀ-ਸੁਨੱਖੀ ਵਹੁਟੀ ਹੀ ਅਸ਼ੋਕ ਨੂੰ ਨਹੀਂ ਮਿਲੀ, ਬਲਕਿ 'ਆਈ ਕੌਨ' ਕਾਰ ਵੀ ਸ਼ਬਨਮ ਦੇ ਮਾਪਿਆਂ ਨੇ ਅਸ਼ੋਕ ਨੂੰ ਮੰਗਣੀ ਵਿੱਚ ਦਿੱਤੀ ਹੈ।

ਇਹ ਗੱਲ ਪਹਿਲਾਂ ਤਾਂ ਸ਼ਬਨਮ ਦੇ ਪਾਪਾ ਦੀ ਸਮਝ ਵਿੱਚ ਆਈ ਹੀ ਨਾ..ਪਰ ਕੋਲ ਹੀ ਖੜੀ ਸ਼ਬਨਮ ਦੀ ਮੰਮੀ ਸਾਰੀ ਗੱਲ ਨੂੰ ਬਾਖੂਬੀ ਸਮਝ ਗਈ। ਉਸ ਨੇ ਆਪਣੇ ਪਤੀ ਨੂੰ ਓਹਲੇ ਜਿਹੇ ਵਿੱਚ ਹੋ ਕੇ ਸਮਝਾਇਆ ਕਿ ਇਹ ਕਾਰ ਦੀਆਂ ਚਾਬੀਆਂ ਅਸ਼ੋਕ ਦੇ ਪਿਤਾ ਨੇ ਤੁਹਾਨੂੰ ਅਸ਼ੋਕ ਨੂੰ ਪਕੜਾਉਣ ਲਈ ਇਸ ਲਈ ਦਿੱਤੀਆਂ ਹਨ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਇਹ ਦਿਖਾ ਸਕਣ ਕਿ ਅਸ਼ੋਕ ਦੀ ਕੁੜਮਾਈ ਵਿੱਚ ਸਾਡੇ ਵਲੋਂ ਕਾਰ ਵੀ ਦਿੱਤੀ ਗਈ ਹੈ।

ਸਾਰੀ ਗੱਲ ਸਮਝਣ ਪਿੱਛੋਂ ਸ਼ਬਨਮ ਦੇ ਡੈਡੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਇਸ ਦਾ ਮਤਲਬ ਹੈ ਕਿ ਉਹ ਕੁੜਮਾਈ ਵਿੱਚ ਸਾਡੇ ਕੋਲੋਂ ਕਾਰ ਮੰਗਦੇ ਹਨ। ਫਿਰ ਵਿਆਹ ਸਮੇਂ ਪਤਾ ਨਹੀਂ ਹਾਥੀ ਹੀ ਮੰਗ ਲੈਣ।

ਕਾਰ, ਅਸ਼ੋਕ ਦੇ ਪਿਓ ਨੇ ਕਿਸ਼ਤਾਂ ਉਤੇ ਲੈ ਕੇ ਪਹਿਲੀ ਕਿਸ਼ਤ ਆਪ ਦੇ ਦਿੱਤੀ ਸੀ, ਬਾਕੀ ਕਿਸ਼ਤਾਂ ਤਾਂ ਕੁੜੀ ਵਾਲਿਆਂ ਨੂੰ ਹੀ ਦੇਣੀਆਂ ਸਨ। ਸ਼ਬਨਮ ਨੇ ਜਦੋਂ ਆਪਣੇ ਮੰਮੀ-ਡੈਡੀ ਨੂੰ ਇਸ ਉਲਝਣ ਵਿੱਚ ਉਲਝਿਆ ਦੇਖਿਆ ਤਾਂ ਅਸ਼ੋਕ ਤੋਂ ਇਸ ਸਭ ਕੁਝ ਬਾਰੇ ਪੁੱਛਿਆ।

"ਗੱਲ ਕੁਝ ਵੀ ਨਹੀਂ ਸ਼ਬਨਮ, ਮੈਂ ਹੀ ਚਾਹੁੰਦਾ ਸੀ ਕਿ ਮੇਰੀ ਕੁੜਮਾਈ ਵਿੱਚ ਮੈਨੂੰ ਸਹੁਰਿਆਂ ਵਲੋਂ ਕਾਰ ਮਿਲੇ। ਸੋ ਅਸੀਂ ਕਿਸ਼ਤਾਂ ਉਤੇ ਕਾਰ ਲੈ ਕੇ ਚਾਬੀ ਤੇਰੇ ਡੈਡੀ ਦੇ ਹੱਥ ਫੜਾ ਦਿੱਤੀ ਤਾਂ ਕਿ ਲੋਕਾਂ ਸਾਹਮਣੇ ਉਹ ਇਹ ਚਾਬੀ ਮੈਨੂੰ ਸ਼ਗਨ ਵਿੱਚ ਦੇ ਦੇਣ। ਮੇਰੇ ਕਈ ਦੋਸਤਾਂ ਦੇ ਸਹੁਰਿਆਂ ਵਲੋਂ ਵੀ ਦਹੇਜ ਵਿੱਚ ਕਾਰਾਂ ਮਿਲੀਆਂ ਹਨ। ਜੋ ਮੇਰੇ ਫੂਡ ਐਂਡ ਸਪਲਾਈ ਵਿੱਚ ਅਫਸਰ ਹਨ।

ਅਸ਼ੋਕ ਦੀ ਗੱਲ ਸੁਣ ਕੇ ਸ਼ਬਨਮ ਨੇ ਫਿਰ ਪ੍ਰਸ਼ਨ ਕੀਤਾ, "ਕਾਰ ਹੈ ਕਿੱਥੇ?

"ਉਹ ਬਾਹਰ ਜੋ ਫੁੱਲਾਂ ਨਾਲ ਸਜੀ ਖੜੀ ਹੈ। ਮੈਂ ਘਰੋਂ ਉਸ ਵਿੱਚ ਹੀ ਤਾਂ ਬੈਠ ਕੇ ਆਇਆ ਹਾਂ।

ਅਸ਼ੋਕ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਪਿੱਛੋਂ ਸ਼ਬਨਮ ਨੇ ਆਪਣੇ ਗਲੇ ਵਿੱਚ ਪਏ ਫੁੱਲਾਂ ਦੇ ਹਾਰ ਨੂੰ ਤੋੜ ਕੇ ਪੱਤੀ-ਪੱਤੀ ਕਰ ਸੁੱਟਿਆ ਤੇ ਉਸ ਨੇ ਪੇਕੇ, ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਵਿੱਚ ਐਲਾਨ ਕਰ ਦਿੱਤਾ।

ਇਹ ਸ਼ਾਦੀ ਮੈਨੂੰ ਕਬੂਲ ਨਹੀਂ। ਅਸੀਂ ਇਹ ਰਿਸ਼ਤਾ ਜੋ ਅਜੇ ਜੁੜਿਆ ਵੀ ਨਹੀਂ, ਤੋੜ ਰਹੇ ਹਾਂ..। ਫਿਰ ਉਸ ਨੇ ਆਪਣੇ ਡੈਡੀ ਹੱਥੋਂ ਕਾਰ ਦੀਆਂ ਚਾਬੀਆਂ ਲੈਂਦਿਆਂ ਅਸ਼ੋਕ ਦੇ ਹੱਥ ਵਿੱਚ ਥਮਾ ਦਿੱਤੀਆਂ ਤੇ ਸੈਂਕੜੇ ਲੋਕਾਂ ਦੇ ਸਾਹਮਣੇ ਆਪਣੀ ਉਂਗਲੀ 'ਚੋਂ ਕੁੜਮਾਈ ਦੀ ਰਿੰਗ ਉਤਾਰ ਕੇ ਅਸ਼ੋਕ ਨੂੰ ਫੜਾ ਦਿੱਤੀ ਤੇ ਅਸ਼ੋਕ ਦੀ ਉਂਗਲੀ ਵਿੱਚ ਪਹਿਨੀ ਮੁੰਦਰੀ ਉਸ ਤੋਂ ਉਤਰਵਾ ਲਈ..।

ਇਹ ਸਾਰਾ ਕਾਂਡ ਦੇਖ ਸ਼ਬਨਮ ਦੇ ਪਿਤਾ ਥਰ-ਥਰ ਕੰਬਣ ਲੱਗ ਪਏ। ਉਸ ਦੀ ਮੰਮੀ ਅਤੇ ਹੋਰ ਰਿਸ਼ਤੇਦਾਰ ਵੀ ਘਬਰਾ ਗਏ। ਦੋਵੇਂ ਧਿਰਾਂ ਨਮੋਸ਼ੀ ਦੀ ਪੰਡ ਆਪਣੇ-ਆਪਣੇ ਦਿਲਾਂ ਉਤੇ ਲੈ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ।

ਘਰ ਆ ਕੇ ਸ਼ਬਨਮ ਦੇ ਪਾਪਾ ਤਾਂ ਜਿਵੇਂ ਸੁੰਨ ਹੀ ਹੋ ਗਏ। ਨਾ ਉਹ ਹੁਣ ਕੁਝ ਖਾਂਦੇ-ਪੀਂਦੇ ਸਨ ਤੇ ਨਾ ਹੀ ਕਿਸੇ ਨਾਲ ਕੋਈ ਗੱਲਬਾਤ ਕਰ ਰਹੇ ਸਨ। ਹੁਣ ਸਾਰੇ ਟੱਬਰ ਨੂੰ ਇਕ ਡਰ ਸਤਾਉਣ ਲੱਗਿਆ ਕਿ ਕੋਈ ਅਣਹੋਣੀ ਨਾ ਵਾਪਰ ਜਾਵੇ। ਖਾਸ ਕਰਕੇ ਸ਼ਬਨਮ ਦੀ ਭੂਆ ਬਹੁਤ ਉਦਾਸ ਸੀ, ਜੋ ਆਪਣੇ ਛੋਟੇ ਵੀਰ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੀ ਸੀ। ਉਹ ਹਰ ਹਾਲ ਆਪਣੇ ਵੀਰ ਦੀ ਵੱਡੀ ਉਮਰ ਚਾਹੁੰਦੀ ਸੀ। ਪ੍ਰਮਾਤਮਾ ਅੱਗੇ ਹੱਥ ਜੋੜ ਅਰਦਾਸਾਂ ਕਰਦੀ ਨਹੀਂ ਸੀ ਥੱਕਦੀ। ਉਹ ਚਾਹੁੰਦੀ ਸੀ ਕਿਵੇਂ ਨਾ ਕਿਵੇਂ ਉਸ ਦਾ ਵੀਰ ਇਸ ਸਦਮੇ ਤੋਂ ਬਾਹਰ ਆ ਜਾਵੇ। ਆਰਮੀ ਵਿੱਚ ਬਤੌਰ ਨਰਸ ਪਿਛਲੇ ਦਸਾਂ ਵਰ੍ਹਿਆਂ ਤੋਂ ਨੌਕਰੀ ਕਰ ਰਹੀ ਸੀ। ਹਸਪਤਾਲ ਵਿੱਚ ਹੁਣ ਉਸ ਦਾ ਅਹੁਦਾ ਬ੍ਰਿਗੇਡੀਅਰ ਦਾ ਸੀ। ਉਸ ਨੇ ਝਟ ਆਪਣੇ ਇਕ ਸਹਿਯੋਗੀ ਕਰਨਲ ਜਸਬੀਰ ਨੂੰ ਫੋਨ ਕਰਕੇ ਪੁੱਛਿਆ, "ਜਸਬੀਰ ਤੂੰ ਵਿਆਹ ਕਰਵਾਉਣਾ ਚਾਹੁੰਦਾ ਹੈਂ?

"ਚਾਹੁੰਦਾ ਤਾਂ ਹਾਂ ਮੈਮ ਪਰ ਅਜੇ ਕੁੜੀ ਹੀ ਕੋਈ ਪਸੰਦ ਨਹੀਂ ਆਉਂਦੀ ਮੇਰੇ ਘਰਦਿਆਂ ਨੂੰ।

"ਅੱਛਾ, ਮੈਂ ਸੋਮਵਾਰ ਆਪਣੀ ਡਿਊਟੀ ਜੁਆਇਨ ਕਰਾਂਗੀ, ਫਿਰ ਆਪਾਂ ਬਾਕੀ ਗੱਲਾਂ ਕਰਾਂਗੇ।

ਕਰਨਲ ਜਸਬੀਰ ਬਾਰੇ ਉਸ ਨੇ ਸ਼ਬਨਮ ਨਾਲ ਸਾਰੀ ਗੱਲ ਕਰ ਲਈ। ਜੇ ਉਹ ਮੰਨ ਜਾਵੇ ਤਾਂ ਤੇਰੇ ਵਿਆਹ ਦੀ ਪਹਿਲਾਂ ਵਾਲੀ ਤਰੀਕ ਨੂੰ ਹੀ ਅਸੀਂ ਤੇਰਾ ਆਨੰਦ ਕਾਰਜ ਕਰ ਦਿਆਂਗੇ। ਤੁਸੀਂ ਪੈਲੇਸ ਜੋ ਸ਼ਾਦੀ ਲਈ ਬੁੱਕ ਕੀਤਾ ਸੀ ਤੇ ਹੋਰ ਜੋ ਵੀ ਵਿਆਹ ਦਾ ਅਰੇਂਜਮੈਂਟ ਕੀਤਾ ਹੋਇਆ ਹੈ, ਇਸੇ ਤਰ੍ਹਾਂ ਰਹਿਣ ਦੇਣਾ। ਜੇ ਜਸਬੀਰ ਦੇ ਘਰਦੇ ਮੰਨ ਜਾਣ ਤਾਂ ਤੇਰੀ ਸ਼ਾਦੀ ਅਸੀਂ ਅੱਠ ਮਾਰਚ ਨੂੰ ਤੇਰੇ ਵਿਆਹ ਵਾਲੀ ਤਰੀਕ ਉਤੇ ਹੀ ਕਰ ਦਿਆਂਗੇ। ਮੈਂ ਚਾਹੁੰਦੀ ਹਾਂ ਤੇਰੇ ਪਾਪਾ ਇਸ ਸਦਮੇ ਤੋਂ ਛੇਤੀ ਹੀ ਬਾਹਰ ਆ ਜਾਣ। ਨਾਲੇ ਜਸਬੀਰ ਬਹੁਤ ਅੱਛਾ ਲੜਕਾ ਹੈ। ਮੈਂ ਉਸ ਦੀ ਜਿੰਨੀ ਵੀ ਤਾਰੀਫ ਕਰਾਂ ਓਨੀ ਹੀ ਘੱਟ ਤੇ ਹੈ ਵੀ ਆਪਣੀ ਬਰਾਦਰੀ ਵਿੱਚੋਂ ਹੀ। ਸ਼ਬਨਮ ਨੂੰ ਆਪਣੀ ਭੂਆ ਉਤੇ ਬਹੁਤ ਵਿਸ਼ਵਾਸ ਸੀ। ਇਸ ਲਈ ਉਹ ਜਸਬੀਰ ਨਾਲ ਵਿਆਹ ਕਰਾਉਣ ਲਈ ਪੂਰੀ ਤਰ੍ਹਾਂ ਸਹਿਮਤ ਸੀ।

ਬ੍ਰਿਗੇਡੀਅਰ ਮਨਪ੍ਰੀਤ ਕੌਰ ਨੇ ਜਦੋਂ ਦਿੱਲੀ ਜਾ ਕੇ ਆਪਣੀ ਡਿਊਟੀ ਜੁਆਇਨ ਕੀਤੀ ਤਾਂ ਸਭ ਤੋਂ ਪਹਿਲਾਂ ਕਰਨਲ ਜਸਬੀਰ ਨਾਲ ਸਾਰੀ ਗੱਲ ਕੀਤੀ ਕਿ ਕੁੜੀ ਬਹੁਤ ਸੋਹਣੀ-ਸੁਨੱਖੀ ਹੈ ਅਤੇ ਐਫ ਐਮ ਰੇਡੀਓ ਉਤੇ ਪਿਛਲੇ ਪੰਜ ਵਰ੍ਹਿਆਂ ਤੋਂ ਅਨਾਊਂਸਰ ਲੱਗੀ ਹੋਈ ਹੈ। ਐ ਲੈ ਉਸ ਦੀ ਤਸਵੀਰ ਆਪਣੇ ਮਾਪਿਆਂ ਨੂੰ ਦਿਖਾ ਦੇ ਕੁੜੀ ਤੇਰੇ ਨਾਲ ਬਹੁਤ ਫੱਬੇਗੀ।

ਜਸਬੀਰ ਨੇ ਬ੍ਰਿਗੇਡੀਅਰ ਮਨਪ੍ਰੀਤ ਤੋਂ ਤਸਵੀਰ ਲੈਂਦਿਆਂ ਉਸ ਵੱਲ ਤੱਕਿਆ। ਕੁੜੀ ਦੇ ਨੈਣ-ਨਕਸ਼ ਭੂਆ ਨਾਲ ਕਾਫੀ ਮਿਲਦੇ ਲੱਗੇ। ਭੂਆ ਮਨਪ੍ਰੀਤ ਨੇ ਅਜੇ ਤੱਕ ਸ਼ਾਦੀ ਨਹੀਂ ਸੀ ਕੀਤੀ। ਜਦ ਕਿ ਸਾਰੇ ਹਸਪਤਾਲ ਦੀਆਂ ਨਰਸਾਂ 'ਚੋਂ ਉਹ ਸਭ ਤੋਂ ਸੋਹਣੀ ਸੀ। ਉਹ ਚਾਹੁੰਦੀ ਸੀ ਕਿ ਮੇਰੇ ਵੀਰ ਦੇ ਸਿਰ ਚਾਰ-ਚਾਰ ਧੀਆਂ ਦੀ ਜ਼ਿੰਮੇਵਾਰੀ ਹੈ, ਪਹਿਲਾਂ ਮੈਂ ਇਸ ਦਾ ਬੋਝ ਕੁਝ ਹਲਕਾ ਕਰ ਲਵਾਂ। ਫਿਰ ਆਪਣੇ ਬਾਰੇ ਸੋਚਾਂਗੀ।

ਕਰਨਲ ਜਸਬੀਰ ਨੇ ਤਸਵੀਰ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਕਿ ਕੁੜੀ ਕਾਫੀ ਸੁਨੱਖੀ ਹੈ। ਫਿਰ ਉਸ ਨੇ ਇਕ ਨਜ਼ਰ ਆਪਣੇ ਉਤੇ ਵੀ ਪਾਈ। ਉਸ ਨੂੰ ਲੱਗਿਆ ਕਿ ਲੱਗਦਾ ਇਉਂ ਹੈ ਕਿ ਸਾਡੀ ਜੋੜੀ ਖੂਬ ਜਚੇਗੀ। ਉਸ ਨੇ ਝੱਟ ਕੰਪਿਊਟਰ ਉਤੇ ਸ਼ਬਨਮ ਦੀ ਫੋਟੋ ਆਪਣੀ ਵੱਡੀ ਭੈਣ ਜਸਵੰਤ ਨੂੰ ਭੇਜ ਦਿੱਤੀ, ਕਿਉਂਕਿ ਜਸਬੀਰ ਦੇ ਪਰਿਵਾਰ ਵਿੱਚ ਜਸਵੰਤ ਭੈਣ ਦੀ ਗੱਲ ਕੋਈ ਨਹੀਂ ਸੀ ਮੋੜਦਾ।

ਜਸਵੰਤ ਕੌਰ ਨੇ ਜਦੋਂ ਸ਼ਬਨਮ ਦੀ ਤਸਵੀਰ ਦੇਖੀ ਤਾਂ ਜਿਵੇਂ ਉਹ ਤਾਂ ਮੰਤਰ-ਮੁਗਧ ਹੀ ਹੋ ਗਈ। ਲੰਬਾ ਸਰੂ ਦੇ ਬੂਟੇ ਵਰਗਾ ਕੱਦ। ਲੰਬੇ ਕੇਸ, ਨੈਣ-ਨਕਸ਼ ਵੀ ਬਹੁਤ ਪਿਆਰੇ ਲੱਗੇ ਸ਼ਬਨਮ ਦੇ ਜਸਵੰਤ ਕੌਰ ਨੂੰ। ਜਸਬੀਰ ਜਾਣਦਾ ਸੀ ਕਿ ਜੇ ਜਸਵੰਤ ਭੈਣ ਨੂੰ ਕੁੜੀ ਜਚ ਗਈ ਤਾਂ ਉਸ ਦੇ ਬੇਬੇ, ਬਾਪੂ ਰਿਸ਼ਤਾ ਲੈਣ ਵਿੱਚ ਢਿੱਲ ਨਹੀਂ ਕਰਨਗੇ।

ਜਸਵੰਤ ਕੌਰ ਨੇ ਸ਼ਬਨਮ ਦੀ ਤਸਵੀਰ ਆਪਣੀ ਧੀ ਸਤਵੰਤ ਨੂੰ ਦਿਖਾਉਣ ਪਿੱਛੋਂ ਆਪਣੇ ਪਤੀ ਪ੍ਰੀਤਮ ਸਿੰਘ ਨੂੰ ਵੀ ਦਿਖਾਈ ਤੇ ਸਾਰੇ ਪਰਿਵਾਰ ਦਾ ਪਿਛੋਕੜ ਵੀ ਪ੍ਰੀਤਮ ਸਿੰਘ ਨੂੰ ਦੱਸਿਆ। ਸਾਰੀ ਗੱਲਬਾਤ ਪਿੱਛੋਂ ਪ੍ਰੀਤਮ ਸਿੰਘ ਨੇ ਸੌ ਦੀ ਇਕੋ ਕਹਿ ਸੁਣਾਈ ਕਿ ਚੰਗੇ ਕੰਮ ਵਿੱਚ ਢਿੱਲ ਨਹੀਂ ਕਰਨੀ ਚਾਹੀਦੀ। ਇਹ ਗੱਲ ਤਾਂ ਜਿਵੇਂ ਪ੍ਰੀਤਮ ਸਿੰਘ ਨੇ ਜਸਵੰਤ ਕੌਰ ਦੇ ਦਿਲ ਦੀ ਹੀ ਕਹਿ ਦਿੱਤੀ ਸੀ।

ਜਸਵੰਤ ਕੌਰ ਨੇ ਫੋਨ ਉਤੇ ਮਨਪ੍ਰੀਤ ਨਾਲ ਸਾਰੀ ਗੱਲ ਖੋਲ੍ਹ ਲਈ ਤੇ ਮਨਪ੍ਰੀਤ ਨੇ ਜਸਵੰਤ ਕੌਰ ਨੂੰ ਸ਼ਬਨਮ ਦੇ ਟੁੱਟ ਚੁੱਕੇ ਰਿਸ਼ਤੇ ਬਾਰੇ ਸੱਚ-ਸੱਚ ਸਭ ਕੁਝ ਦੱਸ ਦਿੱਤਾ ਤਾਂ ਕਿ ਕਿਸੇ ਗੱਲ ਦਾ ਕੋਈ ਲੁਕੋ-ਛੁਪੋ ਨਾ ਰਹਿ ਜਾਵੇ। ਇਥੋਂ ਤੱਕ ਕਿ ਟੈਲੀਫੋਨ ਉਤੇ ਜਸਵੰਤ ਕੌਰ ਨਾਲ ਸ਼ਬਨਮ ਦੀ ਗੱਲ ਵੀ ਕਰਵਾ ਦਿੱਤੀ।

ਹੁਣ ਸ਼ਬਨਮ ਖੁਸ਼ ਸੀ। ਉਸ ਦੇ ਮਾਪਿਆਂ ਦੀ ਲਾਜ ਵੀ ਰਹਿ ਜਣੀ ਸੀ। ਮੁੰਡਾ ਵੀ ਪਹਿਲੇ ਮੁੰਡੇ ਨਾਲੋਂ ਚੰਗਾ ਮਿਲ ਗਿਆ ਸੀ। ਮਨਪ੍ਰੀਤ ਦੇ ਭਰਾ ਨੇ ਮੈਰਿਜ ਪੈਲੇਸ ਵਾਲਿਆਂ ਨੂੰ ਅਤੇ ਖਾਣੇ ਵਾਲਿਆਂ ਨੂੰ ਸਾਈ ਪਹਿਲਾਂ ਹੀ ਫੜਾਈ ਹੋਈ ਸੀ। ਸਭ ਕੁਝ ਪਿਛਲੀ ਮਿਥੀ ਤਰੀਕ ਉਤੇ ਕਰਨਾ ਹੀ ਉਹ ਮੰਨ ਗਏ ਸਨ। ਕਰਨਲ ਜਸਬੀਰ ਸਿੰਘ ਦੇ ਮਾਤਾ-ਪਿਤਾ ਭਲੇ ਬੰਦੇ ਸਨ।

ਮਨਪ੍ਰੀਤ ਨੇ ਆਪਣੇ ਭਰਾ ਦੀ ਸੁੱਖ ਮਨਾਉਂਦਿਆਂ ਵਿਆਹ ਦੀ ਸਾਰੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਕੇ ਦੂਜੀ ਵਾਰ ਕਾਜ ਆਰੰਭ ਕਰਨ ਲਈ ਆਪਣੀ ਪੂਰੀ ਵਾਹ ਲਾ ਛੱਡੀ ਸੀ। ਸ਼ਬਨਮ ਦੇ ਚਿਹਰੇ ਉਤੇ ਵੀ ਖੇੜਾ ਆ ਗਿਆ ਸੀ। ਉਸ ਦਾ ਡੈਡੀ ਵੀ ਇਸ ਨਵੇਂ ਰਿਸ਼ਤੇ ਅਤੇ ਜਸਬੀਰ ਬਾਰੇ ਜਾਣ ਕੇ ਹੁਣ ਖੁਸ਼ ਨਜ਼ਰ ਆ ਰਿਹਾ ਸੀ।

ਮਨਪ੍ਰੀਤ ਸਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਪੱਲਿਓਂ ਪੈਸੇ ਖਰਚਣ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੀ। ਸ਼ੁੱਕਰਵਾਰ ਨੂੰ ਘਰ ਵਿੱਚ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੋਵਾਂ ਧਿਰਾਂ ਵੱਲੋਂ ਪੱਕੀ ਕਰਕੇ ਸੋਮਵਾਰ ਵਾਲੇ ਦਿਨ ਬਰਾਤ ਕੁੜੀ ਵਾਲਿਆਂ ਦੇ ਘਰ ਢੁਕਣੀ ਸੀ।

ਸ਼ਬਨਮ ਬੇਹੱਦ ਖੁਸ਼ ਸੀ। ਉਸ ਦਾ ਪਿਤਾ ਵੀ ਬੇਟੀ ਦੀ ਸ਼ਾਦੀ ਵਿੱਚ ਖੁਸ਼ ਨਜ਼ਰ ਆ ਰਿਹਾ ਸੀ, ਪਰ ਉਸ ਦੀ ਮੰਮੀ ਦੇ ਚਿਹਰੇ ਉਤੇ ਵਿਆਹ ਦੀ ਖੁਸ਼ੀ ਦੇ ਕੋਈ ਹਾਵ-ਭਾਵ ਨਹੀਂ ਸਨ ਨਜ਼ਰ ਆ ਰਹੇ। ਇਹ ਸਭ ਦੇਖ ਸ਼ਬਨਮ ਨੇ ਆਪਣੀ ਮੰਮੀ ਨੂੰ ਪੁੱਛਿਆ।

"ਮੰਮੀ ਜੀ ਤੁਸੀਂ ਖੁਸ਼ ਨਹੀਂ ਇਸ ਸ਼ਾਦੀ ਤੋਂ?

ਉਸ ਦੀ ਮੰਮੀ ਨੇ ਸ਼ਬਨਮ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸ਼ਬਨਮ ਨੇ ਫਿਰ ਪਿਆਰ ਜਿਹੇ ਵਿੱਚ ਆ ਕੇ ਪੁੱਛਿਆ, "ਮੰਮੀ ਤੁਹਾਨੂੰ ਕਰਨਲ ਜਸਬੀਰ ਪਸੰਦ ਨਹੀਂ?

"ਮੈਂ ਕੌਣ ਹੁੰਦੀ ਹਾਂ ਪਸੰਦ, ਨਾ-ਪਸੰਦ ਬਾਰੇ ਕੁਝ ਕਹਿਣ ਵਾਲੀ। ਸ਼ਬਨਮ ਆਪਣੀ ਮੰਮੀ ਦੇ ਚਿਹਰੇ ਉਤਲੀ ਮਾਯੂਸੀ ਦਾ ਕਾਰਨ ਸਮਝ ਨਾ ਸਕੀ।

"ਮੰਮੀ ਕੋਈ ਗੱਲ ਤਾਂ ਮੈਨੂੰ ਦੱਸੋ। ਜਸਬੀਰ ਦੇ ਮਾਪਿਆਂ ਦੀ ਤਾਂ ਕੋਈ 'ਮੰਗ' ਵੀ ਨਹੀਂ। ਫਿਰ ਉਸੇ ਤਰੀਕ ਨੂੰ ਵਿਆਹ ਕਰਨਾ ਵੀ ਜਸਬੀਰ ਨੇ ਕਬੂਲ ਕਰ ਲਿਆ। ਉਨ੍ਹਾਂ ਨੇ ਸਾਡਾ ਕਿੰਨਾ ਖਰਚਾ ਬਚਾ ਦਿੱਤਾ ਹੈ। ਇਹ ਸਭ ਭੂਆ ਜੀ ਦੀ ਮਿਹਰਬਾਨੀ ਨਾਲ ਹੀ ਹੋ ਸਕਿਆ ਹੈ। ਹੁਣ ਤੁਸੀਂ ਕਿਉਂ ਇਸ ਰਿਸ਼ਤੇ ਵਿੱਚ ਖੁਸ਼ ਨਹੀਂ ਹੋ?

"ਮੈਂ ਕੀ ਦੱਸਾਂ ਸ਼ਬੋ, ਮੈਨੂੰ ਪੁੱਛਦਾ ਹੀ ਕੌਣ ਹੈ? ਸ਼ਬਨਮ ਦੀ ਮੰਮੀ ਬਹੁਤ ਪ੍ਰੇਸ਼ਾਨ ਸੀ।

"ਸ਼ਬੋ ਜੋ ਕੁਝ ਹੈ ਤੇਰੀ ਭੂਆ ਹੀ ਹੈ। ਤੇਰਾ ਡੈਡੀ ਤਾਂ ਉਸ ਦੇ ਕਹੇ ਹੀ ਚੱਲਦਾ ਹੈ। ਸਭ ਕੁਝ ਉਹੀ ਕਰਦੀ ਹੈ।

"ਚੰਗੀ ਗੱਲ ਵਿੱਚ ਤਾਂ ਚੱਲਣਾ ਬਣਦਾ ਹੀ ਹੈ ਮੰਮੀ ਜੀ, ਨਾਲੇ ਦਹੇਜ ਦੇ ਲੋਭੀਆਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਧੀਆਂ ਵਿਕਾਊ ਨਹੀਂ ਹੁੰਦੀਆਂ। ਜੇ ਉਹ ਮੁੰਡਾ ਫੂਡ ਐਂਡ ਸਪਲਾਈ ਵਿੱਚ ਲੱਗਿਆ ਹੋਇਆ ਸੀ ਤਾਂ ਮੈਂ ਵੀ ਪਿਛਲੇ ਪੰਜਾਂ ਸਾਲਾਂ ਤੋਂ ਮੀਡੀਆ ਦੇ ਕੰਮ ਨਾਲ ਜੁੜੀ ਹੋਈ ਹਾਂ। ਉਸ ਤੋਂ ਘੱਟ ਨਹੀਂ ਕਮਾਉਂਦੀ ਸੀ।

"ਪਰ ਤੇਰੀ ਨਾਰਾਜ਼ਗੀ ਭੂਆ ਨਾਲ ਕਿਉਂ ਹੈ। ਇਹ ਗੱਲ ਮੇਰੀ ਸਮਝ ਤੋਂ ਬਾਹਰ ਦੀ ਹੈ ਮੰਮੀ।

"ਮੇਰੀ ਨਾਰਾਜ਼ਗੀ ਇਹ ਹੈ ਸ਼ਬੋ ਕਿ ਸ਼ੁਰੂ ਤੋਂ ਹੀ ਤੇਰੀ ਭੂਆ ਨੇ ਸਾਡੀ ਜ਼ਿੰਦਗੀ ਵਿੱਚ ਦਖਲ ਦਿੱਤਾ ਹੈ। ਤੇਰਾ ਪਿਓ ਲਾਈਲੱਗ ਅੱਜ ਤੱਕ ਉਸੇ ਦੀ ਸੁਣਦਾ ਆ ਰਿਹਾ ਹੈ। ਮੈਂ ਜਿਵੇਂ ਘਰ ਵਿੱਚ ਕੁਝ ਵੀ ਨਹੀਂ। ਮੈਂ ਜਨਮ ਦਿੱਤਾ ਹੈ ਤੈਨੂੰ। ਮੈਨੂੰ ਵੀ ਪੁੱਛ ਲੈਣਾ ਚਾਹੀਦਾ ਸੀ। ਇਹ ਕਹਿੰਦੀ ਹੋਈ ਸ਼ਬਨਮ ਦੀ ਮੰਮੀ ਟਪ-ਟਪ ਹੰਝੂ ਕੇਰਨ ਲੱਗ ਪਈ।

ਮਾਂ ਦੀ ਗੱਲ ਸੁਣ ਕੇ ਸ਼ਬਨਮ ਨੇ ਮਾਂ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। "ਮੰਮੀ ਅਸਲ ਵਿੱਚ ਮੇਰੀ ਮਾਂ ਤਾਂ ਤੂੰ ਹੀ ਰਹਿਣਾ ਹੈ। ਭੂਆ ਤਾਂ ਭੂਆ ਹੀ ਹੈ। ਮੇਰਾ ਰਿਸ਼ਤਾ ਜਸਬੀਰ ਨਾਲ ਕਰਵਾ ਕੇ ਇਸ ਨੇ ਸਾਡਾ ਭਲਾ ਹੀ ਕੀਤਾ ਹੈ। ਬੁਰਾ ਤਾਂ ਕੁਝ ਨਹੀਂ ਕੀਤਾ। ਹੁਣ ਤੂੰ ਵਿਆਹ ਵਿੱਚ ਰੁਕਾਵਟ ਨਾ ਪਾ। ਮੈਂ ਭੂਆ ਨੂੰ ਕਹੂੰਗੀ ਕਿ ਉਹ ਤੇਰੇ ਕੋਲੋਂ ਮੁਆਫੀ ਮੰਗ ਲਵੇ।

"ਠੀਕ ਹੈ ਸ਼ਬੋ ਮੇਰੀ ਗੱਲ ਧਿਆਨ ਨਾਲ ਸੁਣ। ਮੇਰੀ ਇਕ ਸ਼ਰਤ ਹੋਰ ਹੈ। ਮੈਂ ਇਹ ਵਿਆਹ ਜਸਬੀਰ ਨਾਲ ਤਾਂ ਹੋਣ ਦੇਵਾਂਗੀ ਜੇ ਤੇਰੀ ਭੂਆ ਮੁੜ ਮੇਰੇ ਘਰ ਪੈਰ ਨਾ ਪਾਉਣ ਦੀ ਸਹੁੰ ਖਾਵੇ। ਇਹ ਗੱਲ ਨੂੰ ਆਪਣੇ ਡੈਡੀ ਨੂੰ ਵੀ ਸਾਫ-ਸਾਫ ਕਹਿ ਦੇਵੀਂ।

ਆਪਣੀ ਮਾਂ ਦੀਆਂ ਬੇਵਕੂਫੀ ਵਾਲੀਆਂ ਗੱਲਾਂ ਸੁਣ, ਜਿਵੇਂ ਸ਼ਬਨਮ ਰੋਣ-ਹਾਕੀ ਹੋ ਗਈ ਸੀ। ਆਖਿਰ ਉਸ ਦੀ ਭੂਆ ਨੇ ਮਾੜਾ ਕੀ ਕੀਤਾ ਸੀ? ਇਕ ਤਾਂ ਆਪਣੀ ਜ਼ਿੰਮੇਵਾਰੀ ਉਤੇ ਉਸ ਨੇ ਪੁਰਾਣੀ ਤਰੀਕ ਉਤੇ ਹੀ ਵਿਆਹ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ, ਦੂਜਾ ਕਰਨਲ ਜਸਬੀਰ, ਅਸ਼ੋਕ ਤੋਂ ਕਿਤੇ ਵੱਧ ਕਾਬਲੀਅਤ ਵਾਲਾ ਅਤੇ ਬਾਂਕਾ-ਗੱਭਰੂ ਹੈ। ਫਿਰ ਮੇਰੀ ਮੰਮੀ?

ਸਾਰੀ ਰਾਤ ਸ਼ਬਨਮ ਆਪਣੇ ਪਲੰਘ ਉਤੇ ਇਕੱਲੀ-ਕਾਰੀ ਲੇਟੀ ਇਹੀ ਸੋਚਦੀ ਰਹੀ ਕਿ ਸੰਸਾਰ ਭਰ ਵਿੱਚ ਸੱਸ-ਨੂੰਹ, ਦਰਾਣੀ-ਜਠਾਣੀ, ਨਣਦ-ਭਰਜਾਈ ਅਤੇ ਸਹੁਰੇ ਪਰਿਵਾਰ ਨਾਲ ਰਿਸ਼ਤੇ ਐਨੇ ਕੌੜੇ ਕਿਉਂ ਹੁੰਦੇ ਹਨ। ਉਸ ਦੀ ਸਮਝ ਵਿੱਚ ਕੁਝ ਵੀ ਨਹੀਂ ਸੀ ਆ ਰਿਹਾ।

## ਮਿੰਨੀ ਕਹਾਣੀ

# ਭਾਂਜ

ਗੁਰਬਚਨ ਸਿੰਘ ਭੁੱਲਰ

ਪੁੱਤਰ, ਹੁਣੇ ਮੁੜਨਾ ਤਾਂ ਬਲਬੀਰ ਕੌਰ ਨੂੰ ਗੱਡੀ ਚੜ੍ਹਾ ਦੇਈਂ, ਨਹੀਂ ਤਾਂ ਸਾਨੂੰ ਕਿਸੇ ਨੂੰ ਕੰਮ ਛੱਡ ਕੇ ਜਾਣਾ ਪੈਣਾ।

ਮੁੜਨਾ ਤਾਂ ਮੈਂ ਹੁਣੇ ਹੈ, ਪਰ ਬਲਬੀਰ ਕੌਰ ਕੌਣ? ਮੈਂ ਪੁੱਛਿਆ।

ਹੁਣ ਭੁੱਲ ਗਿਆ? ਜੀਹਨੂੰ ਕਹਿੰਦਾ ਸੀ, ਫੜਿਓ ਓਇ ਜੱਟੀ ਭੱਜ ਗਈ। ਮਾਸੀ ਹੱਸ ਪਈ।

ਛੋਟੇ ਛੋਟੇ ਹੁੰਦੇ ਸੀ। ਮੇਰੀ ਹਾਨਣ ਇਹ ਕੁੜੀ, ਆਪਣੀ ਭੈਣ, ਮੇਰੀ ਮਾਸੀ ਦੀ ਨੂੰਹ, ਕੋਲ ਰਿਹਾ ਕਰਦੀ ਸੀ। ਇਕ ਦਿਨ ਖੇਡਦਿਆਂ ਮੈਂ ਜੱਟ ਬਣ ਗਿਆ ਤੇ ਉਹ ਜੱਟੀ। ਪਤਾ ਨਹੀਂ ਕਿਸ ਗੱਲੋਂ ਉਹ ਰੁੱਸ ਗਈ ਤੇ ਖੇਡ ਵਿਚਾਲੇ ਛੱਡ ਕੇ ਭੱਜ ਗਈ। ਮੈਨੂੰ ਰੋਸਾ ਸੀ ਕਿ ਉਹਨੇ ਖੇਡ ਪੂਰੀ ਕਿਉਂ ਨਹੀਂ ਸੀ ਕੀਤੀ। ਮੈਂ, 'ਜਾਣ ਨ੍ਹੀਂ ਦਿੰਦਾ, ਫੜਿਓ ਓਇ, ਜੱਟੀ ਭੱਜ ਗਈ ਜੱਟੀ ਭੱਜ ਗਈ।' ਕਹਿੰਦਾ ਉਹਦੇ ਪਿੱਛੇ ਭੱਜਿਆ। ਸਾਡੇ ਘਰਾਂ ਵਿੱਚ ਬਹੁਤ ਹਾਸਾ ਮੱਚਿਆ।

ਮੈਂ ਕਹਾਂ ਕਿਹੜੀ ਬਲਬੀਰ ਕੌਰ, ਬੀਰਾਂ ਨੀ ਕਹਿੰਦੇ। ਮਾਸੀ ਦੀ ਗੱਲ ਦੇ ਜੁਆਬ ਵਿੱਚ ਮੈਂ ਹੱਸ ਪਿਆ।

ਹੁਣ ਤਾਂ ਭਾਈ ਸੁੱਖ ਨਾਲ ਵਿਆਹੀ ਗਈ, ਬਲਬੀਰ ਕੌਰ ਬਣ ਗਈ ਤੇਰੀ ਭਾਬੀ ਨੇ ਤਾਂ ਤੈਨੂੰ ਏਨਾ ਜ਼ੋਰ ਲਾਇਆ ਰਿਸ਼ਤੇ ਵਾਸਤੇ, ਤੂੰ ਤਾਂ ਮੁੰਡਿਆ ਲੱਤ ਹੀ ਨੀ ਲਾਈ।

ਰਸਮੀ ਸੁੱਖ ਸਾਂਦ ਪੁੱਛਣ ਮਗਰੋਂ ਮੈਂ, ਬੀਰਾਂ ਤੇ ਉਹਦਾ ਦਸ ਬਾਰਾਂ ਸਾਲ ਦਾ ਭਾਈ, ਟਾਂਗੇ ਵਿੱਚ ਮੂਹਰੇ ਬੈਠ ਗਏ।

ਅੱਧ ਵਾਲੀ ਟਾਹਲੀ ਆ ਗਈ। ਬੀਰਾਂ ਦਾ ਭਾਈ ਤੇ ਪਿਛਲੀਆਂ ਸੁਆਰੀਆਂ ਨਲਕੇ ਤੋਂ ਪਾਣੀ ਪੀਣ ਲੱਗ ਗਈਆਂ। ਟਾਂਗੇ ਵਾਲਾ ਘੋੜੇ ਲਈ ਪਾਣੀ ਦੀ ਬਾਲਟੀ ਲੈਣ ਚਲਿਆ ਗਿਆ। ਮੈਂ ਲਹਿੰਬਰੀ ਟਾਹਲੀ ਵੱਲ ਵੇਖਣ ਲੱਗ ਪਿਆ। ਮੈਂ ਤ੍ਰਭਕਿਆ, ਬੀਰਾਂ ਦਾ ਹੱਥ ਮੇਰੇ ਗੋਡੇ ਉੱਤੇ ਟਿਕ ਗਿਆ ਸੀ। ਉਹ ਹੋਲੀ ਆਵਾਜ਼ ਵਿੱਚ ਬੋਲੀ, ਉਦੋਂ ਤਾਂ ਕਹਿੰਦਾ ਸੀ, ਜੱਟੀ ਨੂੰ ਜਾਣ ਨਹੀਂ ਦਿੰਦਾ। ਜੱਟਾ ਤੂੰ ਤਾਂ ਆਪ ਹੀ ਭੱਜ ਗਿਆ। ਮੈਂ ਭੈਣ ਹੱਥ ਕਹਾਇਆ ਸੀ, ਤੂੰ ਗੱਲ ਤਾਂ ਸੁਣ ਲੈਣੀ ਸੀ ਮੈਂ ਤੇਰੇ ਪੈਰ ਧੋ ਧੋ ਪੀਂਦੀ।

ਮੈਨੂੰ ਕੋਈ ਜਵਾਬ ਨਾ ਅਹੁੜਿਆ। ਜੋ ਬੋਲਦਾ, ਮੈਂ ਬੋਲਦਾ ਵੀ ਕੀ? ਮੈਂ ਖਾਲੀ ਖਾਲੀ ਨਜ਼ਰਾਂ ਨਾਲ ਵੇਖਿਆ, ਉਹਦੀਆਂ ਅੱਖਾਂ ਦੇ ਕੋਇਆਂ ਦੇ ਵਿਚ ਸਿਲ੍ਹ ਤਿਲ੍ਹਕ ਆਈ ਸੀ ਅਤੇ ਉਹਨਾਂ ਹੇਠਲੀ ਕਲੱਤਣ ਤੇ ਮੱਥੇ ਉਤਲੀ ਥਕਾਵਟ ਗੂੜ੍ਹੀ ਹੋ ਗਈ ਸੀ।

# ਮੇਰੀ ਕਲਮ





## ਇਹ ਜੋ ਚੰਨ ਦੀ ਚਾਨਣੀ ਹੈ

ਸੁਰਜੀਤ ਪਾਤਰ

ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਪੜ੍ਹੀਏ ਤਾਂ ਤੇਰਾ ਖਤ ਹੈ, ਸੁਣੀਏ ਤਾਂ ਤੇਰੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਜੋ ਤੂੰ ਉਮਰ ਭਰ ਜਗਾਏ, ਤੇ ਦਰੀਂ ਘਰੀਂ ਟਿਕਾਏ
ਤੇਰੇ ਚਿਹਰੇ ਉੱਤੇ ਅੱਜ ਵੀ ,ਓਹਨਾਂ ਦੀਵਿਆਂ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਤੇਰੇ ਲਫ਼ਜ ਨੇ ਲਹੂ ਵਿੱਚ, ਤੇਰਾ ਰਾਗ ਹੈ ਰਗਾਂ ਵਿੱਚ
ਐ ਗਜ਼ਲ ਵਸੇਂ ਤੂੰ ਸਾਹੀਂ, ਤੇਰੇ ਤੋਂ ਕੀ ਲੁਕੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਜੋ ਵੀ ਬਾਤ ਤੂੰ ਕਹੀ ਹੈ, ਸੱਜਰੀ ਹਵਾ ਜਿਹੀ ਹੈ
ਇਹ ਬਹਾਰ ਦਾ ਸੁਨੇਹਾ, ਤੇ ਸਵੇਰਿਆਂ ਦੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਇਹ ਚੰਨ ਦੀ ਚਾਨਣੀ ਵੀ, ਧੁੱਪ ਦਾ ਹੀ ਤਰਜ਼ਮਾ ਹੈ
ਤੇ ਇਹ ਧੁੱਪ ਵੀ ਓੜਕਾਂ ਨੂੰ, ਕਿਸੇ ਬਲ ਰਹੇ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਨਫ਼ਰਤ ਦੇ ਤੀਰ ਚਲਦੇ, ਐਪਰ ਨਾ ਮੈਨੂੰ ਖਲਦੇ
ਮੇਰੀ ਆਤਮਾ ਦੁਆਲੇ, ਤੇਰੇ ਪਿਆਰ ਦੀ ਸੰਜੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

## ਨਰਕਾਂ ਦੇ ਦਰਵਾਜ਼ੇ ’ਤੇ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਨਰਕਾਂ ਦੇ ਦਰਵਾਜ਼ੇ ਉੱਤੇ, ਜਦੋਂ ਕਿਸੇ ਨੇ ਦਸਤਕ ਦਿੱਤੀ,
ਧਰਮਰਾਜ ਦੇ ਅਰਦਲੀ ਨੇ, ਖੋਲ੍ਹ ਕੁੰਡਾ ਦਰਿਆਫਤ ਕੀਤੀ।
ਕੀ ਦੇਖੇ ਇੱਕ ਕੁੱਬਾ ਬੁੱਢੜਾ, ਹੱਥ ਜੋੜ ਲਾਚਾਰ ਖੜ੍ਹਾ ਹੈ,
ਲੱਗਦੈ ਦੂਰੋਂ ਚੱਲ ਕੇ ਆਇਆ, ਥੱਕ ਟੁੱਟਾ ਪਰੇਸ਼ਾਨ ਬੜਾ ਹੈ।
ਪੁੱਛਿਆ ਬਾਬਾ! ਕਿਹਨੂੰ ਮਿਲਣੈ, ਕਿਹੜੇ ਕੰਮ ਤੂੰ ਇੱਥੇ ਆਇਆ,
ਕਿਸ ਨੇ ਤੈਨੂੰ ਭੁੱਲ ਭੁਲੇਖੇ, ਇਸ ਪਾਸੇ ਦਾ ਰਾਹ ਦਿਖਲਾਇਆ?
ਬੋਲਿਆ ਬੁੱਢੜਾ, ਕਾਕਾ ਜੀ, ਮੈਨੂੰ ਕਿਤੇ ਨਹੀਂ ਮਿਲਦੀ ਢੋਈ,
ਸਵਰਗੀਂ ਵੜਨ ਦੀ ਕੋਸ਼ਿਸ਼ ਵਿੱਚ, ਮੇਰੇ ਨਾਲ ਕੀ ਕੀ ਨਹੀਂ ਹੋਈ।
ਧੱਕੇ ਮਾਰ ਕੇ ਮੈਨੂੰ ਕੱਢਿਆ, ਕਹਿੰਦੇ ਤੇਰੀ ਇੱਥੇ ਥਾਂ ਨਹੀਂ,
ਚੰਗੇ ਬੰਦਿਆਂ ਦੀ ਸੂਚੀ ਵਿੱਚ, ਤੇਰਾ ਕਹਿੰਦੇ ਕੋਈ ਨਾਂ ਨਹੀਂ।
ਬਹੁਤ ਹੀ ਮੈਂ ਦਲੀਲਾਂ ਦਿੱਤੀਆਂ, ਆਪਣੇ ਸਾਰੇ ਕਾਰੇ ਦੱਸੇ,
ਪਰ ਉਹ ਮੇਰੀਆਂ ਗੱਲਾਂ ਸੁਣ ਕੇ, ਮਾਰ ਠਹਾਕੇ ਸਾਰੇ ਹੱਸੇ।
ਕਹਿੰਦੇ ਤੇਰੇ ਸਤਾਏ ਹੋਇਆਂ ਨੇ, ਤੇਰੀਆਂ ਸਾਨੂੰ ਦੱਸੀਆਂ ਕਰਤੂਤਾਂ,
ਨਰਕਾਂ ਵਿੱਚ ਡੇਰੇ ਲਾਏ ਹੋਏ ਨੇ, ਤੇਰੇ ਵਰਗਿਆਂ ਕਈ ਮਨਹੂਸਾਂ।
ਜਾਹ ਜਾਕੇ ਉਨ੍ਹਾਂ ਨੂੰ ਟੱਕਰ, ਖੁਸ਼ ਤੂੰ ਉੱਥੇ ਬਹੁਤ ਰਹੇਂਗਾ,
ਆਪਣੇ ਵਰਗੇ ਪਾਪੀਆਂ ਦੇ ਵਿੱਚ, ਰੱਜ ਤਸੀਹੇ ਖ਼ੂਬ ਜਰੇਂਗਾ।
ਇੰਨੀ ਸੁਣ ਕੇ ਅਰਦਲੀ ਅੰਦਰੋਂ, ਲੈ ਆਇਆ ਰਜਿਸਟਰ ਮੋਟਾ,
ਪੜ੍ਹ ਪੜ੍ਹ ਕੇ ਬੁੱਢੜੇ ਨੂੰ ਕਹਿੰਦਾ, ਬਾਬਾ ਤੂੰ ਤਾਂ ਬਹੁਤ ਹੈਂ ਖੋਟਾ।
ਮੱਕਾਰੀਆਂ ਤੇਰੀਆਂ ਬਹੁਤ ਦਰਜ ਨੇ, ਕਿਹੜੀ ਕਿਹੜੀ ਦੱਸਾਂ ਤੈਨੂੰ,
ਸੌਂਹ ਰੱਬ ਦੀ ਸਭ ਦੱਸਣ ਵਿੱਚ, ਸ਼ਰਮ ਬਹੁਤ ਹੀ ਆਉਂਦੀ ਮੈਨੂੰ।
ਅਸੀਂ ਤਾਂ ਅੱਗੇ ਹੀ ਸਤੇ ਹੋਏ ਆਂ, ਤੇਰੇ ਵਰਗੇ ਬਹੁਤਿਆਂ ਹੱਥੋਂ,
ਨਿਤਾ ਪ੍ਰਤੀ ਖਰੂਦ ਨੇ ਕਰਦੇ, ਰੋਅਬ ਜਮਾਉਂਦੇ ਸਭ ’ਤੇ ਉੱਤੋਂ।
ਕੇ ਪੀ, ਪੀ ਕੇ ਖਰੂ ਪਾਵੇ, ਆਲਮ ਦਾ ਕੀ ਕਰਾਂ ਇਜ਼ਹਾਰ,
ਕੱਠੇ ਹੋ ਕੇ ਸਾਰੇ ਕਰਦੇ, ਗੁੰਡਾਗਰਦੀ ਸਰੇ ਬਾਜ਼ਾਰ।
ਹੋਰ ਵੀ ਕਈ ਨੇ ਤੇਰੇ ਸਾਥੀ, ਮੁਕੱਦਮੇਂ ਜਿਨ੍ਹਾਂ ’ਤੇ ਚੱਲ ਰਹੇ ਨੇ,
ਬੇਕਸੂਰਾਂ ਦੀਆਂ ਬੇਅੰਤ ਫਾਈਲਾਂ, ਸਵਰਗਾਂ ਵਾਲੇ ਘੱਲ ਰਹੇ ਨੇ।
ਸਾਡੇ ਕੋਲੋਂ ਸਾਂਭ ਨਹੀਂ ਹੁੰਦੇ, ਪਹਿਲਾਂ ਹੀ ਤੇਰੇ ਵਰਗੇ ਪਾਪੀ,
ਘਾਣ ਜਿਨ੍ਹਾਂ ਮਨੁੱਖਤਾ ਦਾ ਕੀਤਾ, ਮਾਤਲੋਕ ਵਿੱਚ ਦਿਨ ਤੇ ਰਾਤੀ।
ਧਰਮਰਾਜ ਦੇ ਪੇਸ਼ ਕਰਨ ਲਈ, ਸਾਨੂੰ ਡਾਢੀ ਮੁਸ਼ਕਿਲ ਆਉਂਦੀ,
ਪੈਰ ਪੈਰ ’ਤੇ ਅੜਦੇ ਰੋਜ਼ ਹੀ, ਸਾਡੀ ਤਾਂ ਹੁਣ ਪੇਸ਼ ਨਹੀਂ ਜਾਂਦੀ।
ਤੇਰਾ ਅਤੇ ਬੇਅੰਤੇ ਦਾ ਨਾਂ, ਲੈਕੇ ਨਿੱਤ ਦਿਨ ਧੌਂਸ ਜਮਾਉਂਦੇ,
ਇੱਥੇ ਵੀ ਰਿਸ਼ਵਤਾਂ ਸਿਫਾਰਸ਼ਾਂ, ਵਰਤਣ ਦੀਆਂ ਸਕੀਮਾਂ ਲਾਉਂਦੇ।
ਏਸੇ ਲਈ ਹੀ ਧਰਮਰਾਜ ਨੇ, ਸਾਨੂੰ ਦਿੱਤੀਆਂ ਨੇ ਸਖ਼ਤ ਹਦਾਇਤਾਂ,
ਤੈਨੂੰ ਇੱਥੇ ਵੜਨ ਨਹੀਂ ਦੇਣਾ, ਭਾਵੇਂ ਕਰੇਂ ਤੂੰ ਲੱਖ ਸ਼ਿਕਾਇਤਾਂ।
ਰੋ ਪਿੱਟ ਭਾਵੇ ਮਿੰਨਤਾਂ ਕਰ ਲੈ, ਚੱਲਣੀਆਂ ਨਹੀਂ ਮੋਮੋਠਗਣੀਆਂ,
ਮਾਤ ਲੋਕ ਵਾਂਗ ਤੇਰੀਆਂ ਚਾਲਾਂ, ਇੱਥੇ ਆਕੇ ਨਹੀਂ ਪੁੱਗਣੀਆਂ।
ਤੇਰੀ ਗਤੀ ਹੁਣ ਕਿਤੇ ਨਹੀਂ ਹੋਣੀ, ਜੂਨਾਂ ਚਾਹੇ ਲੱਖ ਤੂੰ ਘੁੰਮ ਲੈ,
ਲੇਖਾ ਹੈ ਤੇਰਾ ਬਹੁਤ ਹੀ ਲੰਬਾ, ਮੁੱਕਦੀ ਗੱਲ ਤੂੰ ਸਾਥੋਂ ਸੁਣ ਲੈ।
ਚੱਲ ਤੂੰ ਇੱਥੋਂ ਤੁਰਦਾ ਬਣ ਹੁਣ, ਸਾਨੂੰ ਕੰਮ ਨੇ ਹੋਰ ਬਥੇਰੇ,
ਤੇਰੇ ਨਾਲ ਅਸੀਂ ਬੁਰੀ ਕਰਾਂਗੇ, ਜੇ ਮੁੜ ਆਇਆ ਇਸ ਦਰ ਨੇੜੇ।

## ਗੀਤ

ਵਿਰਕ ਪੁਸ਼ਪਿੰਦਰ

ਸਾਰੀ ਰੁਲ਼ ਗਈ ਜਵਾਨੀ ਜੱਟਾ ਮੇਰੀ,
ਤੇ ਚੰਡੀਗੜ੍ਹ ਨੇ ਪੰਜਾਬ ਖਾ ਲਿਆ।
ਭੁੱਲ ਜਾਵੇਂਗਾ ਤੂੰ ਸੈਕਟਰ-17,
ਵੀਹੀ ’ਚ ਜਦ ਮੈਂ ਤੱਕਿਆ।
ਮੁੱਖ ਵੇਖ ਕੇ ਮੇਰੇ ਦੀ ਲਾਲੀ,
ਬੀ ਜੈਂਕਣਾਂ ਨੂੰ ਗਸ਼ ਪੈ ਜਾਵੇ।
ਜੱਟ ਫਿਰੇ ਨੀ ਟਾਕੀਆਂ ’ਤੇ ਮਰਦਾ,
ਤੇ ਛੱਡ ਕੇ ਪਟੋਲਾ ਰੇਸ਼ਮੀ।
ਤੇਰੇ ਵਾਸਤੇ ਰੰਗਾਇਆ ਸੀ ਮੈਂ ਡੋਰੀਆ,
ਤੇ ਕੁੜਤੀ ਸ਼ੀਸ਼ਿਆਂ ਵਾਲ਼ੀ ਸੋਹਣਿਆ।
ਤੇਰੇ ਕਰਕੇ ਮੈਂ ਸਾਕ ਸੱਤ ਮੋੜਤੇ,
ਕਿਵੇਂ ਤੂੰ ਜੱਟਾ ਕੌਲ ਭੁੱਲ ਗਿਆ।
ਬੁੱਕਲ ਮੇਰੀ ਦਾ ਖਿਆਲ ਚੰਨਾ ਛੱਡ ਕੇ,
ਗੈਰਾਂ ਦੇ ਗਲ਼ ਬਾਹਾਂ ਪਾ ਲਈਆਂ।
ਉਨ੍ਹਾਂ ਕਰਨੀਆਂ ਨੇ ਜੇਬ ਤੇਰੀ ਵਿੱਚ ਗਲ਼ੀਆਂ,
ਹਾੜਾ ਵੇ ਪਿੰਡ ਆ ਜਾ ਸੋਹਣਿਆ।
ਸਾਰੀ ਰੁਲ਼ ਗਈ ਜਵਾਨੀ ਜੱਟਾ ਮੇਰੀ,
ਤੇ ਚੰਡੀਗੜ੍ਹ ਨੇ ਪੰਜਾਬ ਖਾ ਲਿਆ।

## ਮਾਂ ਦਾ ਪਿਆਰ

ਗਿ. ਗੁਰਮੁਖ ਸਿੰਘ ਮੁਸਾਫ਼ਿਰ

ਘਟਦਾ ਨਹੀਂ ਵੰਡਿਆ ਨਹੀਂ ਜਾਂਦਾ
ਚੌੜਾ ਇਸ ਦਾ ਬੜਾ ਖਿਲਾਰ
ਧਰਤੀ ਜੇਡਾ ਇਸ ਦਾ ਘੇਰਾ
ਅਣ-ਮਿਣਿਆ ਆਕਾਸ਼-ਭੰਡਾਰ

ਇਕ ਬੱਚਾ ਗੋਦੀ ਵਿਚ ਹੋਵੇ
ਜਾਂ ਹੋਵੇ ਅੱਠਾਂ ਦੀ ਮਾਂ
ਜਿਤਨਾ ਇਕ ਦੇ ਨਾਲ ਪਿਆਰ
ਉਤਨਾ ਉਤਨਾ ਸਭ ਦੇ ਨਾਲ

ਹੱਦੋਂ ਬੰਨਿਓਂ ਪਰੇ ਪਰੇਰੇ
ਅਣਡਿੱਠ ਵੱਧੇ ਪੌਣ ਮਸਾਲ
ਫੈਲਿਆਂ ਪਤਲਾ ਪੈਂਦਾ ਨਹੀਂ ਇਹ
ਇਸ ਵਿੱਚ ਫ਼ਰਕ ਨਾ ਪਾਵਣ ਸਾਲ

ਸੱਠਾਂ ਸੱਤਰਾਂ ਦਾ ਹੋ ਜਾਵੇ
ਮਾਂ ਦੇ ਭਾਣੇ ਜਾਤਕ ਬਾਲ
ਮਹਿੰਗੀ ਜਿਨਸ ਮੁਹੱਬਤ ਮਾਂ ਦੀ
ਫੇਰ ਵੀ ਇਸ ਦਾ ਪਏ ਨਾ ਕਾਲ।



## ਚਾਰ ਮੂਏ ਤੋ…

ਹਰਦੇਵ ਸਿੰਘ

ਲੋਕ ਪ੍ਰਲੋਕ ਵਿਚ ਹੋਏ ਸਾਂ ਬੇਆਸਰੇ ਜਏ,
ਦਇਆ ਧਾਰ ਸੁਣ ਲਈ ਪੁਕਾਰ ਜੀ,
ਰੂਹਾਂ ਉਤੇ ਰਾਜ ਸਦਾ ਨੌਵੇਂ ਸੱਚੇ ਪਾਤਸ਼ਾਹ ਦਾ,
ਓਟ ਮਿਲੀ ਜਿਹੜੇ ਦਰਬਾਰ ਜੀ।
ਨਿੱਕੇ ਨਿੱਕੇ ਕਦਮਾਂ ਨਾ’ ਵੱਡੀਆਂ ਪੁਲਾਂਘਾਂ ਪੁੱਟ,
ਲੰਘੇ ਲਾਲ ਸਮਿਆਂ ਤੋਂ ਪਾਰ ਜੀ,
ਫੁੱਲਾਂ ਜਹੇ ਵਜੂਦ ਸੁੱਚੇ ਵਾਰ ਕੇ ਧਰਮ ਉਤੋਂ,
ਧਰਤੀ ਦੇ ਲਾਹ ਗਏ ਸਿਰੋਂ ਭਾਰ ਜੀ।
ਪੁੱਤਰਾਂ ਦੇ ਪੈਰੀਂ ਚੁਭੇ ਕੰਡਾ ਨਹੀਂ ਸਹਾਰ ਹੁੰਦਾ,
ਸੀਨੇ ਲਹਿੰਦੀ ਵੇਖਣੀ ਕੀ ਧਾਰ ਜੀ,
ਕਿਵੇਂ ਨਾ ਲੋਕਾਈ ਕਰੇ ਪਿਆਰ ਦਸਮੇਸ਼ ਜੀ ਨੂੰ,
ਵਾਰ ਦਿੱਤੇ ਜਿਨ੍ਹਾਂ ਪੁੱਤ ਚਾਰ ਜੀ।
ਰਿਸ਼ੀ ਮੁਨੀ ਨਬੀ ਅਵਤਾਰ ਤੇ ਫਕੀਰ ਜਿੰਨੇ,
ਕਰਦੇ ਹਾਂ ਦਿਲੋਂ ਸਤਿਕਾਰ ਜੀ,
ਵਾਰੋ ਵਾਰੀ ਹੋਇਆ ਜੋ ਸ਼ਹੀਦ ਰੱਬੀ ਰਾਹ ਉਤੇ,
ਦੱਸੋ ਕਿਹੜਾ ਹੋਰ ਪਰਿਵਾਰ ਜੀ।

## ਬਾਲ ਕਵਿਤਾ
## ਸੋਹਣੇ ਸੋਹਣੇ ਅੱਖਰ



ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
919855227530

ਸੋਹਣੇ ਸੋਹਣੇ ਅੱਖਰ ਮੈਂ ਵੀ ਲਿਖਦਾ ਹੁੰਦਾ ਸਾਂ।
ਬਚਪਨ ਵਿੱਚ ਮੈਂ ਜਦੋਂ ਪੰਜਾਬੀ ਸਿੱਖਦਾ ਹੁੰਦਾ ਸਾਂ।
ਗਾਚੀ ਦੇ ਨਾਲ ਪੋਚ ਕੇ ਫੱਟੀ ਸੁੱਕਣੇ ਪਾਉਂਦਾ ਸੀ,
ਨਾਲ ਬਲੇਡ ਦੇ ਘੜ ਕਾਨੇ ਦੀ, ਕਲਮ ਬਣਾਉਂਦਾ ਸੀ।
ਫੜ ਸਭਨਾ ਦੀਆਂ ਫੱਟੀਆਂ, ਮੈਡਮ ਪੂਰਨੇ ਪਾ ਦਿੰਦੀ।
ਫੇਰ ਜਮਾਤ ਅਸਾਡੀ ਫੱਟੀਆਂ ਲਿਖਣੇ ਲਾ ਦੇਂਦੀ।
ਇੱਕ ਪਾਸੇ ਊੜਾ-ਐੜਾ, ਦੂਜੇ ਤੇ ਪਾ ਗਿਣਤੀ।
ਵੱਡਿਆਂ ਛੋਟਿਆਂ ਅੱਖਰਾਂ ਦੀ, ਕਰ ਲੈਂਦਾ ਸੀ ਮਿਣਤੀ।
ਊੜਾ ਊਠ ਤੇ ਐੜਾ ਅੰਬ, ਕਾਇਦੇ ਤੋਂ ਪੜ ?ਦਾ ਸੀ,
ਸਭ ਸਨ ਮੇਰੇ ਬੇਲੀ ਭੁੱਲ ਕੇ ਵੀ ਨਾ ਲੜਦਾ ਸੀ।
ਇੱਕ ਤੋਂ ਲੈ ਦੱਸ ਤੱਕ ਪਹਾੜੇ, ਜਦੋਂ ਸੁਣਾਉਂਦਾ ਸਾਂ,
ਬੋਲਣ ਲੱਗਾ ਮੈਂ ਤਾਂ, ਭੋਰਾ ਨਾ ਘਬਰਾਉਂਦਾ ਸਾਂ।
ਮਾਸਟਰ ਜੀ ਤੇ ਮੈਡਮ ਜੀ ਨੂੰ, ਜੀ-ਜੀ ਕਹਿੰਦਾ ਸੀ,
ਮਾਂ-ਪਿਉ ਦੀ ਸਿੱਖਿਆ ਤੇ, ਹਰਦਮ ਚੱਲਦਾ ਰਹਿੰਦਾ ਸੀ।
ਝਗੜਾ ਵਿੱਚ ਜਮਾਤੇ, ਭੁੱਲ ਕੇ ਵੀ ਨਾ ਕਰਦਾ ਸੀ।
ਸੱਚੀ ਗੱਲ ਕਹਿਣੋਂ ਵੀ ਮੈਂ ਨਾ ਕਦੇ ਵੀ ਡਰਦਾ ਸੀ ।
ਕਰਨਾ ਸਭ ਦਾ ਆਦਰ, ਚੰਗੀ ਗੱਲ ਸਮਝਾਈ ਸੀ।
‘ਲੱਖੇ’ ਨੂੰ ਤਾਂ ਮਾਂ ਨੇ ਸੱਚ ਦੀ ਆਦਤ ਪਾਈ ਸੀ।

## ਕਿਉਂ ਉਦਾਸ ਹੋ, ਨਾਨੂੰ ?



ਗੁਰਮੀਤ ਸਿੰਘ ਪਲਾਹੀ
9815802070



ਮੈਂ ਕੁਛ ਜ਼ਿਆਦਾ ਬੀਮਾਰ ਹਾਂ,
ਮੇਰੀ ਧੀ ਦੀ ਧੀ ਦਾ ਫ਼ੋਨ ਆਇਆ ਹੈ,
ਉਹ ਪੁੱਛਦੀ ਹੈ…।
‘ਕਿਉਂ ਉਦਾਸ ਹੋ, ਨਾਨੂੰ ?’
ਮੇਰੇ ਮੂੰਹ ’ਚੋਂ ਕੋਈ ਸ਼ਬਦ ਨਹੀਂ ਨਿਕਲ ਰਹੇ,
ਬੋਲਣ ਵੇਲੇ ਆਵਾਜ਼ ਘਗਿਆ ਗਈ ਹੈ,
‘ਨਹੀਂ ਮੈਂ ਉਦਾਸ ਨਹੀਂ ਹਾਂ, ਬੇਟੇ।’
ਉਹ ਚੁੱਪ ਹੋ ਗਈ ਹੈ।
ਮੈਂ ਚੁੱਪ ਹੋ ਗਿਆ ਹਾਂ।
ਮੈਂ ਉਦਾਸ ਹਾਂ,
ਮੈਨੂੰ ਚਿੰਤਾ ਸਤਾ ਰਹੀ ਹੈ।
ਉਹਦੇ ਭਵਿੱਖ ਦੀ,
ਉਹਦੇ ਤੇ ਉਹਦੇ ਵਰਗੀਆਂ ਹੋਰ ਧੀਆਂ ਦੀ ਚਿੰਤਾ।
ਧੀਆਂ ਦਾ ਭਵਿੱਖ ਸੁਰੱਖਿਅਤ ਨਹੀਂ,
ਉਨ੍ਹਾਂ ਦਾ ਆਲਾ-ਦੁਆਲਾ ਸੁਰੱਖਿਅਤ ਨਹੀਂ,
ਉਨ੍ਹਾਂ ਦਾ ਬਚਪਨ ਰੁਲਦਾ ਹੈ,
ਉਨ੍ਹਾਂ ਦੀ ਜਵਾਨੀ ਰੁਲਦੀ ਹੈ,
ਜੋ ਮਰਦਾਂ ਦੀਆਂ ਲਲਚਾਈਆਂ ਕਾਮੀ ਅੱਖਾਂ ਦਾ ਸ਼ਿਕਾਰ ਹੁੰਦੀਆਂ ਹਨ।
ਜੋ ਮਰਦਾਂ ਦੀਆਂ ਭੈੜੀਆਂ ਨਜ਼ਰਾਂ, ਕੌੜੇ ਬੋਲਾਂ ਨਾਲ ਪਰੁੰਨੀਆਂ ਜਾਂਦੀਆਂ ਹਨ।
ਮੇਰੀ ਧੀ ਦੀ ਮਾਸੂਮ ਧੀ ਫਿਰ ਪੁੱਛਦੀ ਹੈ…।
‘ਕਿਉਂ ਉਦਾਸ ਹੋ, ਨਾਨੂੰ ?’
ਮੇਰੇ ਮੂੰਹੋਂ ਬੋਲ ਨਹੀਂ ਨਿਕਲਦੇ, ਚੁੱਪ ਹਾਂ।
‘ਫਿਕਰਮੰਦੀ ਨਾਲ ਫਿਰ ਪੁੱਛਦੀ ਹੈ….।
‘ਰੋ ਰਹੇ ਹੋ ਨਾਨੂੰ ?’
ਆਖਦਾ ਹਾਂ, ‘ਨਹੀਂ ਮੈਂ ਰੋ ਨਹੀਂ ਰਿਹਾ’
ਆਖ ਦਿੰਦਾ ਹਾਂ, ‘ਕੋਈ ਗੱਲ ਨਹੀਂ, ਉਦਾਸ ਨਹੀਂ ਹਾਂ ਮੈਂ’।
ਉਹ ਫੋਨ ਰੱਖ ਦਿੰਦੀ ਹੈ।
ਸੋਚਦਾ ਹਾਂ, ਕੀ ਦੱਸਾਂ ਉਸਨੂੰ ਕਿ
ਧੀ ਅਤੇ ਪੁੱਤ ਬਰਾਬਰ ਕਿਉਂ ਨਹੀਂ ?
ਧੀ ਪਰਾਇਆ ਧੰਨ ਹੀ ਕਿਉਂ ਹੈ ?
ਮਾਪੇ ਧੀਆਂ ਨੂੰ ਪੁੱਤ ਮੰਨਕੇ ਵੀ ਪੁੱਤ ਨਹੀਂ ਮੰਨਦੇ ?
ਕੀ ਦਸਾਂ ਉਸਨੂੰ ਕਿ
ਕਿਵੇਂ ਧੀਆਂ ਦਾ ਮਾਂ ਦੀ ਕੁੱਖ ’ਚ ਕਤਲ ਕੀਤਾ ਜਾਂਦਾ ਹੈ।
ਕਿ ਕਿਵੇਂ ਧੀਆਂ ਦਾ ਤ੍ਰਿਸਕਾਰ ਕੀਤਾ ਜਾਂਦਾ ਹੈ ?
ਕਿ ਕਿਵੇਂ ਆਪਣੀਆਂ ਹੋ ਕੇ ਵੀ ਧੀਆਂ ਪਰਾਈਆਂ ਕਿਉਂ ਹਨ ?
ਸੋਚਦਾ ਹਾਂ, ਕਿ ਉਹ ਮਾਸੂਮ ਜਦੋਂ ਇਹ ਸਮਝੇਗੀ,
ਤਾਂ ਕਿੰਨੀ ਪ੍ਰੇਸ਼ਾਨ ਹੋਏਗੀ ?
ਇਸੇ ਕਰਕੇ ਪ੍ਰੇਸ਼ਾਨ ਹਾਂ,
ਇਸੇ ਕਰਕੇ ਉਦਾਸ ਹਾਂ।



# ਚਮਕਦਾਰ ਫ਼ਿਲਮੀ ਸੰਸਾਰ ਦਾ ਹਨੇਰਾ ਪੱਖ

ਭਾਵੇਂ ਖੁਦਕੁਸ਼ੀ ਕਿਸੇ ਵੀ ਸਮਾਜ ਵਿੱਚ ਆਮ ਗੱਲ ਹੈ। ਡਿਪਰੈਸ਼ਨ ਕਿਸੇ ਨੂੰ ਵੀ ਹੋ ਸਕਦਾ ਹੈ। ਇਸ ਦਾ ਪੈਸੇ, ਧੋਖਾਧੜੀ ਅਤੇ ਅਸਫਲਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜੇਕਰ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੂਰੀ ਦੁਨੀਆ 'ਚ ਭਾਰਤ 'ਚ 40 ਫੀਸਦੀ ਔਰਤਾਂ ਖੁਦਕੁਸ਼ੀਆਂ ਕਰਦੀਆਂ ਹਨ ਪਰ ਇਹ ਗੱਲ ਕਦੇ ਸੁਰਖੀਆਂ 'ਚ ਨਹੀਂ ਬਣੀ। ਐਂਟਰਟੇਨਮੈਂਟ ਇੰਡਸਟਰੀ ਦੇ ਮੁਕਾਬਲੇ ਘੱਟ ਲੋਕ ਖੁਦਕੁਸ਼ੀ ਕਰਦੇ ਹਨ, ਪਰ ਜ਼ਾਹਿਰ ਹੈ ਕਿ ਉਨ੍ਹਾਂ ਦੀ ਖੁਦਕੁਸ਼ੀ ਨਾਲ ਜੁੜੀਆਂ ਖਬਰਾਂ ਟੀਆਰਪੀ ਦਿੰਦੀਆਂ ਹਨ, ਫਿਰ ਬਿਨਾਂ ਸਿਰ-ਪੈਰ ਦੇ ਖ਼ਬਰਾਂ ਸੁਰਖੀਆਂ ਬਣ ਜਾਂਦੀਆਂ ਹਨ।

ਪਰ ਫਿਲਮੀ ਦੁਨੀਆ ਨਾਲ ਜੁੜੇ ਲੋਕਾਂ ਦੀ ਖੁਦਕੁਸ਼ੀ ਸਮਾਜ ਨੂੰ ਥੋੜ੍ਹਾ ਹੈਰਾਨ ਕਰਦੀ ਹੈ। ਇਨ੍ਹਾਂ ਖੁਦਕੁਸ਼ੀਆਂ ਦੇ ਪਿੱਛੇ ਦੀਆਂ ਕਹਾਣੀਆਂ ਸਿਲਵਰ ਸਕਰੀਨ ਦੀ ਚਮਕ ਦੇ ਉਲਟ ਕਾਲੇ ਅਤੇ ਦਲਦਲ ਵਾਲੀਆਂ ਹਨ। ਇਨ੍ਹਾਂ ਨੂੰ ਖੋਲ੍ਹਣ 'ਤੇ ਫਿਲਮ ਸਮਾਜ ਦੀ ਸੜਨ ਨਜ਼ਰ ਆਉਂਦੀ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਲੋਕ ਦਬਾਅ, ਅਸਫਲਤਾ, ਵਿੱਤੀ ਉਤਰਾਅ-ਚੜ੍ਹਾਅ, ਰਿਸ਼ਤੇ ਦੀਆਂ ਸਮੱਸਿਆਵਾਂ ਦੇ ਔਖੇ ਸਮੇਂ ਨੂੰ ਖੂਬਸੂਰਤੀ ਨਾਲ ਪਾਰ ਕਰਦੇ ਹਨ। ਰੇਖਾ ਤੋਂ ਇਲਾਵਾ ਦੀਪਿਕਾ ਪਾਦੁਕੋਣ ਅਤੇ ਰਣਦੀਪ ਹੁੱਡਾ ਨੇ ਜਨਤਕ ਤੌਰ 'ਤੇ ਆਪਣੇ ਡਿਪਰੈਸ਼ਨ ਨੂੰ ਸਵੀਕਾਰ ਕੀਤਾ ਹੈ। ਕਾਰਤਿਕ ਆਰੀਅਨ, ਆਯੁਸ਼ਮਾਨ ਖੁਰਾਨਾ, ਵਿੱਕੀ ਕੌਸ਼ਲ, ਨਵਾਜ਼ੁਦੀਨ ਸਿੱਦੀਕੀ, ਪੰਕਜ ਤ੍ਰਿਪਾਠੀ, ਰਾਧਿਕਾ ਆਪਟੇ, ਤਾਪਸੀ ਪੰਨੂ, ਭੂਮੀ ਪੇਡਨੇਕਰ ਆਦਿ ਦੀ ਕਾਮਯਾਬੀ ਪਿੱਛੇ ਸੰਘਰਸ਼ ਅਤੇ ਜ਼ਿੱਦ ਦਾ ਅਜਿਹਾ ਗੂੜ੍ਹਾ ਘੁੱਪ ਹਨੇਰਾ ਹੈ ਕਿ ਕੋਈ ਹੱਥ ਵੀ ਨਹੀਂ ਦੇਖ ਸਕਦਾ। ਪਰ ਸਾਰੀਆਂ ਮੁਸ਼ਕਲਾਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਇਹ ਲੋਕ ਸੰਘਰਸ਼ ਲਈ ਦੌੜਦੇ ਰਹੇ।



ਬਾਲੀਵੁੱਡ ਦੀ ਦੁਨੀਆ ਵਿੱਚ ਕੁਝ ਲੋਕ ਇਹ ਭੁੱਲ ਜਾਂਦੇ ਹਨ ਕਿ ਪ੍ਰਸਿੱਧੀ, ਚਮਕ, ਰੌਸ਼ਨੀ, ਸੁਰੱਖਿਆ ਗਾਰਡ, ਅੱਗੇ-ਪਿੱਛੇ ਚੱਲਦਾ ਮੀਡੀਆ ਹਮੇਸ਼ਾ ਲਈ ਨਹੀਂ ਰਹਿੰਦਾ। ਇੱਥੇ ਸਫਲਤਾ ਅਤੇ ਪ੍ਰਸਿੱਧੀ ਦੀ ਉਮਰ ਬਹੁਤ ਛੋਟੀ ਹੈ। ਅਮਿਤਾਭ ਬੱਚਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਤੋਂ ਬਾਅਦ ਕੋਈ ਅਜਿਹਾ ਅਭਿਨੇਤਾ ਨਹੀਂ ਹੈ ਜਿਸ ਨੇ ਫਿਲਮ ਇੰਡਸਟਰੀ 'ਤੇ ਲਗਾਤਾਰ ਰਾਜ ਕੀਤਾ ਹੋਵੇ। ਇੱਥੇ ਤਾਰੇ ਇੱਕ ਰਾਤ ਵਿੱਚ ਧਰਤੀ ਉੱਤੇ ਆ ਜਾਂਦੇ ਹਨ। ਜਦੋਂ ਪ੍ਰਸਿੱਧੀ ਇੱਥੇ ਥੋੜ੍ਹੇ ਸਮੇਂ ਲਈ ਹੁੰਦੀ ਹੈ ਤਾਂ ਕੁਝ ਲੋਕ ਇਸ ਨੂੰ ਦ੍ਰਿੜਤਾ ਨਾਲ ਸਵੀਕਾਰ ਕਰਦੇ ਹਨ ਅਤੇ ਕੁਝ ਇਸ ਦੇ ਯੋਗ ਨਹੀਂ ਹੁੰਦੇ।



ਇੱਥੋਂ ਦੇ ਲੋਕਾਂ ਦੇ ਖਰਚੇ ਇੰਨੇ ਜ਼ਿਆਦਾ ਹਨ ਕਿ ਕੋਈ ਨਾ ਚਾਹੁੰਦੇ ਹੋਏ ਵੀ ਇਨ੍ਹਾਂ ਤੋਂ ਬਚ ਨਹੀਂ ਸਕਦਾ। ਜੇਕਰ ਗਲੈਮਰ ਦੀ ਦੁਨੀਆਂ ਹੈ ਤਾਂ ਜ਼ਰੂਰੀ ਖਰਚੇ ਬਹੁਤ ਮਹਿੰਗੇ ਹਨ। ਮਹਿੰਗੀਆਂ ਗੱਡੀਆਂ, ਪਾਰਟੀਆਂ ਵਿੱਚ ਜਾਣ ਦੇ ਲਾਇਕ ਸਟੇਟਸ ਬਰਕਰਾਰ ਰੱਖਣਾ, ਪੀ.ਆਰ. ਟੀਮ, ਹਰ ਤਰ੍ਹਾਂ ਦਾ ਨਸ਼ਾ, ਇਹ ਖਰਚੇ ਵੱਖਰੇ ਹਨ, ਪਰ ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਸਾਂਭਣ ਲਈ ਲੱਖਾਂ ਰੁਪਏ ਲੱਗਦੇ ਹਨ।

ਇਸ ਸਮੇਂ ਦੌਰਾਨ ਅਜਿਹੇ ਕੰਮਾਂ 'ਤੇ ਪੈਸਾ ਖਰਚ ਕਰਨਾ ਸ਼ਾਮਲ ਹੈ ਜੋ ਇੱਥੇ ਲਿਖਣਾ ਵੀ ਉਚਿਤ ਨਹੀਂ ਹੈ। ਜਦੋਂ ਤੱਕ ਆਮਦਨ ਹੁੰਦੀ ਹੈ, ਖਰਚੇ ਹੁੰਦੇ ਰਹਿੰਦੇ ਹਨ, ਪਰ ਜਿਸ ਦਿਨ ਆਮਦਨ ਘੱਟ ਜਾਂਦੀ ਹੈ ਜਾਂ ਰੁਕ ਜਾਂਦੀ ਹੈ, ਉਦਾਸੀ ਘੇਰ ਲੈਂਦੀ ਹੈ। ਜ਼ਿਆਦਾ ਕਮਾਈ ਕਰਨ ਨਾਲੋਂ ਜ਼ਿਆਦਾ ਤਣਾਅ ਉਸ ਆਮਦਨ ਅਤੇ ਰੁਤਬੇ ਨੂੰ ਕਾਇਮ ਰੱਖਣ ਦਾ ਹੈ।

ਭਾਵ, ਸਥਿਰਤਾ ਇੱਕ ਵੱਡਾ ਦਬਾਅ ਹੈ। ਵੱਡੇ ਪ੍ਰੋਡਕਸ਼ਨ ਹਾਊਸ ਕੈਂਪਾਂ ਵਿੱਚ ਵੰਡੇ ਹੋਏ ਹਨ। ਨਾ ਰਿਸ਼ਤਾ ਵਿਗੜਿਆ ਤੇ ਨਾ ਹੀ ਕੰਮ ਰੁਕਿਆ। ਤੁਹਾਡੀ ਸਥਿਤੀ ਵਿੱਚ ਕੋਈ ਕਮੀ ਨਹੀਂ ਆਉਂਦੀ ਕਿ ਹਰ ਕੋਈ ਤੁਹਾਨੂੰ ਇੱਕਠੇ ਛੱਡ ਦਿੰਦਾ ਹੈ। ਲੋਕ ਇਕੱਲਤਾ ਵਿੱਚ ਘਿਰ ਜਾਂਦੇ ਹਨ। ਸ਼ੋਹਰਤ ਦੀ ਬੁਲੰਦੀ 'ਤੇ ਹੋਵੇ ਤਾਂ ਸਾਰਿਆਂ ਦਾ ਸਾਥ ਹੈ, ਨਹੀਂ ਤਾਂ ਕੋਈ ਮਰ ਵੀ ਜਾਵੇ ਤਾਂ ਤਿੰਨ ਦਿਨਾਂ ਬਾਅਦ ਪਤਾ ਲੱਗ ਜਾਂਦਾ ਹੈ।

ਇਸ ਤਰਾਂ ਚਮਕਦਾਰ ਫ਼ਿਲਮੀ ਦੁਨੀਆਂ ਦਾ ਦੂਜਾ ਪੱਖ ਕਾਫੀ ਹਨੇਰਾ ਹੈ।

# ਆਇਫ਼ਾ ਐਵਾਰਡ: 'ਦ੍ਰਿਸ਼ਯਮ 2' ਨੇ ਜਿੱਤਿਆ ਸਰਵੋਤਮ ਫ਼ਿਲਮ ਦਾ ਪੁਰਸਕਾਰ

## 'ਬ੍ਰਹਮਾਸਤਰ: ਪਾਰਟ ਵਨ' ਬਣੀ ਸਭ ਤੋਂ ਵੱਧ ਪੁਰਸਕਾਰ ਜਿੱਤਣ ਵਾਲੀ ਫ਼ਿਲਮ, ਫ਼ਿਲਮੀ ਸਿਤਾਰਿਆਂ ਨੇ ਯਾਸ ਟਾਪੂ 'ਤੇ ਲਾਈਆਂ ਰੌਣਕਾਂ




ਆਬੂ ਧਾਬੀ/ਏ.ਟੀ.ਨਿਊਜ਼ :ਆਬੂ ਧਾਬੀ ਵਿਖੇ ਆਬੂ ਧਾਬੀ ਦੇ ਸੱਭਿਆਚਾਰ ਤੇ ਸੈਰ-ਸਪਾਟਾ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਗਏ 'ਆਇਫਾ' ਪੁਰਸਕਾਰ ਸਮਾਰੋਹ ਵਿੱਚ ਅਜੈ ਦੇਵਗਨ ਦੀ ਫ਼ਿਲਮ 'ਦ੍ਰਿਸ਼ਯਮ 2' ਨੇ ਸਰਵੋਤਮ ਫ਼ਿਲਮ ਦਾ ਪੁਰਸਕਾਰ ਜਿੱਤਿਆ ਹੈ। ਜ਼ਿਕਰਯੋਗ ਹੈ ਕਿ ਇਹ ਇੱਕ ਮਲਿਆਲਮ ਫ਼ਿਲਮ ਦਾ ਹਿੰਦੀ ਰੂਪਾਂਤਰ ਹੈ। ਆਲੀਆ ਭੱਟ ਤੇ ਰਿਤਿਕ ਰੌਸ਼ਨ ਨੂੰ ਬਿਹਤਰੀਨ ਅਭਿਨੇਤਾ ਤੇ ਅਭਿਨੇਤਰੀ ਦੀ ਟਰਾਫੀ ਨਾਲ ਨਿਵਾਜਿਆ ਗਿਆ ਹੈ। ਇੱਥੇ ਯਾਸ ਟਾਪੂ 'ਤੇ ਸਥਿਤ ਇਤਿਹਾਦ ਐਰੀਨਾ ਵਿੱਚ ਹੋਏ ਸਮਾਰੋਹ ਦੌਰਾਨ ਰਿਤਿਕ ਨੂੰ ਸਰਵੋਤਮ ਅਦਾਕਾਰ ਦਾ ਪੁਰਸਕਾਰ ਉਸ ਦੀ 'ਵਿਕਰਮ ਵੇਧਾ' ਵਿਚਲੀ ਭੂਮਿਕਾ ਲਈ ਦਿੱਤਾ ਗਿਆ। ਰਣਬੀਰ ਕਪੂਰ ਤੇ ਆਲੀਆ ਭੱਟ ਦੀਆਂ ਮੁੱਖ ਭੂਮਿਕਾਵਾਂ ਵਾਲੀ ਫ਼ਿਲਮ 'ਬ੍ਰਹਮਾਸਤਰ: ਪਾਰਟ ਵਨ ਸ਼ਿਵਾ' ਨੂੰ ਸਭ ਤੋਂ ਵੱਧ ਪੁਰਸਕਾਰ ਮਿਲੇ ਹਨ। ਸ਼੍ਰੇਆ ਘੋਸ਼ਾਲ ਨੇ ਫ਼ਿਲਮ ਵਿੱਚ ਗਾਏ ਗੀਤ ਲਈ ਸਰਵੋਤਮ ਪਿੱਠਵਰਤੀ ਗਾਇਕਾ ਦਾ ਪੁਰਸਕਾਰ ਜਿੱਤਿਆ ਹੈ। ਜਦਕਿ ਇਸੇ ਫ਼ਿਲਮ ਦੇ ਗੀਤ ਲਈ ਅਰਿਜੀਤ ਸਿੰਘ ਨੂੰ ਵੀ ਸਰਵੋਤਮ ਗਾਇਕ (ਪੁਰਸ਼) ਦਾ ਪੁਰਸਕਾਰ ਮਿਲਿਆ ਹੈ। ਫ਼ਿਲਮ ਦੇ ਗੀਤਾਂ ਲਈ ਗੀਤਕਾਰ ਅਮਿਤਾਭ ਭੱਟਾਚਾਰੀਆ ਨੂੰ 'ਆਇਫਾ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ ਜਦਕਿ 'ਬ੍ਰਹਮਾਸਤਰ' ਲਈ ਹੀ ਮੌਨੀ ਰੌਏ ਨੂੰ ਬਿਹਤਰੀਨ ਸਹਾਇਕ ਅਭਿਨੇਤਰੀ ਦਾ ਖ਼ਿਤਾਬ ਮਿਲਿਆ ਹੈ। ਫ਼ਿਲਮ 'ਜੁੱਗ ਜੁੱਗ ਜੀਓ' ਲਈ ਅਨਿਲ ਕਪੂਰ ਨੂੰ ਬਿਹਤਰੀਨ ਸਹਾਇਕ ਅਦਾਕਾਰ ਦਾ ਪੁਰਸਕਾਰ ਦਿੱਤਾ ਗਿਆ ਹੈ। ਅਦਾਕਾਰ ਆਰ. ਮਾਧਵਨ ਨੂੰ ਉਸ ਦੀ ਪਲੇਠੀ ਫ਼ਿਲਮ (ਨਿਰਦੇਸ਼ਕ ਵਜੋਂ) 'ਰਾਕੇਟਰੀ: ਦਿ ਨਾਂਬੀ ਇਫੈਕਟ' ਲਈ ਸਰਵੋਤਮ ਨਿਰਦੇਸ਼ਕ ਦੇ 'ਆਇਫਾ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਪਰਵੇਜ਼ ਸ਼ੇਖ਼ ਤੇ ਜਸਮੀਤ ਰੀਨ ਨੂੰ ਸਰਵੋਤਮ ਅਸਲ ਕਹਾਣੀ ਲਈ 'ਆਇਫਾ' ਨਾਲ ਸਨਮਾਨਿਤ ਕੀਤਾ ਗਿਆ ਹੈ। ਮਰਹੂਮ ਅਦਾਕਾਰ ਇਰਫਾਨ ਖਾਨ ਦੇ ਪੁੱਤਰ ਬਾਬਿਲ ਖਾਨ ਨੂੰ ਉਸ ਦੀ ਪਹਿਲੀ ਫ਼ਿਲਮ 'ਕਲਾ' ਲਈ 'ਬੈਸਟ ਡੈਬਿਊ' (ਪੁਰਸ਼) ਦਾ ਪੁਰਸਕਾਰ ਦਿੱਤਾ ਗਿਆ ਹੈ।



ਅਭਿਨੇਤਰੀ ਖ਼ੁਸ਼ਾਲੀ ਕੁਮਾਰ ਨੂੰ ਪਹਿਲੀ ਫ਼ਿਲਮ 'ਧੋਖਾ ਅਰਾਊਂਡ ਦਿ ਕਾਰਨਰ' ਲਈ 'ਬੈਸਟ ਡੈਬਿਊ' ਦਾ ਪੁਰਸਕਾਰ ਮਿਲਿਆ ਹੈ। ਸੰਗੀਤ ਜਗਤ ਦੇ ਮਹਾਰਥੀ ਏ.ਆਰ. ਰਹਿਮਾਨ ਨੇ ਇਸ ਮੌਕੇ ਫ਼ਿਲਮ ਜਗਤ ਦੀ ਉੱਘੀ ਹਸਤੀ ਕਮਲ ਹਾਸਨ ਨੂੰ ਭਾਰਤੀ ਸਿਨੇਮਾ ਵਿੱਚ ਕੀਤੀਆਂ ਕਈ 'ਬਿਹਤਰੀਨ ਉਪਲਬਧੀਆਂ' ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।





ਇਸ ਸਮਾਰੋਹ ਵਿੱਚ ਸਲਮਾਨ ਖਾਨ, ਵਰੁਣ ਧਵਨ, ਕ੍ਰਿਤੀ ਸਨਨ, ਜੈਕੁਲਿਨ ਫਰਨਾਂਡੇਜ਼, ਨੋਰਾ ਫਤੇਹੀ ਤੇ ਰਕੁਲ ਪ੍ਰੀਤ ਸਿੰਘ ਨੇ ਵੀ ਪੇਸ਼ਕਾਰੀਆਂ ਦਿੱਤੀਆਂ।

# ਮਹਿਲਾ ਪਹਿਲਵਾਨਾਂ ਦੇ ਰਿਸਦੇ ਜ਼ਖ਼ਮ

## ਕਦੋਂ ਤਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਰਹਿਣਗੀਆਂ ਖਿਡਾਰਨਾਂ ?





ਭਾਰਤ ਲਈ ਤਗਮੇ ਜਿੱਤਣ ਵਾਲੀਆਂ ਅਤੇ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖ਼ਿਲਾਫ਼ ਜੰਤਰ-ਮੰਤਰ 'ਤੇ ਇਕ ਮਹੀਨੇ ਤੋਂ ਵੱਧ ਸਮੇਂ ਤੱਕ ਧਰਨਾ ਦੇ ਚੁੱਕੀਆਂ ਮਹਿਲਾ ਪਹਿਲਵਾਨਾਂ ਦੇ ਜ਼ਖ਼ਮ ਅਜੇ ਤਕ ਰਿਸ ਰਹੇ ਹਨ। ਇਹ ਜ਼ਖ਼ਮ ਉਹਨਾਂ ਦੇ ਸਰੀਰਾਂ 'ਤੇ ਨਹੀਂ ਪਏ ਬਲਕਿ ਰੂਹ 'ਤੇ ਪਏ ਹਨ। ਇਹਨਾਂ ਮਹਿਲਾ ਪਹਿਲਵਾਨਾਂ ਦਾ ਕਹਿਣਾ ਹੈ ਕਿ ਜਿਸ ਦੇਸ਼ ਲਈ ਤਗਮੇ ਜਿੱਤਣ ਲਈ ਉਹਨਾਂ ਆਪਣੀ ਜ਼ਿੰਦਗੀ ਦਾਅ 'ਤੇ ਲਗਾ ਦਿੱਤੀ, ਉਸੇ ਦੇਸ਼ 'ਚ ਉਹਨਾਂ ਨੂੰ ਇਨਸਾਫ਼ ਦੇਣ ਦੀ ਥਾਂ ਧੱਕੇ ਮਾਰੇ ਜਾ ਰਹੇ ਹਨ। ਇਹਨਾਂ ਮਹਿਲਾ ਪਹਿਲਵਾਨਾਂ ਦਾ ਕਹਿਣਾ ਹੈ ਕਿ ਭਾਰਤ 'ਚ ਇਕ ਪਾਸੇ ਕੇਂਦਰ ਸਰਕਾਰ ਵੱਲੋਂ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦਿੱਤਾ ਜਾ ਰਿਹਾ ਹੈ, ਦੂਜੇ ਪਾਸੇ ਮਹਿਲਾ ਪਹਿਲਵਾਨਾਂ ਨੂੰ ਇਨਸਾਫ਼ ਦੇਣ ਦੀ ਥਾਂ ਉਹਨਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਇਹਨਾਂ ਮਹਿਲਾ ਪਹਿਲਵਾਨਾਂ ਵੱਲੋਂ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਲਗਾਏ ਗਏ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਰਤ 'ਚ ਆਖਰ ਕਦੋਂ ਤਕ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਖਿਡਾਰਨਾਂ ਹੁੰਦੀਆਂ ਰਹਿਣਗੀਆਂ।

ਜ਼ਿਕਰਯੋਗ ਹੈ ਕਿ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖ਼ਿਲਾਫ਼ ਜੰਤਰ-ਮੰਤਰ 'ਤੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਧਰਨੇ 'ਤੇ ਬੈਠੇ ਪਹਿਲਵਾਨਾਂ ਨੂੰ ਐਤਵਾਰ ਨੂੰ ਉਥੋਂ ਹਟਾ ਦਿੱਤਾ ਗਿਆ।

ਐਤਵਾਰ ਸਵੇਰੇ ਕਰੀਬ 11 ਵਜੇ ਜਦੋਂ ਪਹਿਲਵਾਨ ਸੰਸਦ ਵੱਲ ਵਧਣ ਲੱਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਜੰਤਰ-ਮੰਤਰ 'ਤੇ ਬੈਰੀਕੇਡ ਲਗਾ ਕੇ ਰੋਕ ਲਿਆ। ਪਹਿਲਵਾਨਾਂ ਅਤੇ ਪੁਲਿਸ ਵਿਚਾਲੇ ਜ਼ਬਰਦਸਤ ਹੱਥੋ-ਪਾਈ ਹੋਈ। ਪਹਿਲਵਾਨ ਬੈਰੀਕੇਡ ਤੋੜ ਕੇ ਕੇਰਲ ਭਵਨ ਦੇ ਰਸਤੇ ਸੰਸਦ ਭਵਨ ਵੱਲ ਵਧਣ ਲੱਗੇ।

ਇਸ ਤੋਂ ਬਾਅਦ ਪੁਲਿਸ ਨੇ ਸਾਰੇ ਪਹਿਲਵਾਨਾਂ ਨੂੰ ਫੜ ਕੇ ਹਿਰਾਸਤ 'ਚ ਲੈ ਲਿਆ। ਝੜਪ ਦੌਰਾਨ ਫੋਗਾਟ ਭੈਣਾਂ ਬੈਰੀਕੇਡ ਕੋਲ ਸੜਕ 'ਤੇ ਡਿੱਗ ਗਈਆਂ। ਉਸ ਦੇ ਹੱਥਾਂ ਵਿੱਚ ਤਿਰੰਗਾ ਸੀ। ਪੁਲਿਸ ਨੇ ਉਨ੍ਹਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ। ਹਿਰਾਸਤ ਵਿੱਚ ਲੈਣ ਤੋਂ ਬਾਅਦ ਪੁਲਿਸ ਨੇ ਜੰਤਰ-ਮੰਤਰ ਵਿਖੇ ਪਹਿਲਵਾਨਾਂ ਦੇ ਸਾਰੇ ਟੈਂਟ ਉਖਾੜ ਦਿੱਤੇ। ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੇ ਧਰਨੇ ਵਾਲੀ ਥਾਂ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ ਗਿਆ ਹੈ। ਸਾਰੇ ਪਹਿਲਵਾਨਾਂ ਅਤੇ ਹੋਰਾਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਪਥਰਾਅ ਵਾਲੀ ਥਾਂ 'ਤੇ ਕੋਈ ਨਹੀਂ ਸੀ, ਜਿਸ ਦੌਰਾਨ ਦਿੱਲੀ ਪੁਲਿਸ ਦੇ ਮੁਲਾਜ਼ਮਾਂ ਨੇ ਟੈਂਟ, ਪੰਡਾਲ, ਗੱਦੇ, ਕੂਲਰ ਅਤੇ ਸਾਰੇ ਪ੍ਰਬੰਧ ਇੱਥੋਂ ਹਟਾ ਦਿੱਤੇ। ਇਸ ਦੇ ਨਾਲ ਹੀ ਇਸ ਥਾਂ 'ਤੇ ਰੱਖੇ ਸਾਮਾਨ ਨੂੰ ਵੀ ਕਿਸੇ ਹੋਰ ਥਾਂ 'ਤੇ ਭੇਜ ਦਿੱਤਾ ਗਿਆ। ਪੁਲਿਸ ਦੀ ਇਸ ਕਾਰਵਾਈ 'ਤੇ ਸਵਾਲ ਉੱਠ ਰਹੇ ਹਨ। ਸਾਕਸ਼ੀ ਮਲਿਕ ਨੇ ਟਵਿੱਟਰ 'ਤੇ ਲਿਖਿਆ ਹੈ ਕਿ ਕੀ ਕੋਈ ਵੀ ਸਰਕਾਰ ਆਪਣੇ ਦੇਸ਼ ਦੇ ਚੈਂਪੀਅਨਾਂ ਨਾਲ ਅਜਿਹਾ ਵਿਵਹਾਰ ਕਰਦੀ ਹੈ। ਅਸੀਂ ਕਿਹੜਾ ਗੁਨਾਹ ਕੀਤਾ ਹੈ ? ਜਦੋਂ ਇਹ ਕਾਰਵਾਈ ਜੰਤਰ-ਮੰਤਰ ਵਿਖੇ ਚੱਲ ਰਹੀ ਸੀ, ਉਦੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਥੋਂ ਕਰੀਬ ਡੇਢ ਕਿਲੋਮੀਟਰ ਦੂਰ ਨਵੇਂ ਬਣੇ ਸੰਸਦ ਭਵਨ ਦਾ ਉਦਘਾਟਨ ਕਰ ਰਹੇ ਸਨ।

ਅੰਦੋਲਨਕਾਰੀ ਪਹਿਲਵਾਨ ਪਿਛਲੇ 36 ਦਿਨਾਂ ਤੋਂ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ (ਡਬਲਯੂਐੱਫਆਈ) ਦੇ ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਵਿਰੁੱਧ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਸਨ। ਹਿਰਾਸਤ ਵਿੱਚ ਲਏ ਪਹਿਲਵਾਨਾਂ ਨੂੰ ਵੱਖ-ਵੱਖ ਥਾਂਵਾਂ 'ਤੇ ਰੱਖਿਆ ਗਿਆ ਹੈ।

## ਪਹਿਲਵਾਨਾਂ ਦੇ ਧਰਨੇ ਦਾ ਘਟਨਾਕ੍ਰਮ



-18 ਜਨਵਰੀ 2023 ਨੂੰ, ਬਜਰੰਗ ਪੁਨੀਆ ਨੇ ਪਹਿਲਵਾਨ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਦੇ ਨਾਲ ਜੰਤਰ-ਮੰਤਰ 'ਤੇ ਧਰਨਾ ਸ਼ੁਰੂ ਕੀਤਾ। ਇਲਜ਼ਾਮ ਹੈ ਕਿ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕਈ ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕੀਤਾ ਹੈ।

-21 ਜਨਵਰੀ ਨੂੰ ਵਿਵਾਦ ਵਧਣ ਤੋਂ ਬਾਅਦ ਪਹਿਲਵਾਨਾਂ ਨੇ ਖੇਡ ਮੰਤਰੀ ਅਨੁਰਾਗ ਠਾਕੁਰ ਨਾਲ ਮੁਲਾਕਾਤ ਕੀਤੀ ਅਤੇ ਹੜਤਾਲ ਖਤਮ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਜਾਵੇਗਾ ਅਤੇ ਇਸ ਦੀ ਜਾਂਚ ਰਿਪੋਰਟ ਚਾਰ ਹਫ਼ਤਿਆਂ ਵਿੱਚ ਆ ਜਾਵੇਗੀ।

-23 ਅਪ੍ਰੈਲ ਨੂੰ ਪਹਿਲਵਾਨ ਮੁੜ ਧਰਨਾ ਦੇਣ ਜੰਤਰ-ਮੰਤਰ ਪਹੁੰਚੇ। ਉਨ੍ਹਾਂ ਕਿਹਾ ਕਿ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਤੱਕ ਹੜਤਾਲ ਜਾਰੀ ਰਹੇਗੀ।-

-ਪਹਿਲਵਾਨਾਂ ਵੱਲੋਂ 28 ਅਪ੍ਰੈਲ ਨੂੰ ਸੁਪਰੀਮ ਕੋਰਟ ਵਿੱਚ ਵੀ ਅਪੀਲ ਕੀਤੀ ਗਈ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਦਿੱਲੀ ਪੁਲਿਸ ਨੇ ਬ੍ਰਿਜ ਭੂਸ਼ਣ ਖ਼ਿਲਾਫ਼ ਦੋ ਐੱਫ.ਆਈ.ਆਰ. ਇੱਕ ਐਫਆਈਆਰ ਨਾਬਾਲਗ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਿਤ ਹੈ ਅਤੇ ਦੂਜੀ ਬਾਲਗ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਿਤ ਹੈ।

-3 ਮਈ ਦੀ ਰਾਤ ਨੂੰ ਪਹਿਲਵਾਨਾਂ ਅਤੇ ਪੁਲਿਸ ਵਾਲਿਆਂ ਵਿਚਕਾਰ ਝੜਪ ਹੋ ਗਈ। ਇਸ ਝੜਪ ਵਿੱਚ ਪਹਿਲਵਾਨ ਰਾਕੇਸ਼ ਯਾਦਵ ਅਤੇ ਵਿਨੇਸ਼ ਫੋਗਾਟ ਦਾ ਭਰਾ ਦੁਸ਼ਯੰਤ ਜ਼ਖ਼ਮੀ ਹੋ ਗਿਆ।

-ਖਾਪਾਂ ਦੀ ਮਹਾ ਪੰਚਾਇਤ 7 ਮਈ ਨੂੰ ਜੰਤਰ-ਮੰਤਰ ਵਿਖੇ ਹੋਈ। ਇਸ ਮਹਾ ਪੰਚਾਇਤ ਵਿੱਚ ਸਰਕਾਰ ਨੂੰ ਬ੍ਰਿਜਭੂਸ਼ਣ ਨੂੰ ਗ੍ਰਿਫ਼ਤਾਰ ਕਰਨ ਲਈ 15 ਦਿਨਾਂ ਦਾ ਅਲਟੀਮੇਟਮ ਦਿੱਤਾ ਗਿਆ ਸੀ।

-21 ਮਈ ਨੂੰ ਦੁਬਾਰਾ ਮਹਾ ਪੰਚਾਇਤ ਹੋਈ, ਜਿਸ ਵਿਚ ਕਈ ਫੈਸਲੇ ਲਏ ਗਏ।

-22 ਮਈ ਨੂੰ ਪਹਿਲਵਾਨਾਂ ਨੇ ਬ੍ਰਿਜ ਭੂਸ਼ਣ ਦਾ ਨਾਰਕੋ ਟੈਸਟ ਕਰਵਾਉਣ ਦੀ ਚੁਣੌਤੀ ਸਵੀਕਾਰ ਕਰ ਲਈ ਸੀ। ਨਾਲ ਹੀ ਕਿਹਾ ਕਿ ਮੁਕੱਦਮੇ ਦੀ ਪ੍ਰਕਿਰਿਆ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਣੀ ਚਾਹੀਦੀ ਹੈ ਅਤੇ ਪੂਰੇ ਦਾ ਸਿੱਧਾ ਪ੍ਰਸਾਰਣ ਹੋਣਾ ਚਾਹੀਦਾ ਹੈ।

-23 ਮਈ ਦੀ ਸ਼ਾਮ ਨੂੰ ਇੰਡੀਆ ਗੇਟ 'ਤੇ ਪਹਿਲਵਾਨਾਂ ਨੇ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਮੋਮਬੱਤੀ ਮਾਰਚ ਕੱਢਿਆ ਅਤੇ ਬ੍ਰਿਜਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਕੀਤੀ।

-ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ 25 ਮਈ ਨੂੰ ਜੀਂਦ ਦੇ ਖਟਕੜ ਟੋਲ 'ਤੇ ਆਯੋਜਿਤ ਮਹਾ ਪੰਚਾਇਤ 'ਚ ਪਹੁੰਚੇ ਸਨ। ਜਿੱਥੇ ਉਨ੍ਹਾਂ ਨੇ ਲੋਕਾਂ ਨੂੰ 28 ਮਈ ਨੂੰ ਦਿੱਲੀ ਦੇ ਨਵੇਂ ਸੰਸਦ ਭਵਨ ਦੇ ਸਾਹਮਣੇ ਹੋਣ ਵਾਲੀ ਮਹਿਲਾ ਮਹਾ ਪੰਚਾਇਤ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

-26 ਮਈ ਨੂੰ ਪਹਿਲਵਾਨਾਂ ਨੇ ਕਿਹਾ ਕਿ 28 ਮਈ ਨੂੰ ਧਰਨੇ ਵਾਲੀ ਥਾਂ ਤੋਂ ਨਵੇਂ ਸੰਸਦ ਭਵਨ ਤੱਕ ਰੋਸ ਮਾਰਚ ਕਰਾਂਗੇ। ਇਸ ਦੌਰਾਨ ਜਿੱਥੇ ਵੀ ਦਿੱਲੀ ਪੁਲਿਸ ਉਨ੍ਹਾਂ ਨੂੰ ਰੋਕੇਗੀ, ਉਹ ਉੱਥੇ ਮਹਾ ਪੰਚਾਇਤ ਕਰਨਗੇ।

-27 ਮਈ ਨੂੰ, ਦਿੱਲੀ ਪੁਲਿਸ ਨੇ ਬ੍ਰਿਜ ਭੂਸ਼ਣ ਖ਼ਿਲਾਫ਼ ਚੱਲ ਰਹੀ ਜਾਂਚ 'ਤੇ ਰੋਜ ਐਵੇਨਿਊ ਕੋਰਟ 'ਚ ਸਟੇਟਸ ਰਿਪੋਰਟ ਦਾਇਰ ਕੀਤੀ ਸੀ। ਪੁਲੀਸ ਨੇ ਦੱਸਿਆ ਕਿ ਪਹਿਲਵਾਨਾਂ ਦੇ ਬਿਆਨ 164 ਤਹਿਤ ਦਰਜ ਕਰ ਲਏ ਗਏ ਹਨ।

-28 ਮਈ ਨੂੰ ਦਿੱਲੀ ਪੁਲਿਸ ਵੱਲੋਂ ਮਹਿਲਾ ਪਹਿਲਵਾਨਾਂ ਦੇ ਧਰਨੇ ਨੂੰ ਜਬਰਦਸਤੀ ਚੁਕਵਾ ਦਿੱਤਾ ਗਿਆ।

-ਇਸ ਉਪਰੰਤ ਸਾਕਸ਼ੀ ਮਲਿਕ ਨੇ ਟਵੀਟ ਕੀਤਾ ਕਿ ਉਨ੍ਹਾਂ ਦਾ ਅੰਦੋਲਨ ਖਤਮ ਨਹੀਂ ਹੋਇਆ ਹੈ।ਇਨਸਾਫ ਮਿਲਣ ਤੱਕ ਉਹ ਸੱਤਿਆਗ੍ਰਹਿ ਜਾਰੀ ਰੱਖਣਗੇ ।

## ਆਈ.ਪੀ.ਐਲ.2023: ਚੇਨਈ 5ਵੀਂ ਵਾਰ ਬਣਿਆ ਚੈਂਪੀਅਨ, ਰੋਮਾਂਚਕ ਮੁਕਾਬਲੇ 'ਚ ਗੁਜਰਾਤ ਨੂੰ ਹਰਾਇਆ




ਅਹਿਮਦਾਬਾਦ/ਏ.ਟੀ.ਨਿਊਜ਼ : ਚੇਨਈ ਸੁਪਰ ਕਿੰਗਜ਼ ਨੇ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਖੇਡੇ ਗਏ ਰੋਮਾਂਚਕ ਫਾਈਨਲ ਵਿੱਚ ਗੁਜਰਾਤ ਟਾਈਟਨਸ ਨੂੰ 5 ਵਿਕਟਾਂ ਨਾਲ ਹਰਾ ਕੇ 5ਵੀਂ ਵਾਰ ਆਈ. ਪੀ. ਐੱਲ. ਦਾ ਖਿਤਾਬ ਜਿੱਤਿਆ। ਚੇਨਈ ਨੂੰ ਆਖਰੀ 2 ਗੇਂਦਾਂ 'ਤੇ 10 ਦੌੜਾਂ ਦੀ ਲੋੜ ਸੀ। ਰਵਿੰਦਰ ਜਡੇਜਾ ਨੇ 5ਵੀਂ ਗੇਂਦ 'ਤੇ ਛੱਕਾ ਅਤੇ ਆਖਰੀ ਗੇਂਦ 'ਤੇ ਚੌਕਾ ਲਗਾ ਕੇ ਚੇਨਈ ਨੂੰ ਚੈਂਪੀਅਨ ਬਣਾਇਆ। ਇਸ ਦੇ ਨਾਲ ਹੀ ਕਪਤਾਨ ਮਹਿੰਦਰ ਸਿੰਘ ਧੋਨੀ ਨੇ ਸਭ ਤੋਂ ਵੱਧ ਆਈ. ਪੀ. ਐੱਲ. ਖਿਤਾਬ ਜਿੱਤਣ ਦੇ ਮਾਮਲੇ 'ਚ ਰੋਹਿਤ ਦੀ ਬਰਾਬਰੀ ਕੀਤੀ।

ਰੋਹਿਤ ਨੇ ਆਪਣੀ ਕਪਤਾਨੀ 'ਚ 5 ਵਾਰ ਮੁੰਬਈ ਨੂੰ ਜੇਤੂ ਬਣਾਇਆ ਹੈ। ਹੁਣ ਧੋਨੀ ਵੀ ਚੇਨਈ ਨੂੰ 5 ਵਾਰ ਚੈਂਪੀਅਨ ਬਣਾ ਚੁੱਕੇ ਹਨ। ਚੇਨਈ ਨੇ ਇਸ ਤੋਂ ਪਹਿਲਾਂ 2010, 2011, 2018 ਅਤੇ 2021 'ਚ ਖਿਤਾਬ ਜਿੱਤਿਆ ਸੀ। ਇਸ ਤੋਂ ਪਹਿਲਾਂ ਬੀ ਸਾਈ ਸੁਦਰਸ਼ਨ ਦੀਆਂ 47 ਗੇਂਦਾਂ ਵਿੱਚ 96 ਦੌੜਾਂ ਦੀ ਮਦਦ ਨਾਲ ਮੌਜੂਦਾ ਚੈਂਪੀਅਨ ਗੁਜਰਾਤ ਟਾਈਟਨਸ ਨੇ 215 ਦੌੜਾਂ ਦਾ ਟੀਚਾ ਰੱਖਿਆ। ਪਹਿਲੀ ਪਾਰੀ 9:20 ਵਜੇ ਸਮਾਪਤ ਹੋਣ ਤੋਂ ਬਾਅਦ ਦੂਜੀ ਪਾਰੀ ਅੱਧਾ ਘੰਟਾ ਦੇਰੀ ਨਾਲ ਸ਼ੁਰੂ ਹੋਈ। ਕਲਾਕਾਰ ਵਿਵੀਅਨ ਡਿਵਾਈਨ ਨੇ ਇਸ ਦੌਰਾਨ 10 ਮਿੰਟ ਤੱਕ ਪ੍ਰਦਰਸ਼ਨ ਕੀਤਾ।

ਇਸ ਕਾਰਨ ਦੂਜੀ ਪਾਰੀ 9:55 'ਤੇ 20 ਮਿੰਟ ਦੀ ਦੇਰੀ ਨਾਲ ਸ਼ੁਰੂ ਹੋਈ ਪਰ 3 ਗੇਂਦਾਂ ਬਾਅਦ ਹੀ ਮੀਂਹ ਆ ਗਿਆ। 15 ਮਿੰਟ ਹੀ ਮੀਂਹ ਪਿਆ ਪਰ ਮੈਦਾਨ ਗਿੱਲਾ ਹੋਣ ਕਾਰਨ ਦੂਜੀ ਪਾਰੀ 12:10 ਵਜੇ ਸ਼ੁਰੂ ਹੋਈ। ਮੀਂਹ ਕਾਰਨ 2 ਘੰਟੇ ਤੱਕ ਖੇਡ ਨੂੰ ਰੋਕ ਦਿੱਤਾ ਗਿਆ, ਜਿਸ ਕਾਰਨ ਚੇਨਈ ਨੂੰ 15 ਓਵਰਾਂ ਵਿੱਚ 171 ਦੌੜਾਂ ਦਾ ਟੀਚਾ ਮਿਲਿਆ। ਰੁਤੂਰਾਜ ਗਾਇਕਵਾੜ 26 ਅਤੇ ਡੇਵੋਨ ਕਾਨਵੇ 47 ਦੌੜਾਂ ਬਣਾ ਕੇ ਆਊਟ ਹੋ ਗਏ। ਦੋਵਾਂ ਨੂੰ ਨੂਰ ਅਹਿਮਦ ਨੇ ਕੈਚ ਆਊਟ ਕਰਵਾਇਆ। ਦੋਵਾਂ ਨੇ ਪਹਿਲੀ ਵਿਕਟ ਲਈ 6.3 ਓਵਰਾਂ ਵਿਚ 74 ਦੌੜਾਂ ਦੀ ਸਾਂਝੇਦਾਰੀ ਕੀਤੀ। ਅਜਿੰਕਿਆ ਰਹਾਨੇ ਨੂੰ ਮੋਹਿਤ ਸ਼ਰਮਾ ਨੇ 13 ਗੇਂਦਾਂ 'ਤੇ 27 ਦੌੜਾਂ ਬਣਾ ਕੇ ਆਊਟ ਕੀਤਾ। ਨੂਰ ਅਹਿਮਦ ਨੇ 3 ਓਵਰਾਂ 'ਚ 17 ਦੌੜਾਂ ਦੇ ਕੇ 2, ਜਦਕਿ ਮੋਹਿਤ ਸ਼ਰਮਾ ਨੇ 3 ਓਵਰਾਂ 'ਚ 36 ਦੌੜਾਂ ਦੇ ਕੇ 3 ਵਿਕਟਾਂ ਲਈਆਂ।

ਇਸ ਤੋਂ ਪਹਿਲਾਂ ਗੁਜਰਾਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 4 ਵਿਕਟਾਂ 'ਤੇ 214 ਦੌੜਾਂ ਬਣਾਈਆਂ। ਦੂਜੇ ਹੀ ਓਵਰ 'ਚ ਗਿੱਲ ਨੇ ਤੁਸ਼ਾਰ ਦੇਸ਼ਪਾਂਡੇ ਦੀ ਗੇਂਦ 'ਤੇ ਲੈੱਗ ਸਾਈਡ 'ਤੇ ਸ਼ਾਟ ਖੇਡਿਆ ਪਰ ਸ਼ਾਟ ਫਾਈਨ ਲੈੱਗ 'ਤੇ ਖੜ੍ਹੇ ਦੀਪਕ ਚਾਹਰ ਨੇ ਕੈਚ ਛੱਡ ਦਿੱਤਾ। ਗਿੱਲ, ਹਾਲਾਂ ਕਿ ਮੁੰਬਈ ਇੰਡੀਅਨਜ਼ ਦੇ ਖ਼ਿਲਾਫ਼ ਦੂਜੇ ਕੁਆਲੀਫਾਇਰ ਵਿੱਚ ਕੀਤੇ ਪ੍ਰਦਰਸ਼ਨ ਨੂੰ ਦੁਹਰਾਅ ਨਹੀਂ ਸਕਿਆ। ਦੂਜੇ ਪਾਸੇ ਤੋਂ ਸਾਹਾ ਨੇ ਤੀਜੇ ਓਵਰ 'ਚ 16 ਦੌੜਾਂ ਬਣਾ ਕੇ ਚੇਨਈ 'ਤੇ ਦਬਾਅ ਬਣਾਇਆ। ਇਸ ਤੋਂ ਬਾਅਦ ਗਿੱਲ ਨੇ ਦੇਸ਼ਪਾਂਡੇ ਨੂੰ ਲਗਾਤਾਰ 3 ਚੌਕੇ ਜੜੇ, ਜਦਕਿ ਸਾਹਾ ਦਾ ਰਿਟਰਨ ਕੈਚ ਚਾਹਰ ਨੇ ਛੱਡਿਆ। ਪਾਵਰ ਪਲੇਅ ਤੋਂ ਬਾਅਦ ਗੁਜਰਾਤ ਦਾ ਸਕੋਰ ਬਿਨਾਂ ਕਿਸੇ ਨੁਕਸਾਨ ਦੇ 62 ਦੌੜਾਂ ਸੀ। 7ਵੇਂ ਓਵਰ 'ਚ ਮਹਿੰਦਰ ਸਿੰਘ ਧੋਨੀ ਨੇ ਸ਼ਾਨਦਾਰ ਸਟੰਪਿੰਗ ਦੀ ਮਿਸਾਲ ਪੇਸ਼ ਕਰਦੇ (**ਬਾਕੀ ਸਫ਼ਾ 30 'ਤੇ**)

## ਸਿਆਸੀ ਜੰਗ ’ਚ ਉਲਝਿਆ

ਪਾਰਟੀਆਂ ਸ਼ਾਮਲ ਹਨ। ਇਹ ਮੰਦਭਾਗਾ ਰਿਹਾ ਕਿ ਜਦੋਂ ਸਾਰੀਆਂ ਪਾਰਟੀਆਂ ਨੂੰ ਇਸ ਅਨੋਖੇ ਮੌਕੇ ਦਾ ਗਵਾਹ ਬਣਨਾ ਚਾਹੀਦਾ ਸੀ, ਉਦੋਂ ਕਈ ਵਿਰੋਧੀ ਪਾਰਟੀਆਂ ਨੇ ਨਕਾਰਾਤਮਕਤਾ ਦਾ ਸਬੂਤ ਦਿੰਦਿਆਂ ਸੰਸਦ ਦੇ ਨਵੇਂ ਭਵਨ ਦੇ ਉਦਘਾਟਨ ਸਮਾਰੋਹ ਦਾ ਬਾਈਕਾਟ ਕਰਨਾ ਜਾਇਜ਼ ਸਮਝਿਆ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਜੋ ਵਿਰੋਧੀ ਪਾਰਟੀਆਂ ਅੰਗਰੇਜ਼ਾਂ ਦੇ ਬਣਾਏ ਸੰਸਦ ਭਵਨ ’ਚ ਬੈਠਣ ਨੂੰ ਤਿਆਰ ਸਨ, ਉਹ ਆਜ਼ਾਦ ਭਾਰਤ ’ਚ ਬਣਾਈ ਗਈ ਸੰਸਦ ਦੇ ਉਦਘਾਟਨ ’ਚ ਸ਼ਾਮਲ ਹੋਣ ਨੂੰ ਤਿਆਰ ਨਹੀਂ ਹੋਈਆਂ। ਇਸ ਤਰਾਂ ਨਵੇਂ ਸੰਸਦ ਭਵਨ ਦਾ ਉਦਘਾਟਨ ਸਮਾਗਮ ਪੂਰੀ ਤਰਾਂ ਸਿਆਸਤ ਦੀ ਭੇਂਟ ਚੜ੍ਹ ਗਿਆ।

## ਨਵੀਂ ਸੰਸਦੀ ਇਮਾਰਤ ਦੇਸ਼ ਦੀ ਵਿਕਾਸ

ਇਸ ਮੌਕੇ ਯਾਦਗਾਰੀ ਡਾਕ ਟਿਕਟ ਤੇ 75 ਰੁਪਏ ਦਾ ਯਾਦਗਾਰੀ ਸਿੱਕਾ ਵੀ ਜਾਰੀ ਕੀਤਾ। ਇਸ ਤੋਂ ਪਹਿਲਾਂ ਮੰਤਰਾਂ ਦੇ ਉਚਾਰਨ ਦਰਮਿਆਨ ਹੇਠਲੇ ਸਦਨ ਵਿੱਚ ਸੇਂਗੋਲ ਸਥਾਪਿਤ ਕਰਨ ਦੀ ਰਸਮ ਮੌਕੇ ਕੇਂਦਰੀ ਮੰਤਰੀ ਰਾਜਨਾਥ ਸਿੰਘ, ਐਸ.ਜੈ ਸ਼ੰਕਰ, ਅਸ਼ਵਨੀ ਵੈਸ਼ਨਵ, ਮਨਸੁਖ ਮਾਂਡਵੀਆ ਤੇ ਜੀਤੇਂਦਰ ਸਿੰਘ, ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਅਸਾਮ ਦੇ ਉਨ੍ਹਾਂ ਦੇ ਹਮਰੁਤਬਾ ਹਿਮੰਤ ਬਿਸਵਾ ਸ਼ਰਮਾ ਤੇ ਭਾਜਪਾ ਪ੍ਰਧਾਨ ਜੇ.ਪੀ.ਨੱਢਾ ਸਣੇ ਹੋਰ ਆਗੂ ਮੌਜੂਦ ਸਨ।

**ਸਖ਼ਤ ਸੁਰੱਖਿਆ ਪ੍ਰਬੰਧ** :ਨਵੀਂ ਇਮਾਰਤ ਦੀ ਸੁਰੱਖਿਆ ਨੂੰ ਕਿਲ੍ਹੇ ਵਿੱਚ ਤਬਦੀਲ ਕਰਨ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਇਸ ਵਿੱਚ ਸੀਸੀਟੀਵੀ ਕੈਮਰਿਆਂ ਤੋਂ ਲੈ ਕੇ ਥਰਮਲ ਇਮੇਜਿੰਗ ਸਿਸਟਮ ਤੱਕ ਸਭ ਕੁਝ ਹੈ। ਇਸ ਦੇ ਨਾਲ ਹੀ ਇਹ ਸਾਈਬਰ ਸਿਸਟਮ ਨਾਲ ਲੈਸ ਹੈ। ਹੈਕਰ ਇਸ ਨੂੰ ਤੋੜਨ ਦੇ ਯੋਗ ਨਹੀਂ ਹੋਣਗੇ।

ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਨਵੇਂ ਸੰਸਦ ਭਵਨ ਵਿੱਚ ਸੁਰੱਖਿਆ ਦੇ ਕਈ ਪੱਧਰਾਂ ਦੇ ਪ੍ਰਬੰਧ ਕੀਤੇ ਗਏ ਹਨ। ਇਸ ਸਥਿਤੀ ਵਿੱਚ, ਨਵੇਂ ਆਈਡੀ ਕਾਰਡਾਂ ਤੋਂ ਲੈ ਕੇ ਬੈਰੀਅਰ, ਵਾੜ ਅਤੇ ਚੌਕੀ ਲਗਾਏ ਗਏ ਹਨ।

**ਠੋਸ ਬੰਦੋਬਸਤ** : ਨਵੇਂ ਸੰਸਦ ਭਵਨ ਦੀ ਇਮਾਰਤ ਵਿੱਚ ਥਰਮਲ ਇਮੇਜਿੰਗ ਸਿਸਟਮ ਲਗਾਇਆ ਗਿਆ ਹੈ। ਇਸ ਦੀ ਮਦਦ ਨਾਲ ਕਿਸੇ ਵੀ ਘੁਸਪੈਠੀਏ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਚਿਹਰਾ ਪਛਾਣਨ ਵਾਲਾ ਸਿਸਟਮ ਅਤੇ 360 ਡਿਗਰੀ ਕੈਮਰੇ ਲਗਾਏ ਗਏ ਹਨ। ਸੁਰੱਖਿਆ ਕਰਮਚਾਰੀ ਅਤਿ-ਆਧੁਨਿਕ ਹਥਿਆਰਾਂ ਅਤੇ ਉਪਕਰਨਾਂ ਨਾਲ ਲੈਸ ਹਨ।ਸੰਸਦ ਮੈਂਬਰਾਂ ਦੇ ਦਾਖ਼ਲੇ ਲਈ ਨਵਾਂ ਸਮਾਰਟ ਕਾਰਡ ਆਧਾਰਿਤ ਪਛਾਣ ਪੱਤਰ ਤਿਆਰ ਕੀਤਾ ਗਿਆ ਹੈ। ਸਮਾਰਟ ਕਾਰਡ ਅਧਾਰਤ ਪਛਾਣ ਪੱਤਰ ਪ੍ਰਣਾਲੀ ਵਿੱਚ ਕਈ ਸੁਰੱਖਿਆ ਵਿਸ਼ੇਸ਼ਤਾਵਾਂ ਹਨ। ਸਾਈਬਰ ਹਮਲਿਆਂ ਨਾਲ ਨਜਿੱਠਣ ਲਈ ਸੁਰੱਖਿਆ ਆਪਰੇਸ਼ਨ ਸੈਂਟਰ ਬਣਾਇਆ ਗਿਆ ਹੈ।

****

## ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਹਿੱਸਾ ਹੈ ਸੇਂਗੋਲ

ਤੋਂ ਪਹਿਲਾਂ ਵੀ ਇਸ ਦੀ ਵਰਤੋਂ ਦੇ ਸਬੂਤ ਹਨ। ਭਾਰਤ ਵਿੱਚ ਹੀ ਨਹੀਂ, ਪੂਰੀ ਦੁਨੀਆ ਵਿੱਚ ਰਾਜਦੰਡ ਨੂੰ ਨਿਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸੇ ਮਹੀਨੇ ਅੰਗਰੇਜ਼ ਬਾਦਸ਼ਾਹ ਦੀ ਤਾਜਪੋਸ਼ੀ ਦੌਰਾਨ ਵੀ ਉਸ ਨੂੰ ਰਾਜਦੰਡ ਸੌਂਪਿਆ ਗਿਆ ਸੀ।

ਪਿਛਲੇ ਸਾਲ ਤਾਮਿਲਨਾਡੂ ਵਿੱਚ ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਅਤੇ ਕਾਸ਼ੀ-ਤਮਿਲ ਸੰਗਮ ਦੌਰਾਨ ਇਸ ਦੀ ਚਰਚਾ ਹੋਈ ਸੀ। ਪੀਐਮ ਮੋਦੀ ਨੇ ਇਸ ਬਾਰੇ ਵਿਸਥਾਰ ਨਾਲ ਪੁੱਛ-ਗਿੱਛ ਕੀਤੀ ਅਤੇ ਫੈਸਲਾ ਕੀਤਾ ਕਿ ਇਸ ਨੂੰ ਕਾਨੂੰਨ ਅਨੁਸਾਰ ਨਵੀਂ ਸੰਸਦ ਭਵਨ ਵਿੱਚ ਸਥਾਪਤ ਕੀਤਾ ਜਾਵੇਗਾ।

ਜਦੋਂ ਇਹ ਫੈਸਲਾ ਕੀਤਾ ਗਿਆ ਕਿ ਭਾਰਤ 15 ਅਗਸਤ, 1947 ਨੂੰ ਆਜ਼ਾਦ ਹੋ ਜਾਵੇਗਾ, ਪੰਡਿਤ ਨਹਿਰੂ ਨੇ ਸੀ. ਰਾਜਗੋਪਾਲਾਚਾਰੀ ਨਾਲ ਸੱਤਾ ਦੇ ਤਬਾਦਲੇ ਬਾਰੇ ਚਰਚਾ ਕੀਤੀ ਅਤੇ ਪੁੱਛਿਆ ਕਿ ਇਹ ਕਿਵੇਂ ਕੀਤਾ ਜਾਣਾ ਚਾਹੀਦਾ ਹੈ। ਇਸ ’ਤੇ ਰਾਜਗੋਪਾਲਾਚਾਰੀ ਨੇ ਤਾਮਿਲਨਾਡੂ ਵਿੱਚ ਚੋਲ ਰਾਜਿਆਂ ਦੀ ਸੇਂਗੋਲ ਰਾਹੀਂ ਸੱਤਾ ਤਬਦੀਲ ਕਰਨ ਦੀ ਪਰੰਪਰਾ ਬਾਰੇ ਦੱਸਿਆ। ਨਹਿਰੂ ਨੂੰ ਇਹ ਵਿਚਾਰ ਪਸੰਦ ਆਇਆ ਅਤੇ ਰਾਜਗੋਪਾਲਾਚਾਰੀ ਨੂੰ ਇਸ ਦਾ ਪ੍ਰਬੰਧ ਕਰਨ ਲਈ ਕਿਹਾ।

ਰਾਜਗੋਪਾਲਾਚਾਰੀ ਨੇ ਗੈਰ ਬ੍ਰਾਹਮਣ ਤਿਰੂਵਦੁਥੁਰਾਈ ਅਧਾਨਮ ਮੱਠ ਦੇ 20ਵੇਂ ਰਾਜਗੁਰੂ, ਅੰਬਾਲਾਵਨ ਦੇਸਿਕਾ ਸਵਾਮੀਗਲ ਨਾਲ ਸੰਪਰਕ ਕੀਤਾ। ਉਹ ਖੁਦ ਬਿਮਾਰ ਸੀ ਪਰ ਉਸ ਨੇ ਇਸ ਦੀ ਜ਼ਿੰਮੇਵਾਰੀ ਲਈ ਅਤੇ ਰਾਜਦੰਡ ਬਣਵਾ ਲਿਆ। 14 ਅਗਸਤ, 1947 ਦੀ ਰਾਤ ਨੂੰ ਮਦਰਾਸ ਤੋਂ ਵਿਸ਼ੇਸ਼ ਜਹਾਜ਼ ਰਾਹੀਂ ਦਿੱਲੀ ਪੁੱਜੇ ਅਧਾਨਮ ਮੱਠ ਦੇ ਪੁਜਾਰੀ ਕੁਮਾਰਸਵਾਮੀ ਥੰਬੀਰਨ ਨੇ ਅੰਬਾਲਾਵਨ ਦੇਸਿਕਾ ਸਵਾਮੀਗਲ ਦੀ ਤਰਫ਼ੋਂ ਰਾਤ 11:45 ਵਜੇ ਸੇਂਗੋਲ ਨੂੰ ਮਾਊਂਟਬੈਟਨ ਦੇ ਹਵਾਲੇ ਕਰ ਦਿੱਤਾ, ਜਿਸ ਨੇ ਇਸ ਪੰਡਤ ਨਹਿਰੂ ਦੇ ਹਵਾਲੇ ਕੀਤਾ। ਹੁਣ ਸੰਸਦ ਦੀ ਨਵੀਂ ਇਮਾਰਤ ’ਚ ਤਾਮਿਲ ਨਾਡੂ ਤੋਂ ਵਿਸ਼ੇਸ਼ ਤੌਰ ’ਤੇ ਆਏ ‘ਅਧਿਨਾਮਾਂ’ ਦੇ ਆਸ਼ੀਰਵਾਦ ਨਾਲ ਸ੍ਰੀ ਮੋਦੀ ਨੇ ਇਤਿਹਾਸਕ ਸੇਂਗੋਲ ਨੂੰ ਲੋਕ ਸਭਾ ਚੈਂਬਰ ਵਿੱਚ ਸਪੀਕਰ ਦੇ ਆਸਨ ਨਾਲ ਸਥਾਪਿਤ ਕੀਤਾ ਹੈ।

***

## ਲੋਕਤੰਤਰ ਇਮਾਰਤਾਂ ’ਚੋਂ

ਸੰਸਦ ਲੋਕਾਂ ਦੀ ਆਵਾਜ਼ ਹੈ ਪਰ ਪ੍ਰਧਾਨ ਮੰਤਰੀ ਨਵੀਂ ਇਮਾਰਤ ਦੇ ਉਦਘਾਟਨ ਦਾ ਸਮਾਗਮ ਆਪਣੇ ‘ਰਾਜ ਤਿਲਕ’ ਦੀ ਤਰ੍ਹਾਂ ਕਰ ਰਹੇ ਹਨ। ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਟਵੀਟ ਕੀਤਾ, ‘28 ਮਈ ਦੇ ਦਿਨ: ਨਹਿਰੂ, ਜਿਨ੍ਹਾਂ ਭਾਰਤ ’ਚ ਸੰਸਦੀ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਸਭ ਤੋਂ ਵੱਧ ਕੰਮ ਕੀਤਾ, ਉਨ੍ਹਾਂ ਦਾ 1964 ’ਚ ਸਸਕਾਰ ਕੀਤਾ ਗਿਆ ਸੀ। ਸਾਵਰਕਰ ਜਿਸ ਦੀ ਵਿਚਾਰਧਾਰਾ ਨੇ ਅਜਿਹਾ ਮਾਹੌਲ ਬਣਾਇਆ ਜੋ ਮਹਾਤਮਾ ਗਾਂਧੀ ਦੀ ਹੱਤਿਆ ਦਾ ਕਾਰਨ ਬਣਿਆ, ਦਾ ਜਨਮ (ਅੱਜ ਹੀ ਦੇ ਦਿਨ) 1883 ’ਚ ਹੋਇਆ ਸੀ।’ ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਜੋ ਇਸ ਅਹੁਦੇ ’ਤੇ ਬੈਠਣ ਵਾਲੀ ਪਹਿਲੀ ਆਦਿਵਾਸੀ ਮਹਿਲਾ ਹੈ, ਨੂੰ ਵੀ ਆਪਣੇ ਸੰਵਿਧਾਨਕ ਫਰਜ਼ ਨਹੀਂ ਨਿਭਾਉਣ ਦਿੱਤੇ ਜਾ ਰਹੇ। ਜੈਰਾਮ ਰਮੇਸ਼ ਨੇ ਦੋਸ਼ ਲਾਇਆ, ‘ਆਪਣੀਆਂ ਹੀ ਸਿਫ਼ਤਾਂ ਕਰਨ ਵਾਲੇ ਪ੍ਰਧਾਨ ਮੰਤਰੀ, ਜਿਸ ਨੂੰ ਸੰਸਦੀ ਪ੍ਰਕਿਰਿਆਵਾਂ ਤੋਂ ਨਫ਼ਰਤ ਹੈ, ਜੋ ਸੰਸਦ ’ਚ ਘੱਟ ਹੀ ਹਾਜ਼ਰ ਰਹਿੰਦੇ ਹਨ ਜਾਂ ਕਾਰਵਾਈਆਂ ’ਚ ਘੱਟ ਹੀ ਭਾਗ ਲੈਂਦੇ ਹਨ, ਉਹ 2023 ’ਚ ਨਵੇਂ ਸੰਸਦ ਭਵਨ ਦਾ ਉਦਘਾਟਨ ਕਰ ਰਹੇ ਹਨ।’ ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਟਵੀਟ ਕੀਤਾ ਕਿ ਜਦੋਂ ਨਵੇਂ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ ਗਿਆ ਉਦੋਂ ਤਤਕਾਲੀ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਦੂਰ ਰੱਖਿਆ ਗਿਆ। ਹੁਣ ਸੰਸਦ ਭਵਨ ਦੀ ਇਮਾਰਤ ਦੇ ਉਦਘਾਟਨ ਮੌਕੇ ਮੌਜੂਦਾ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਦਰਕਿਨਾਰ ਕਰ ਦਿੱਤਾ ਗਿਆ। ਸੀਪੀਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਟਵੀਟ ਕੀਤਾ, ‘ਭਾਰਤ ਦਾ ਮਤਲਬ ਸੀ ਰਾਸ਼ਟਰ ਤੇ ਨਾਗਰਿਕ ਜਦਕਿ ਨਵੇਂ ਭਾਰਤ ਦਾ ਅਰਥ ਰਾਜਾ ਤੇ ਪਰਜਾ ਹੋ ਗਿਆ ਹੈ।’ ਸੀਪੀਆਈ ਦੇ ਸੰਸਦ ਮੈਂਬਰ ਵਿਨੈ ਵਿਸ਼ਵਮ ਨੇ ਕਿਹਾ ਕਿ ਫਾਸ਼ੀਵਾਦੀ ਤਾਨਾਸ਼ਾਹੀ ਆਪਣੇ ਰਾਹ ’ਤੇ ਅੱਗੇ ਵੱਧ ਰਹੀ ਹੈ। ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਡੈਰੇਕ ਓ ਬ੍ਰਾਇਨ ਨੇ ਸਰਕਾਰ ’ਤੇ ਪਿਛਲੇ ਨੌਂ ਸਾਲ ਸਦਨ ਦਾ ਮਜ਼ਾਕ ਬਣਾਉਣ ਤੇ ਉਸ ਦਾ ਅਪਮਾਨ ਕਰਨ ਦਾ ਦੋਸ਼ ਲਾਇਆ।

***

## ਸਿੱਖਾਂ ਦਾ ਆਪਣਾ ‘ਪੰਥਕ ਚੈਨਲ’

ਆਪਣੇ ਚੈਨਲ ਦੀ ਵੱਡੀ ਲੋੜ ਹੈ। ਅਨੇਕਾਂ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਨੈਸ਼ਨਲ ਹਿੰਦੀ ਨਿਊਜ਼ ਚੈਨਲਾਂ ਦੇ ਪੱਤਰਕਾਰਾਂ ਵੱਲੋਂ ਅਕਸਰ ਅਨੇਕਾਂ ਸਿੱਖ ਆਗੂਆਂ ਨਾਲ ਇੰਟਰਵਿਊ ਆਮ ਤਰੀਕੇ ਨਾਲ ਕੀਤੀ ਜਾਂਦੀ ਹੈ ਪਰ ਉਸ ਇੰਟਰਵਿਊ ਨੂੰ ਚੈਨਲ ’ਤੇ ਟੈਲੀਕਾਸਟ ਕਰਨ ਸਮੇਂ ਬੇਲੋੜਾ ਵਿਵਾਦ ਖੜ੍ਹਾ ਕੀਤਾ ਜਾਂਦਾ ਹੈ ਅਤੇ ਜਾਣ-ਬੁੱਝ ਕੇ ਸਿੱਖ ਆਗੂਆਂ ਬਿਆਨਾਂ ਨੂੰ ਤੋੜ ਮੋੜ ਕੇ ਦਿਖਾਇਆ ਜਾਂਦਾ ਹੈ ਜਾਂ ਸਿੱਖ ਆਗੂ ਵੱਲੋਂ ਕਹੇ ਗਏ ਆਮ ਸ਼ਬਦਾਂ ਨੂੰ ਤੋੜ ਮਰੋੜ ਕੇ ਜਾਂ ਗਲਤ ਤਰੀਕੇ ਨਾਲ ਐਡਿਟ ਕਰਕੇ ਦਿਖਾਇਆ ਜਾਂਦਾ ਹੈ, ਜਿਸ ਕਾਰਨ ਕਈ ਵਾਰ ਸਿੱਖ ਆਗੂ ਵੱਲੋਂ ਬੋਲੇ ਗਏ ਸਹੀ ਸ਼ਬਦਾਂ ਦੇ ਵੀ ਅਨਰਥ ਬਣ ਜਾਂਦੇ ਹਨ। ਸਿੱਖ ਆਗੂ ਕਹਿੰਦੇ ਹਨ ਕਿ ਨੈਸ਼ਨਲ ਚੈਨਲਾਂ ਵੱਲੋਂ ਸਿੱਖਾਂ ਵਿਰੁੱਧ ਸੋਚੀ ਸਮਝੀ ਸਕੀਮ ਤਹਿਤ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸਿੱਖ ਆਗੂਆਂ ਅਨੁਸਾਰ ਨੈਸ਼ਨਲ ਚੈਨਲਾਂ ਵੱਲੋਂ ਆਮ ਖ਼ਬਰਾਂ ਨੂੰ ਵੀ ਭੜਕਾਊ ਤਰੀਕੇ ਨਾਲ ਪੇਸ਼ ਕਰਕੇ ਭਾਰਤ ’ਚ ਸਿੱਖਾਂ ਵਿਰੁੱਧ ਮਾਹੌਲ ਸਿਰਜਿਆ ਜਾ ਰਿਹਾ ਹੈ, ਜਿਸ ਦਾ ਮੁਕਾਬਲਾ ਕਰਨ ਲਈ ਸਿੱਖਾਂ ਦਾ ਆਪਣਾ ਪੰਥਕ ਚੈਨਲ ਹੋਣਾ ਬਹੁਤ ਜ਼ਰੂਰੀ ਹੈ।

***

## ਗੁਰਬਾਣੀ ਪ੍ਰਸਾਰਣ ਲਈ ਟੈਂਡਰ

ਪਰ ਪਿਛਲੀਆਂ ਦੋ ਕੰਪਨੀਆਂ ਵਾਂਗ ਹੀ ਈ.ਟੀ.ਸੀ. ਦੀ ਅਸਮਰੱਥਾ ਨੂੰ ਵੇਖਦਿਆਂ 2007 ’ਚ ਇਹ ਇਕਰਾਰਨਾਮਾ G-Next Media Pvt Ltd. ਨੂੰ ਤਬਦੀਲ ਕਰ ਦਿੱਤਾ ਗਿਆ। ਦੱਸ ਦੇਈਏ ਕਿ PTC Punjabi, G-Next Media Pvt. ltd. ਅਧੀਨ ਆਉਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਬਾਅਦ ਵਿੱਚ ਸਾਲ 2012 ’ਚ ਪੀ.ਟੀ.ਸੀ. ਨਾਲ ਇੱਕ ਨਵਾਂ ਇਕਰਾਰਨਾਮਾ ਕੀਤਾ ਗਿਆ, ਜਿਸ ਅਧੀਨ 24 ਜੁਲਾਈ 2011 ਤੋਂ 24 ਜੁਲਾਈ 2023 ਤੱਕ, 11 ਸਾਲਾਂ ਲਈ ਗੁਰਬਾਣੀ ਦੇ ਪ੍ਰਸਾਰਣ ਦੇ ਹੱਕ ਪੀ.ਟੀ.ਸੀ. ਨੂੰ ਦੇ ਦਿੱਤੇ ਗਏ।

ਸ੍ਰ. ਧਾਮੀ ਨੇ ਦਾਅਵਾ ਕੀਤਾ ਕਿ ਗੁਰਬਾਣੀ ਪ੍ਰਸਾਰਣ ਕਰਨ ਦੇ ਬਦਲੇ ਪੀ.ਟੀ.ਸੀ. ਚੈਨਲ ਵੱਲੋਂ ਪਹਿਲਾਂ ਸ਼੍ਰੋਮਣੀ ਕਮੇਟੀ ਇਕ ਕਰੋੜ ਰੁਪਏ ਸਾਲਾਨਾ ਦਿੱਤਾ ਜਾਂਦਾ ਸੀ, ਇਸ ਵਿੱਚ ਹਰ ਸਾਲ 10 ਫੀਸਦੀ ਵਾਧਾ ਹੋਣ ਕਰਕੇ ਹੁਣ ਪੀ.ਟੀ.ਸੀ. ਚੈਨਲ ਵੱਲੋਂ 2 ਕਰੋੜ ਰੁਪਏ ਸਾਲਾਨਾ ਸ਼੍ਰੋਮਣੀ ਕਮੇਟੀ ਨੂੰ ਦਿਤੇ ਜਾਂਦੇ ਹਨ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਆਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ ਅਤੇ ਹੋਰ ਧਾਰਮਿਕ ਸਮਾਗਮਾਂ ਦਾ ਪ੍ਰਸਾਰਣ ਪੀ.ਟੀ.ਸੀ. ਵੱਲੋਂ ਮੁਫਤ ਵਿੱਚ ਕੀਤਾ ਜਾਂਦਾ ਹੈ।

ਸ੍ਰ. ਧਾਮੀ ਨੇ ਕਿਹਾ ਕਿ ਹੇਮਕੁੰਟ ਸਾਹਿਬ, ਪਟਨਾ ਸਾਹਿਬ ਅਤੇ ਦਿੱਲੀ ਦੇ ਗੁਰਧਾਮਾਂ ਤੋਂ ਗੁਰਬਾਣੀ ਪ੍ਰਸਾਰਣ ਲਈ ਇਹਨਾਂ ਗੁਰਧਾਮਾਂ ਦੇ ਟਰੱਸਟ ਅਤੇ ਕਮੇਟੀਆਂ ਟੀ.ਵੀ.ਚੈਨਲਾਂ ਨੂੰ ਪੈਸੇ ਦਿੰਦੀਆਂ ਹਨ, ਜਦੋਂਕਿ ਸ਼੍ਰੋਮਣੀ ਕਮੇਟੀ ਪੀ.ਟੀ.ਸੀ. ਚੈਨਲ ਨੂੰ ਗੁਰਬਾਣੀ ਪ੍ਰਸਾਰਣ ਲਈ ਪੈਸੇ ਨਹੀਂ ਦਿੰਦੀ ਬਲਕਿ ਪੀ.ਟੀ.ਸੀ ਚੈਨਲ ਵੱਲੋਂ ਗੁਰਬਾਣੀ ਪ੍ਰਸਾਰਣ ਲਈ ਇਸ ਸਮੇਂ 2 ਕਰੋੜ ਰੁਪਏ ਸਾਲਾਨਾ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਜੇ ਸਾਰੇ ਚੈਨਲਾਂ ਨੂੰ ਗੁਰਬਾਣੀ ਪ੍ਰਸਾਰਣ ਦੇ ਹੱਕ ਦੇ ਦਿਤੇ ਜਾਣ ਤਾਂ 50 ਚੈਨਲਾਂ ਦੇ ਕੈਮਰੇ ਸ੍ਰੀ ਦਰਬਾਰ ਸਾਹਿਬ ’ਚ ਹੋਣਗੇ ਤਾਂ ਸੰਗਤ ਨੂੰ ਮੱਥਾ ਟੇਕਣ ਲਈ ਥਾਂ ਹੀ ਨਹੀਂ ਰਹੇਗੀ। ਉਹਨਾਂ ਕਿਹਾ ਗੁਰਬਾਣੀ ਪ੍ਰਸਾਰਣ ਦੇ ਹੱਕ ਸਿਰਫ ਇਕ ਚੈਨਲ ਨੂੰ ਹੁਣ ਟੈਂਡਰ ਪ੍ਰਕ੍ਰਿਰਿਆ ਰਾਹੀਂ ਦਿਤੇ ਜਾਣਗੇ ਅਤੇ ਉਸ ਵੱਲੋਂ ਅੱਗੋਂ ਕਿਸੇ ਨੂੰ ਵੀ ਲਿੰਕ ਦਿਤਾ ਜਾ ਸਕਦਾ ਹੈ।

## ਹੋ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ,

ਉਮਰ ਤੋਂ ਵੱਧ ਦਾ ਹੋਣਾ ਚਾਹੀਦਾ ਹੈ ਤੇ ਉਹ ਦਾੜ੍ਹੀ ਜਾਂ ਕੇਸ ਨਾ ਕੱਟਦਾ ਹੋਵੇ ਅਤੇ ਨਾ ਹੀ ਸ਼ਰਾਬ ਤੇ ਤੰਬਾਕੂ ਦਾ ਸੇਵਨ ਕਰਦਾ ਹੋਵੇ। ਨਵੇਂ ਵੋਟਰ ਜੋ ਆਪਣੀ ਵੋਟ ਬਣਾਉਣਾ ਚਾਹੁੰਦੇ ਹਨ, ਉਹ ਇਸ ਲਈ ਆਪਣੇ ਹਲਕੇ ਦੇ ਪਟਵਾਰੀ ਕੋਲ ਪਹੁੰਚ ਕਰਕੇ ਆਪਣਾ ਨਾਂਅ ਦਰਜ ਕਰਵਾ ਸਕਦੇ ਹਨ। ਜ਼ਿਕਰਯੋਗ ਹੈ ਕਿ ਸਮੇਂ-ਸਮੇਂ ’ਤੇ ਵੱਖ-ਵੱਖ ਪੰਥਕ ਧਿਰਾਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਆਵਾਜ਼ ਚੁੱਕੀ ਜਾਂਦੀ ਰਹੀ ਹੈ ਤੇ ਹੁਣ ਜਾਰੀ ਹੋਏ ਇਸ ਤਾਜ਼ਾ ਪੱਤਰ ਤੋਂ ਬਾਅਦ ਵੱਖ-ਵੱਖ ਧਿਰਾਂ ਵੱਲੋਂ ਚੋਣਾਂ ਲਈ ਤਿਆਰੀਆਂ ਖਿੱਚੀਆਂ ਜਾਣੀਆਂ ਤੈਅ ਹਨ। ਸ਼੍ਰੋਮਣੀ ਕਮੇਟੀ ਦਾ ਚੋਣ ਖੇਤਰ 120 ਹਲਕਿਆਂ ਤੱਕ ਫੈਲਿਆ ਹੋਇਆ ਹੈ, ਜਿਸ ਵਿੱਚ 50 ਦੋਹਰੇ ਹਲਕੇ ਸ਼ਾਮਿਲ ਹਨ। ਇਨ੍ਹਾਂ ਹਲਕਿਆਂ ਵਿਚੋਂ 170 ਮੈਂਬਰ ਚੁਣੇ ਜਾਂਦੇ ਹਨ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦਾ ਵੀ ਇੱਕ-ਇੱਕ ਮੈਂਬਰ ਸ਼ਾਮਿਲ ਹੈ। ਇਸ ਤੋਂ ਇਲਾਵਾ 15 ਮੈਂਬਰਾਂ ਦੀ ਨਾਮਜ਼ਦਗੀ ਕੀਤੀ ਜਾਂਦੀ ਹੈ। ਜ਼ਿਕਰਯੋਗ ਇਹ ਵੀ ਹੈ ਕਿ ਇਸ ਵਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਉਣ ਨਾਲ ਹਰਿਆਣਾ ਰਾਜ ਦੇ 8 ਹਲਕਿਆਂ ਦਾ ਚੋਣ ਖੇਤਰ ਵੀ ਇਸ ਵਿਚੋਂ ਮਨਫ਼ੀ ਹੋਣਾ ਲਗਪਗ ਤੈਅ ਹੈ।

***

## ਪੰਜਾਬੀ ਅਮਰੀਕਨ ਫੈਸਟੀਵਲ ਯੂਬਾ ਸਿਟੀ

ਕਲੀਆਂ, ਸਾਡਾ ਵਿਰਸਾ, ਰੰਗਲਾ ਪੰਜਾਬ, ਰੌਣਕ ਪੰਜਾਬ ਦੀ, ਨੱਚਦਾ ਸੰਸਾਰ, ਪੰਜਾਬੀ ਮੁਟਿਆਰਾਂ ,ਗਿੱਧਾ ਮੁਟਿਆਰਾਂ ਦਾ, ਖੱਟੀਆਂ ਮਿੱਠੀਆਂ ਜਸਵੀਰ ਐਸ ਗਿੱਲ ਅਤੇ ਰੂਬੀ ਦਿਓਲ ਆਦਿ ਨੇ ਵੱਖ ਵੱਖ ਰੰਗ ਪੇਸ਼ ਕੀਤੇ। ਵਿਸ਼ਵ ਪ੍ਰਸਿੱਧ ਖੇਤੀ ਵਿਗਿਆਨੀ ਅਤੇ ਜੈਨੇਟਿਕਸਿਸਟ ਪ੍ਰੋਫੈਸਰ ਗੁਰਦੇਵ ਸਿੰਘ ਖੁਸ਼ 87,ਇਸ ਪੰਜਾਬੀ ਅਮਰੀਕਨ ਫੈਸਟੀਵਲ ਦੇ ਮੁੱਖ ਮਹਿਮਾਨ ਵਜੋਂ ਹਾਜ਼ਿਰ ਸਨ। ਗੁਰਦੇਵ ਸਿੰਘ ਖੁਸ਼ ਜਿਨਾਂ ਨੂੰ ਹਰੀ ਕ੍ਰਾਂਤੀ ਦੇ ਮੋਢੀ ਮੰਨਿਆ ਜਾਂਦਾ ਹੈ ਉਸਨੇ ਚਾਵਲ ਦੀਆਂ ਕਈ ਕਿਸਮਾਂ ਦੀ ਕਾਢ ਕੱਢੀ। ਪੰਜਾਬੀ ਅਮਰੀਕਨ ਫੈਸਟੀਵਲ ਵਿੱਚ ਹੈਰੀਟੇਜ ਸੁਸਾਇਟੀ ਵੱਲੋਂ ਉਨਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸਟੇਜ ਸੰਚਾਲਨਾ ਜੋਤ ਰਣਜੀਤ ਨੇ ਸਟੇਜ ਦੇ ਬਰਾਬਰ ਦੀ ਹੋ ਕੇ ਨਿਭਾਈ ਤੇ ਹਰਜੀਤ ਉਪਲ ਨੇ ਵੀ ਨਿਜੀ ਵਰਤਾਰੇ ਦੇ ਟੋਟਕਿਆਂ ਨਾਲ ਬੀਬੀਆਂ ਨੂੰ ਸਟੇਜ ਨਾਲ ਜੋੜੀ ਰੱਖਿਆ। ਪ੍ਰੋਗਾਮ ਦੇ ਅਖੀਰ ਵਿੱਚ ਪਾਕਿਸਾਨੀ ਗਾਇਕ ਹੁਸੈਨ ਜਵੇਦ ਨੇ ਕੁਝ ਸੂਫੀ ਤੇ ਕੁਝ ਪੰਜਾਬੀ ਫੋਕ ਗਾ ਕੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੰਨ ਜਿੱਤਿਆ। ਦੂਸਰੇ ਪਾਸੇ ਉਸ ਵੇਲੇ ਕੋਈ ਕਸਰ ਨਾ ਰਹੀ ਜਦੋਂ ਹੈਰੀਟੇਜ ਸੋਸਾਇਟੀ ਵਲੋਂ ਮਹਿੰਗੇ ਭਾਅ ਲਿਆਂਦੀ ਜੈਸਮੀਨ ਸੈਂਡਲਸ ਨੇ ਸੀ ਡੀ ਲਾ ਕੇ ਗਾਇਆ ਪਰ ਫਿਰ ਵੀ ਗੱਲ ਨਹੀਂ ਬਣੀ। ਸਟੇਜ ਉਸਦੇ ਹੱਥੋਂ ਉਦੋਂ ਨਿਕਲ ਗਈ ਜਦੋਂ ਸਟੇਜ ਦੀ ਸ਼ੁਰੂਆਤ ਵਿੱਚ ਹੀ ਸਟੇਜ ਦੇ ਅੱਗੇ ਬੈਠੀਆਂ ਉਸਦੀਆਂ ਕੁਝ ਫੈਨ ਕੁੜੀਆਂ ਨੂੰ ਸਟੇਜ ਤੇ ਭੰਗੜੇ ਲਈ ਸੱਦ ਲਿਆ ਤੇ ਬਾਅਦ ਚ ਸਲੋਅ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਤੇ ਫਿਰ ਉਹ ਸਟੇਜ ਤੇ ਆਪਣਾ ਪ੍ਰਭਾਵ ਨਹੀਂ ਦੇ ਸਕੀ। ਉਸਨੇ ਸਟੇਜ ਤੋਂ ਗੱਲਾਂ ਜਿਆਦਾ ਤੇ ਗੀਤ ਘੱਟ ਗਾਏ। ਉਸ ਵੇਲੇ ਹੱਦ ਨਹੀ ਰਹੀ ਜਦੋਂ ਸਟੇਜ ਅੱਗੇ ਬੈਠੀਆਂ ਬੱਚੀਆਂ ਨੂੰ ਪੁਛਿਆ ਕੇ ਦਾਰੂ ਕਿਸਨੇ ਕਿਸਨੇ ਪੀਤੀ ਅੱਜ ਤੇ ਕਿਹਾ ਮੈਂ ਤਾਂ ਦੋ ਪੈਗ ਪੀ ਕੇ ਆਈ ਹਾਂ। ਇਸ ਗੱਲ ਪ੍ਰਤੀ ਬਹੁਤੇ ਸਰੋਤਿਆਂ ਨੇ ਬੁਰਾ ਮਨਾਇਆ।ਲਾਲ ਰੰਗ ਚ ਰੰਗੇ ਹੋਏ ਵਾਲਾਂ ਵਾਲੀ ਜੈਸਮੀਨ ਸੈਂਡਲਸ ਜਦੋਂ ਸਟੇਜ ਤੇ ਆਈ ਤਾਂ ਲੋਕਾਂ ਨੂੰ ਲੱਗਿਆ ਕਿ ਕੁਝ ਸਭਿਆਚਾਰਕ ਗਾਵੇਗੀ ਪਰ ਇੱਕ ਵੀ ਗੀਤ ਸਭਿਅਕ ਨਹੀਂ ਗਾਇਆ ਜੇ ਗਾਇਆ ਵੀ ਉਹ ਵੀ ਪੁਰਾਣੇ ਪੰਜਾਬੀ ਗਾਇਕਾਵਾਂ ਦੇ। ਇੱਕ ਫੁਕਰਾ ਅਖੌਤੀ ਵੱਡਾ ਪ੍ਰਮੋਟਰ ਵੀ ਉਸਦਾ ਬਾਡੀ ਗਾਰਡ ਬਣ ਕੇਉਸਦੇ ਅੱਗੇ ਪਿਛੇ ਰਿਹਾ ਜੋ ਉਸਨੂੰ ਪ੍ਰਬੰਧਕਾਂ ਨੂੰ ਵੀ ਮਿਲਣ ਨਹੀਂ ਸੀ ਦੇ ਰਿਹਾ। ਪਰ ਜਸਮੀਨ ਸੈਂਡਲਸ ਨੇ ਇਕ ਗੱਲ ਸੱਚੀ ਕਹਿ ਦਿੱਤੀ ਕਿ ਮੈਂ ਤਾਂ ਫੁਕਰੀ ਮਾਰਦੀ ਹਾਂ।ਪੰਜਾਬੀਅਮੈਰੀਕਨ ਹੈਰੀਟੇਜ ਸੁਸਾਇਟੀ ਨੂੰ ਇਹੋ ਜਿਹੇ ਕਲਾਕਾਰ ਨੂੰ ਸੱਦ ਕਿ ਆਪਣੇ ਮਨੋਰਥ ਤੋਂ ਭਟਕਣਾ ਨਹੀਂ ਚਾਹੀਦਾ।

***

## ਪ੍ਰਧਾਨ ਮੰਤਰੀ ਨੂੰ ਜੇਕਰ ਤੁਸੀਂ ਭਗਵਾਨ ਦੇ ਕੋਲ

ਉਨ੍ਹਾਂ ਕਿਹਾ ਕਿ ਸਿਰਫ ਭਾਰਤ ਵਿੱਚ ਹੀ ਨਹੀਂ, ਭਾਰਤ ਜੋੜੋ ਇੱਕ ਵਿਚਾਰ ਹੈ ਜੋ ਇੱਕ ਦੂਜੇ ਦਾ ਸਤਿਕਾਰ ਕਰਨ ਅਤੇ ਇੱਕ ਦੂਜੇ ਨਾਲ ਪਿਆਰ ਕਰਨ ਬਾਰੇ ਹੈ। ਇਹ ਇੱਕ ਦੂਜੇ ਪ੍ਰਤੀ ਹਿੰਸਕ ਨਾ ਹੋਣ, ਹੰਕਾਰੀ ਨਾ ਹੋਣ ਬਾਰੇ ਹੈ। ਉਨਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਮੈਂ ਉਹਨਾਂ ਬਾਰੇ ਪੜ੍ਹਿਆ ਕਿ ਉਹ ਮੱਕਾ, ਸਾਊਦੀ ਅਰਬ, ਥਾਈਲੈਂਡ ਅਤੇ ਸ੍ਰੀਲੰਕਾ ਗਏ ਤੇ ਉਹਨਾਂ ਬਹੁਤ ਪਹਿਲਾਂ ਭਾਰਤ ਜੋੜੋ ਦਾ ਪ੍ਰਚਾਰ ਕਰਦੇ ਰਹੇ ਸਨ। ਅਜਿਹੀਆਂ ਉਚੀ ਤੇ ਸੱਚੀ ਬਿਰਤੀ ਵਾਲਿਆਂ ਰੂਹਾਂ ਜਿਨ੍ਹਾਂ ਵਿਚੋਂ ਕਰਨਾਟਕ ਵਿੱਚ ਬਸਵਾਨਾ ਜੀ, ਕੇਰਲਾ ਵਿੱਚ ਨਾਰਾਇਣ ਗੁਰੂ ਜੀ, ਹਰ ਰਾਜ ਵਿੱਚ ਮਿਲ ਜਾਣਗੇ। ਅਸੀਂ ਨਫ਼ਰਤ ਦੇ ਬਜ਼ਾਰ ਵਿਚ ਮੁਹੱਬਤ ਦੇ ਦੀਵੇ ਜਗਾਉਂਣੇ ਚਾਹੁੰਦੇ ਹਾਂ।ਦੱਸਣਯੋਗ ਹੈ ਕਿ ਰਾਹੁਲ ਗਾਂਧੀ ਮੰਗਲਵਾਰ ਸਵੇਰੇ ਸਾਨ ਫਰਾਂਸਿਸਕੋ ਹਵਾਈ ਅੱਡੇ ’ਤੇ ਪਹੁੰਚੇ, ਜਿੱਥੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਟਰੋਦਾ ਮਹਿੰਦਰ ਸਿੰਘ ਗਿਲਜੀਆਂ, ਸਾਹਿਬ ਸਿੰਘ ਭੁੱਲਰ ਵਰਕਿੰਗ ਪ੍ਰੈਜੀਡੈਂਟ ਵੇਸਟ ਕੋਸਟ, ਗੁਰਿੰਦਰਪਾਲ ਸਿੰਘ ਸ਼ੇਖੇ ਜਨਰਲ ਸੈਕਟਰੀ ਅਮਰੀਕਾ, ਸੰਦੀਪ ਵੰਗਾਲਾ ਜਨਰਲ ਸੈਕਟਰੀ ਅਮਰੀਕਾ ਕਾਂਗਰਸ ਕਮੇਟੀ, ਸ਼ਾਨ ਸਨਕਰਨ ,ਗੁਰਪ੍ਰੀਤ ਸਿੰਘ ਸਾਬੀ ਚੇਅਰਮੈਨ ਹਰਿਆਣਾ ਚੈਪਟਰ ਆਦਿ ਕਾਂਗਰਸੀ ਆਗੂ ਕਈ ਹੋਰ ਨੇਤਾਵਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਰਾਹੁਲ ਗਾਂਧੀ ਨੇ ਲੋਕ ਸਭਾ ਮੈਂਬਰ ਵਜੋਂ ਅਯੋਗ ਠਹਿਰਾਏ ਜਾਣ ਤੋਂ ਬਾਅਦ ਆਪਣਾ ਡਿਪਲੋਮੈਟਿਕ ਪਾਸਪੋਰਟ ਸਪੁਰਦ ਕਰਨ ਤੋਂ ਬਾਅਦ ਇੱਕ ਆਮ ਪਾਸਪੋਰਟ ’ਤੇ ਯਾਤਰਾ ਕੀਤੀ ਹੈ। 10 ਦਿਨਾਂ ਦੇ ਅਮਰੀਕਾ ਦੌਰੇ ’ਤੇ ਆਏ ਗਾਂਧੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਭਾਸ਼ਣ ਦੇਣਗੇ ਅਤੇ ਅਮਰੀਕੀ ਸੰਸਦ ਮੈਂਬਰਾਂ, ਥਿੰਕ ਟੈਂਕਾਂ ਅਤੇ ਹੋਰਾਂ ਨਾਲ ਮੀਟਿੰਗਾਂ ਕਰਨਗੇ।

ਇਸ ਮੌਕੇ ਸੈਮ ਪਿਟਰੋਦਾ ਗਲੋਬਲ ਚੈਅਰਮੈਨ, ਮਹਿੰਦਰ ਸਿੰਘ ਗਿਲਜੀਆਂ, ਸਾਹਿਬ ਸਿੰਘ ਭੁੱਲਰ ਨੇ ਵੀ ਇਸ ਇਕੱਠ ਨੂੰ ਸੰਬੋਧਨ ਕੀਤਾ। ਇਸ ਮੌਕੇ ਸੈਮ ਪਿਟਰੋਦਾ ਗਲੋਬਲ ਚੈਅਰਮੈਨ, ਮਹਿੰਦਰ ਸਿੰਘ ਗਿਲਜੀਆਂ, ਸਾਹਿਬ ਸਿੰਘ ਭੁੱਲਰ ਵਰਕਿੰਗ ਪ੍ਰੈਜੀਡੈਂਟ ਵੇਸਟ ਕੋਸਟ, ਸ਼ਾਨ ਸਨਕਰਨ, ਗੁਰਿੰਦਰਪਾਲ ਸਿੰਘ ਸ਼ੇਖੇ ਜਨਰਲ ਸੈਕਟਰੀ ਅਮਰੀਕਾ , ਸੰਦੀਪ ਵੰਗਾਲਾ ਜਨਰਲ ਸੈਕਟਰੀ ਅਮਰੀਕਾ ਕਾਂਗਰਸ ਕਮੇਟੀ, ਗੁਰਪ੍ਰੀਤ ਸਿੰਘ ਸਾਬੀ ਚੇਅਰਮੈਨ ਹਰਿਆਣਾ ਚੈਪਟਰ ਆਦਿ ਕਾਂਗਰਸੀ ਆਗੂ ਵੀ ਸਟੇਜ ਤੇ ਸ਼ੁਸੋਭਤ ਸਨ । ਇਸ ਸਮਾਗਮ ’ਚ ਭਾਰਤ ਦੀਆ ਵੱਖ ਵੱਖ ਸਟੇਟਾਂ ਦੇ ਕੁਝ ਮੰਤਰੀ ਐਮ ਪੀ ਤੇ ਐਮ ਐਲਜ ਵੀ ਸ਼ਾਮਿਲ ਸਨ। ਇਸ ਮੌਕੇ ਵੱਖ ਵੱਖ ਧਰਮਾਂ ਦੇ ਲੋਕਾਂ ਨੇ ਸਮਾਗਮ ਵਿੱਚ ਸਮੂਲੀਅਤ ਕੀਤੀ।

***

## ਪਹਿਲਵਾਨਾਂ ਦੀ ਤਗਮੇ

ਮਗਰੋਂ ਉਹ ਸਾਰੇ ਗੰਗਾ ਦੇ ਕੰਢੇ ਬੈਠ ਗਏ। ਜ਼ਮੀਨ ’ਤੇ ਬੈਠੀਆਂ ਮਹਿਲਾ ਪਹਿਲਵਾਨਾਂ ਬਹੁਤ ਭਾਵੁਕ ਨਜ਼ਰ ਆਈਆਂ। ਬਜਰੰਗ ਪੂਨੀਆ 40 ਮਿੰਟਾਂ ਬਾਅਦ ਉਥੇ ਪੁੱਜਾ। ਵਿਨੇਸ਼ ਦੇ ਪਤੀ ਸੋਮਬੀਰ ਰਾਠੀ ਨੇ ਆਪਣੀ ਪਤਨੀ ਵੱਲੋਂ ਏਸ਼ਿਆਈ ਖੇਡਾਂ ’ਚ ਜਿੱਤਿਆ ਤਗਮਾ ਫੜਿਆ ਹੋਇਆ ਸੀ। ਸਾਕਸ਼ੀ ਹੱਥ 2016 ਵਿੱਚ ਰੀਓ ਉਲੰਪਿਕ ’ਚ ਜਿੱਤਿਆ ਕਾਂਸੀ ਦਾ ਤਗਮਾ ਸੀ। ਉਂਜ ਇਸ ਪੂਰੇ ਘਟਨਾਕ੍ਰਮ ਨੇ 1960 ਵਿੱਚ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਵੱਲੋਂ ਅਮਰੀਕਾ ਵਿੱਚ ਨਸਲੀ ਵਿਤਕਰੇ ਖ਼ਿਲਾਫ਼ ਰੋਸ ਵਜੋਂ ਓਹੀਓ ਨਦੀ ਵਿੱਚ ਆਪਣਾ ਉਲੰਪਿਕ ਸੋਨ ਤਗਮਾ ਸੁੱਟਣ ਦੀ ਘਟਨਾ ਨੂੰ ਤਾਜ਼ਾ ਕਰ ਦਿੱਤਾ। ਕਈ ਖਾਪਾਂ ਤੇ ਸਿਆਸੀ ਆਗੂਆਂ ਵੱਲੋਂ ਕੀਤੀ ਅਪੀਲ ਮਗਰੋਂ ਪਹਿਲਵਾਨ ਗੰਗਾ ਕੰਢੇ ਪੌਣੇ ਦੋ ਘੰਟੇ ਦੇ ਕਰੀਬ ਬੈਠਣ ਮਗਰੋਂ ਉਥੇ ਮੁੜ ਗਏ। ਪਹਿਲਵਾਨ ਜਿਤੇਂਦਰ, ਜੋ ਜੰਤਰ ਮੰਤਰ ’ਤੇ ਲੱਗੇ ਧਰਨੇ ’ਚ ਸ਼ਾਮਲ ਸੀ, ਨੇ ਕਿਹਾ, “ਖਾਪ ਆਗੂਆਂ ਨੇ ਆਪਣੀਆਂ ਪੱਗਾਂ ਸਾਡੇ ਅੱਗੇ ਰੱਖੀਆਂ ਤੇ ਕਿਹਾ, “ਆਸ ਨਾ ਛੱਡੋ।’ ਪੱਗ ਦਾ ਮਾਣ ਰੱਖਦਿਆਂ ਅਸੀਂ ਉਡੀਕ ਕਰਨ ਦਾ ਫੈਸਲਾ ਕੀਤਾ।” ਉਂਜ ਪਹਿਲਵਾਨ ਪੱਤਰਕਾਰਾਂ ਨਾਲ ਗੱਲ ਕੀਤੇ ਬਿਨਾਂ ਉਥੋਂ ਚਲੇ ਗਏ। ਇਸ ਤੋਂ ਪਹਿਲਾਂ ਪਹਿਲਵਾਨਾਂ ਨੇ ਟਵਿੱਟਰ ’ਤੇ ਲੰਘੇ ਦਿਨਾਂ ਦੀਆਂ ਘਟਨਾਵਾਂ ਦੀ ਲੜੀਵਾਰ ਤਸਵੀਰਾਂ ਸਾਂਝੀਆਂ ਕੀਤੀਆਂ। ਪਹਿਲਵਾਨਾਂ ਨੇ ਆਪਣੀ ਪੋਸਟ ਵਿੱਚ ਕਿਹਾ, “ 28 ਮਈ ਨੂੰ ਜੋ ਕੁਝ ਹੋਇਆ ਤੁਸੀਂ ਵੇਖਿਆ। ਪੁਲਿਸ ਨੇ ਸਾਡੇ ਨਾਲ ਕਿਵੇਂ ਵਿਹਾਰ ਕੀਤਾ ਤੇ ਸਾਨੂੰ ਕਿਸ ਢੰਗ ਨਾਲ ਗ੍ਰਿਫ਼ਤਾਰ ਕੀਤਾ। ਅਸੀਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸੀ...ਸਾਡੀ ਥਾਂ ਖੋਹ ਲਈ ਗਈ ਤੇ ਅਗਲੇ ਦਿਨ ਸਾਡੇ ਖ਼ਿਲਾਫ਼ ਗੰਭੀਰ ਕੇਸ ਤੇ ਐੱਫਆਈਆਰ ਦਰਜ ਕੀਤੀ ਗਈ। ਕੀ ਪਹਿਲਵਾਨਾਂ ਨੇ ਉਨ੍ਹਾਂ ਨਾਲ ਕੀਤੇ ਗਏ ਜਿਨਸੀ ਸ਼ੋਸ਼ਣ ਲਈ ਨਿਆਂ ਮੰਗ ਕੇ ਕੋਈ ਗੁਨਾਹ ਕੀਤਾ ਹੈ ? ਪੁਲਿਸ ਤੇ ਸਿਸਟਮ ਸਾਡੇ ਨਾਲ ਅਪਰਾਧੀਆਂ ਵਾਂਗ ਵਿਵਹਾਰ ਕਰ ਰਹੀ ਹੈ, ਜਦੋਂ ਕਿ ਜ਼ੁਲਮ ਕਰਨ ਵਾਲਾ ਚੁਟਕੀ ਲੈਂਦਿਆਂ ਖੁੱਲ੍ਹਾ ਘੁੰਮ ਰਿਹਾ ਹੈ। ਉਹ ਤਾਂ ਪੋਕਸੋ ਐਕਟ ਨੂੰ ਬਦਲਣ ਦੀਆਂ ਸਰ੍ਹੇਆਮ ਗੱਲਾਂ ਕਰ ਰਿਹਾ ਹੈ।” ਪਹਿਲਵਾਨਾਂ ਨੇ ਕਿਹਾ, “ਪੁਲਿਸ ਨੂੰ ਚਾਹੀਦਾ ਹੈ ਕਿ ਉਹ ਜ਼ੁਲਮ ਕਰਨ ਵਾਲੇ ਨੂੰ ਗ੍ਰਿਫ਼ਤਾਰ ਕਰੇ, ਪਰ ਸਿਸਟਮ ਤਾਂ ਪੀੜਤ ਮਹਿਲਾਵਾਂ ਨੂੰ ਆਪਣਾ ਧਰਨਾ ਖ਼ਤਮ ਕਰਨ ਲਈ ਡਰਾ ਧਮਕਾ ਰਿਹਾ ਹੈ।” ਉਧਰ ਅਯੁੱਧਿਆ ਵਿੱਚ ਸਾਧੂਆਂ ਦੇ ਇਕ ਸਮੂਹ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਹਮਾਇਤ ਵਿੱਚ ਅਗਲੇ ਹਫ਼ਤੇ ਰੈਲੀ ਕਰਨ ਦਾ ਐਲਾਨ ਕੀਤਾ ਹੈ।

## ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ

ਗ੍ਰਿਫ਼ਤਾਰ ਕਰ ਲਿਆ। ਦਫ਼ਾ 121-24 ਲਗਾ ਕੇ ਮੁਕੱਦਮਾ ਚਲਾ ਦਿੱਤਾ ਆਪ ਨੂੰ ਤਿੰਨ ਸਾਲ ਦੀ ਸਜਾ ਸੁਣਾ ਗਈ।

4 ਅਪਰੈਲ 1922 ਨੂੰ ਇਹ ਸਜਾ ਸ਼ੁਰੂ ਹੋਈ। ਸ੍ਰ.ਖੜਕ ਸਿੰਘ ਡੇਰਾ ਗ਼ਾਜ਼ੀ ਖ਼ਾਨ ਜੇਲ ਵਿਚ ਸਨ। ਇਸ ਜੇਲ੍ਹ ਵਿੱਚ ਸਿੱਖਾਂ ਨੂੰ ਦਸਤਾਰ ਪਹਿਨਣ ਦੀ ਇਜਾਜ਼ਤ ਸੀ ਪਰ 22 ਜਨਵਰੀ 1923 ਦੇ ਦਿਨ ਜੇਲ੍ਹ ਸੁਪਰਡੈਂਟ ਨੇ ਜਬਰੀ ਸਿੱਖਾਂ ਦੀਆਂ ਦਸਤਾਰਾਂ ਲੁਹਾ ਦਿੱਤੀਆਂ ਜਦ ਸ੍ਰ. ਖੜਕ ਸਿੰਘ ਦੀ ਦਸਤਾਰ ਖੋਹੀ ਗਈ ਉਸ ਨੇ ਕਛਹਿਰੇ ਨੂੰ ਛੱਡ ਕੇ ਆਪਣੇ ਕਪੜੇ ਉਤਾਰ ਕੇ ਜੇਲ੍ਹ ਸੁਪਰਡੈਂਟ ਨੂੰ ਫੜਾ ਦਿੱਤੇ ਇਸ ਤਰਾਂ ਤੇਰ੍ਹਾਂ ਹੋਰ ਸਿੱਖ ਕੈਦੀਆਂ ਨੇ ਵੀ ਕਪੜੇ ਲਾਹ ਕੇ ਫੜਾ ਦਿੱਤੇ। ਇਹਨਾਂ ਨੇ ਕਿਹਾ ਉਸ ਸਮੇਂ ਕਪੜੇ ਪਾਵਾਂਗੇ ਜਦ ਦਸਤਾਰਾਂ ਮਿਲਨਗੀਆਂ। ਜੇਲ੍ਹ ਅੰਦਰ ਕਛਹਿਰੇ ਵਿੱਚ ਰਹਿਣ ਕਰਕੇ ਇਹਨਾਂ ਦੀ ਸਜਾ ਤਿੰਨ ਵਾਰ ਹੋਰ ਵਧਾਈ ਗਈ ਪਹਿਲੀ ਵਾਰ ਨੌਂ ਮਹੀਨੇ, ਦੂਜੀ ਵਾਰ ਪੰਜ ਮਹੀਨੇ ਅਤੇ ਤੀਜੀ ਵਾਰ ਛੇ ਮਹੀਨੇ

ਵਧਾ ਦਿੱਤੀ ਗਈ। ਫਿਰ ਇਹ ਪੰਜ ਸਾਲ ਦੀ ਸਜਾ ਕੱਟ ਕੇ ਕਛਹਿਰੇ ਵਿੱਚ ਹੀ 4 ਜੂਨ 1927 ਨੂੰ ਰਿਹਾ ਹੋਏ।

ਪੰਜਾਬ ਕੌਂਸਲ ਵਿੱਚ ਗੁਰਦੁਆਰਾ ਐਕਟ ਪਾਸ ਹੋਣ 'ਤੇ 1 ਨਵੰਬਰ 1925 ਨੂੰ ਗੁਰਦੁਆਰਾ ਐਕਟ ਦੀ ਵਰਤੋਂ ਸ਼ੁਰੂ ਹੋਈ। 19 ਜੂਨ 1926 ਨੂੰ ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਚੋਣ ਹੋਈ ਜਿਸ ਵਿੱਚ ਦੋ ਪਾਰਟੀਆਂ ਬਣ ਗਈਆਂ। ਇੱਕ ਸ੍ਰ. ਮਹਿਤਾਬ ਸਿੰਘ ਦੀ ਪਾਰਟੀ, ਦੂਜੀ ਮਾਸਟਰ ਤਾਰਾ ਸਿੰਘ ਦੀ ਅਕਾਲੀ ਪਾਰਟੀ। 2 ਅਕਤੂਬਰ 1926 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਹੋਈ ਜਿਸ ਵਿੱਚ ਸ੍ਰ. ਖੜਕ ਸਿੰਘ ਨੂੰ ਜੇਲ੍ਹ ਵਿੱਚ ਬੈਠਿਆਂ ਹੀ ਪ੍ਰਧਾਨ ਚੁਣ ਲਿਆ। ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ।

1947 ਦੀ ਵੰਡ ਬਾਅਦ ਸ੍ਰ. ਖੜਕ ਸਿੰਘ ਜੀ ਪਰਿਵਾਰ ਸਮੇਤ ਦਿੱਲੀ ਵਿੱਚ ਆ ਵਸੇ ਉਹਨਾਂ ਨੂੰ ਪਾਕਿਸਤਾਨ ਵਿੱਚ ਰਹਿ ਗਈ ਜਾਇਦਾਦ ਦਾ ਕਲੇਮ ਮਿਲ ਗਿਆ ਸੀ। ਅਲੀਪੁਰ ਰੋਡ ਦਿੱਲੀ ਦੀ ਇੱਕ ਕੋਠੀ ਵਿੱਚ ਨਿਵਾਸ ਕਰਦੇ ਸਨ। ਸਿੱਖੀ ਸਿਦਕ ਭਰੋਸੇ ਦੇਸ਼ ਭਗਤੀ ਦਾ ਸ਼ਾਨਦਾਰ ਜੀਵਨ ਬਤੀਤ ਕਰਦੇ ਹੋਏ 6 ਅਕਤੂਬਰ 1963 ਨੂੰ ਦਿੱਲੀ ਵਿੱਚ ਹੀ ਗੁਰੂ ਚਰਨਾ ਵਿੱਚ ਜਾ ਬਿਰਾਜੇ ਸਨ।

***

## ਹਿਰਾਸਤ 'ਚ ਰੱਖੇ ਗਏ ਭਾਰਤ ਦੇ ਚੈਂਪੀਅਨ,

ਦਿੱਤਾ ਹੈ। ਇਹ ਕਿਹੋ ਡੈਮੋਕਰੇਸੀ ਹੈ ਜਾਂ ਗੁੰਡਾਗਰਦੀ ਹੈ?

ਪਹਿਲਵਾਨ ਬਜਰੰਗ ਪੂਨੀਆ ਨੇ ਵੀ ਪੁੱਛਿਆ-

ਕੀ ਕੋਈ ਵੀ ਸਰਕਾਰ ਆਪਣੇ ਦੇਸ਼ ਦੇ ਚੈਂਪੀਅਨਾਂ ਨਾਲ ਅਜਿਹਾ ਸਲੂਕ ਕਰਦੀ ਹੈ? ਅਸੀਂ ਕਿਹੜਾ ਅਪਰਾਧ ਕੀਤਾ ਹੈ?

ਵਿਨੇਸ਼ ਫੋਗਾਟ ਨੇ ਦੋਸ਼ ਲਗਾਇਆ ਸੀ-

ਜੰਤਰ-ਮੰਤਰ 'ਤੇ ਖੁੱਲ੍ਹੇਆਮ ਲੋਕ-ਤੰਤਰ ਦਾ ਕਤਲ ਹੋਇਆ ਹੈ। ਇੱਕ ਪਾਸੇ ਪ੍ਰਧਾਨ ਮੰਤਰੀ ਨੇ ਲੋਕ-ਤੰਤਰ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ ਹੈ, ਦੂਜੇ ਪਾਸੇ ਸਾਡੇ ਲੋਕਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਸਨ। ਇਸ ਦਾ ਸਾਫ ਅਰਥ ਹੈ ਕਿ ਸਟੇਟ ਸਾਨੂੰ ਇਨਸਾਫ ਨਹੀਂ ਦੇਣਾ ਚਾਹੁੰਦੀ। ਵਿਨੇਸ਼ ਨੇ ਟਵਿੱਟਰ 'ਤੇ ਲਿਖਿਆ, 'ਦਿੱਲੀ ਪੁਲਿਸ ਨੇ ਸਾਡੇ ਨਾਲ ਜਿਨਸੀ ਸ਼ੋਸ਼ਣ ਕਰਨ ਵਾਲੇ ਬ੍ਰਿਜ ਭੂਸ਼ਣ ਵਿਰੁੱਧ ਐਫਆਈਆਰ ਦਰਜ ਕਰਨ ਲਈ 7 ਦਿਨ ਦਾ ਸਮਾਂ ਲਿਆ ਅਤੇ ਸ਼ਾਂਤੀਪੂਰਨ ਅੰਦੋਲਨ ਕਰਨ ਲਈ ਸਾਡੇ ਵਿਰੁੱਧ ਐਫਆਈਆਰ ਦਰਜ ਕਰਨ ਲਈ 7 ਘੰਟੇ ਵੀ ਨਹੀਂ ਲਏ। ਕੀ ਇਸ ਦੇਸ਼ ਵਿੱਚ ਤਾਨਾਸ਼ਾਹੀ ਸ਼ੁਰੂ ਹੋ ਗਈ ਹੈ? ਪੂਰੀ ਦੁਨੀਆ ਦੇਖ ਰਹੀ ਹੈ ਕਿ ਸਰਕਾਰ ਆਪਣੇ ਖਿਡਾਰੀਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕਰ ਰਹੀ ਹੈ।

ਦੂਜੇ ਪਾਸੇ ਟੋਕੀਓ ਉਲੰਪਿਕ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਸਟਾਰ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਸਾਕਸ਼ੀ ਮਲਿਕ ਦੀ ਇਕ ਵੀਡੀਓ ਨੂੰ ਰੀਟਵੀਟ ਕੀਤਾ ਅਤੇ ਲਿਖਿਆ, 'ਇਹ ਦੇਖ ਕੇ ਮੈਂ ਬਹੁਤ ਦੁਖੀ ਹਾਂ। ਇਸ ਨਾਲ ਨਜਿੱਠਣ ਦਾ ਕੋਈ ਵਧੀਆ ਤਰੀਕਾ ਹੋਣਾ ਚਾਹੀਦਾ ਹੈ। ਨੀਰਜ ਚੋਪੜਾ ਪਹਿਲਾਂ ਹੀ ਪਹਿਲਵਾਨਾਂ ਦੇ ਧਰਨੇ ਨੂੰ ਆਪਣਾ ਸਮਰਥਨ ਦੇ ਚੁੱਕੇ ਹਨ।

ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਨੇ ਟਵੀਟ ਕੀਤਾ-

ਜਿਸ ਵਹਿਸ਼ੀ ਨੂੰ ਫੜ ਕੇ ਜੇਲ੍ਹ ਵਿੱਚ ਡੱਕਣਾ ਸੀ, ਉਹ ਆਜ਼ਾਦ ਘੁੰਮ ਰਿਹਾ ਹੈ। ਜਿਨ੍ਹਾਂ ਦੀ ਇੱਜ਼ਤ ਦੀ ਰਾਖੀ ਹੋਣੀ ਸੀ, ਉਨ੍ਹਾਂ ਨੂੰ ਦਿੱਲੀ ਦੀਆਂ ਸੜਕਾਂ 'ਤੇ ਘਸੀਟਿਆ ਜਾ ਰਿਹਾ ਹੈ। ਅਸੀਂ 'ਹਿਟਲਰ ਦੇ ਰਾਜ' ਬਾਰੇ ਸੁਣਿਆ ਸੀ ਪਰ ਹੁਣ ਅਸੀਂ ਮੋਦੀ ਜੀ ਦੇ ਰਾਜ ਵਿੱਚ ਅਸੀਂ ਇਸ ਦੇ ਗਵਾਹ ਹਾਂ ਕਿ ਮੋਦੀ ਸਰਕਾਰ ਇੱਕ ਅਪਰਾਧੀ ਨੂੰ ਬਚਾਉਣ ਲਈ ਕਿਸ ਹੱਦ ਤੱਕ ਝੁਕੇਗੀ।

## ਸਫਾਈ ਕਰਮਚਾਰੀਆਂ ਦੀ

ਜਿੱਥੇ ਵੀ ਮੌਤਾਂ ਹੁੰਦੀਆਂ ਹਨ, ਉਥੋਂ ਦੇ ਜ਼ਿਲ੍ਹਾ ਅਧਿਕਾਰੀ ਨੂੰ ਇਸ ਦਾ ਜ਼ਿੰਮੇਵਾਰ ਮੰਨਿਆ ਜਾਵੇ। ਇਨ੍ਹਾਂ ਮੌਤਾਂ ਦਾ ਸਿੱਧਾ ਸੰਬੰਧ ਸਮਾਜ ਵਿੱਚ ਚੱਲ ਰਹੀ ਛੂਤਛਾਤ ਦੀ ਪ੍ਰਥਾ ਤੇ ਜਾਤੀਗਤ ਅੱਤਿਆਚਾਰ ਨਾਲ ਹੈ। ਇਸ ਮਾੜੇ ਚੱਕਰ ਨੂੰ ਤੋੜਨ ਲਈ ਸਰਕਾਰ ਇਕ ਵਿਆਪਕ ਸਪੈਸ਼ਲ ਪੈਕੇਜ ਦਾ ਐਲਾਨ ਕਰੇ, ਜਿਸ ਵਿਚ ਪੀੜਤ ਪਰਵਾਰ ਦੇ ਵਿਕਾਸ ਦੀ ਗਰੰਟੀ ਹੋਵੇ।ਸਰਕਾਰੀ ਰੁਜ਼ਗਾਰ ਦੀ ਗਰੰਟੀ, ਬੱਚਿਆਂ ਦੀ ਉਚ ਸਿੱਖਿਆ ਦੀ ਗਰੰਟੀ, ਘਰ ਤੇ ਡਾਕਟਰੀ ਕਾਰਡ ਦੀ ਗਰੰਟੀ। ਸਰਕਾਰੀ ਸਰਵੇਖਣ ਟੈਂਕਾਂ ਦੀ ਸਫਾਈ ਦੌਰਾਨ ਹੁਣ ਤੱਕ 2000 ਮੌਤਾਂ ਦੀ ਗੱਲ ਕਰਦੇ ਹਨ, ਪਰ ਹਕੀਕਤ ਵਿਚ ਗਿਣਤੀ ਕਿਤੇ ਵੱਧ ਹੈ।

***

## ਮੋਦੀ ਦੇ ਰੂਪ 'ਚ ਹਿੰਦੂ ਰਾਸ਼ਟਰ

ਸਾਰਿਆਂ ਨੇ ਕਿਹਾ ਕਿ ਨਹਿਰੂ ਸੇਂਗੋਲ ਨੂੰ ਸੱਤਾ ਦੇ ਤਬਾਦਲੇ ਦੇ ਪ੍ਰਤੀਕ ਵਜੋਂ ਸਵੀਕਾਰ ਨਹੀਂ ਕਰ ਸਕਦੇ ਸਨ। ਨਹਿਰੂ ਰਿਪਬਲਿਕਨ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ ਰੱਖਦੇ ਸਨ। ਉਹਨਾਂ ਅਨੁਸਾਰ ਸੱਤਾ ਸਿਰਫ਼ ਜਨਤਕ ਸ਼ਕਤੀ ਹੋ ਸਕਦੀ ਹੈ, ਇਸ ਦਾ ਸਰੋਤ ਜਨਤਾ ਹੈ। ਭਾਰਤੀ ਸੰਵਿਧਾਨ ਵਿੱਚ ਇਹੀ ਲਿਖਿਆ ਹੈ।ਭਾਰਤੀ ਸੰਵਿਧਾਨ ਕੋਈ ਬ੍ਰਾਹਮਣ ਦਾ ਰਚਿਆ ਕਾਨੂੰਨ ਨਹੀਂ ਹੈ। ਇਸ ਦਾ ਸ੍ਰੋਤ ਰਾਜਾ ਦੇ ਰੂਪ ਵਿੱਚ ਦੇਵਤਾ ਨਹੀਂ ਹੈ ਅਤੇ ਨਾ ਹੀ ਬ੍ਰਾਹਮਣਾਂ ਨੂੰ ਅਜਿਹਾ ਸਾਬਤ ਕਰਨ ਦਾ ਅਧਿਕਾਰ ਹੈ।

ਨਹਿਰੂ ਨੇ ਇਹ ਸਭ ਨਿੱਜੀ ਤੌਰ 'ਤੇ ਕੀਤਾ ਸੀ। ਅਧਿਕਾਰਤ ਤੌਰ 'ਤੇ ਅਜਿਹਾ ਕਰਨ ਦਾ ਫੈਸਲਾ ਵੀ ਉਹ ਨਹੀਂ ਲੈ ਸਕੇ। ਕਿਉਂਕਿ ਸਿਰਫ਼ ਸੰਵਿਧਾਨ ਸਭਾ ਹੀ ਸਾਰੇ ਫ਼ੈਸਲੇ ਲੈ ਸਕਦੀ ਸੀ। ਸੱਤਾ ਦਾ ਤਬਾਦਲਾ ਕਿਵੇਂ ਹੋਵੇ ਇਸ ਦਾ ਫੈਸਲਾ ਜਨ ਪ੍ਰਤੀਨਿਧੀ ਸਭਾ ਦੇ ਪ੍ਰਸਤਾਵ ਦੁਆਰਾ ਹੋਇਆ ਸੀ। ਇਸ ਵਿਚਾਰ ਲਈ 75 ਸਾਲ ਦੇ ਇਤਿਹਾਸਕ ਕਾਲ ਵਿਚੋਂ ਲੰਘਣ ਦੀ ਲੋੜ ਹੈ।

ਨਰਿੰਦਰ ਮੋਦੀ ਰਾਜ ਸੱਤਾ ਦੇ ਇਸ ਪ੍ਰਤੀਕ ਨੂੰ ਮੁੜ ਜੀਵਨ ਦੇਣਾ ਚਾਹੁੰਦੇ ਹਨ। ਇਸ ਅਨੁਸਾਰ ਉਹ ਆਪਣੇ ਆਪ ਨੂੰ ਲੋਕਾਂ ਦਾ ਨੁਮਾਇੰਦਾ ਨਹੀਂ, ਸਗੋਂ ਬ੍ਰਾਹਮਣ ਪਰੰਪਰਾ ਅਨੁਸਾਰ ਉਹ ਆਪਣੇ ਆਪ ਨੂੰ ਰੱਬ ਦੁਆਰਾ ਨਿਯੁਕਤ ਰਾਜਾ ਸਮਝ ਰਹੇ ਹਨ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿਉਂਕਿ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਸੁਪਨਾ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਪੇਸ਼ਵਿਆਂ ਦੇ ਰਾਜਤੰਤਰ ਦੀ ਵਾਪਸੀ ਸੀ। ਮੋਦੀ ਦੇ ਰੂਪ ਵਿੱਚ ਉਹ ਨਵੇਂ ਪੇਸ਼ਵਾ ਦੀ ਤਾਜਪੋਸ਼ੀ ਚਾਹੁੰਦੇ ਸਨ। ਭਾਜਪਾ ਦੇ ਸਾਰੇ ਸੰਸਦ ਮੈਂਬਰ ਆਪਣੇ ਆਪ ਨੂੰ ਮੋਦੀ ਦੇ ਦਰਬਾਰੀ ਸਮਝਦੇ ਸਨ।

***

## ਅਮਰੀਕਾ ਲਈ ਵੱਡੀ ਚੁਣੌਤੀ ਬਣਿਆ ਨਸ਼ਾ,

ਦੀ ਓਵਰਡੋਜ਼ ਕਾਰਣ ਮੌਤਾਂ ਵਿੱਚ ਭਾਰੀ ਵਾਧਾ ਹੋਇਆ ਹੈ।

ਫਿਲਾਡੇਲਫੀਆ ਦੇ ਸਿਹਤ ਅਧਿਕਾਰੀਆਂ ਨੇ ਪਿਛਲੇ ਮਹੀਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਨਸ਼ੇ ਦੀ ਮਹਾਂਮਾਰੀ ਨੇ ਸ਼ਹਿਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਨਿਊਯਾਰਕ ਪੋਸਟ ਦੇ ਅਨੁਸਾਰ, ਫਿਲਡੇਲਫਿਯਾ ਡਿਪਾਰਟਮੈਂਟ ਆਫ ਹੈਲਥ ਅਤੇ ਬੋਰਡ ਆਫ ਹੈਲਥ ਨੇ ਕਿਹਾ, ਜ਼ਾਈਲਾਜ਼ੀਨ ਨਸ਼ੇ ਨੇ ਫਿਲਾਡੇਲਫਿਯਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਦੀ ਗਿਣਤੀ ਵਧੀ ਹੈ। ਜੋ ਲੋਕ ਇਸ ਦੀ ਵਰਤੋਂ ਕਰਦੇ ਹਨ, ਉਹਨਾਂ ਨੂੰ ਗੰਭੀਰ ਜ਼ਖ਼ਮ ਵੀ ਹੋ ਸਕਦੇ ਹਨ।

***

## ਆਈ.ਪੀ.ਐਲ.2023

ਹੋਏ ਗਿੱਲ ਨੂੰ ਪੈਵੇਲੀਅਨ ਭੇਜਿਆ, ਜਦਕਿ ਗੇਂਦਬਾਜ਼ ਰਵਿੰਦਰ ਜਡੇਜਾ ਸੀ। ਗਿੱਲ ਨੇ ਇਸ ਸੀਜ਼ਨ ਵਿੱਚ 17 ਮੈਚਾਂ 'ਚ 59.33 ਦੀ ਔਸਤ ਅਤੇ 157.80 ਦੇ ਸਟ੍ਰਾਈਕ ਰੇਟ ਨਾਲ 890 ਦੌੜਾਂ ਬਣਾਈਆਂ, ਜੋ ਆਈ.ਪੀ.ਐੱਲ. ਦੇ ਇਤਿਹਾਸ ਵਿੱਚ ਕਿਸੇ ਬੱਲੇਬਾਜ਼ ਦਾ ਦੂਜਾ ਸਰਵੋਤਮ ਪ੍ਰਦਰਸ਼ਨ ਹੈ। ਸਾਹਾ ਨੇ ਇਸ ਆਈ. ਪੀ. ਐੱਲ. 'ਚ ਆਪਣਾ ਦੂਜਾ ਅਰਧ ਸੈਂਕੜਾ 13ਵੇਂ ਓਵਰ ਵਿੱਚ ਪੂਰਾ ਕੀਤਾ। ਉਸ ਦੇ ਅਤੇ ਸਾਈ ਸੁਦਰਸ਼ਨ ਵਿਚਕਾਰ 64 ਦੌੜਾਂ ਦੀ ਸਾਂਝੇਦਾਰੀ 14ਵੇਂ ਓਵਰ ਵਿੱਚ ਖ਼ਤਮ ਹੋਈ, ਜਦੋਂ ਚਾਹਰ ਨੇ ਉਸ ਨੂੰ ਧੋਨੀ ਦੇ ਹੱਥੋਂ ਕੈਚ ਕਰਵਾ ਦਿੱਤਾ। ਸਾਹਾ ਨੇ 39 ਗੇਂਦਾਂ 'ਚ 5 ਚੌਕਿਆਂ ਅਤੇ 1 ਛੱਕੇ ਦੀ ਮਦਦ ਨਾਲ 54 ਦੌੜਾਂ ਬਣਾਈਆਂ। ਗੁਜਰਾਤ ਲਈ ਇਸ ਸੀਜ਼ਨ ਦੇ ਦੂਜੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਸੁਦਰਸ਼ਨ ਨੇ ਆਪਣਾ ਤੀਜਾ ਅਰਧ ਸੈਂਕੜਾ ਮਥੀਸ਼ਾ ਪਥਿਰਾਨਾ ਨੂੰ ਲਗਾਤਾਰ ਚੌਕੇ ਲਗਾ ਕੇ ਪੂਰਾ ਕੀਤਾ।

***

## ਪਾਕਿਸਤਾਨ ਖ਼ਾਲਸਾ ਸਿੱਖ ਕੌਂਸਲ ਦੇ

ਇਸ ਲਈ ਉਸ ਨੂੰ ਮੈਰੀਅਟ ਵਿੱਚ ਦਾਖਲੇ ਦੀ ਮਨਾਹੀ ਕਰ ਦਿੱਤੀ ਗਈ ਸੀ।

ਉਨ੍ਹਾਂ ਅਨੁਸਾਰ ਸਿੱਖ ਧਰਮ ਵਿੱਚ ਕ੍ਰਿਪਾਨ ਦੀ ਮਹੱਤਤਾ ਬਾਰੇ ਵਾਰ-ਵਾਰ ਜਾਣੂ ਕਰਵਾਉਣ ਦੇ ਬਾਵਜੂਦ ਮੈਰੀਟੋਰੀਅਸ ਦੇ ਸੁਰੱਖਿਆ ਅਮਲੇ ਨੇ ਕ੍ਰਿਪਾਨ ਨੂੰ ਹਥਿਆਰ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਉਹ ਸਮਾਗਮ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ ਤਾਂ ਇਸ ਨੂੰ ਸੁਰੱਖਿਆ ਦੇ ਨਾਲ ਜਮ੍ਹਾ ਕਰਵਾਉਣ। ਉਹ ਦਾਅਵਾ ਕਰਦੇ ਹਨ ਕਿ ਮੈਰੀਅਟ ਪ੍ਰਬੰਧਨ ਅਤੇ ਸਟਾਫ ਨੇ ਵੀ ਹਿੰਦੂ ਅਤੇ ਇਸਾਈ ਭਾਈਚਾਰਿਆਂ ਦੇ ਧਾਰਮਿਕ ਨੇਤਾਵਾਂ ਦੇ ਸਪੱਸ਼ਟੀਕਰਨ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਜੋ ਇਸੇ ਕਾਰਨ ਕਰਕੇ ਉੱਥੇ ਸਨ। ਉਸ ਦਾ ਕਹਿਣਾ ਹੈ ਕਿ ਹਿੰਦੂ ਅਤੇ ਈਸਾਈ ਧਾਰਮਿਕ ਆਗੂਆਂ ਨੇ ਉਸ ਨਾਲ ਇਕਜੁੱਟਤਾ ਦਿਖਾਈ ਅਤੇ ਮੀਟਿੰਗ ਨੂੰ ਛੱਡ ਦਿੱਤਾ।

ਸਰਦਾਰ ਅਮਰ ਸਿੰਘ ਨੇ ਆਪਣੇ ਵੀਡੀਓ ਬਿਆਨ ਵਿੱਚ ਪਾਕਿਸਤਾਨ ਅਤੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਨੂੰ ਧਾਰਮਿਕ ਚਿੰਨ੍ਹਾਂ ਦੀ ਨਿਰਾਦਰੀ ਵਿਰੁੱਧ ਆਪਣੀ ਲੜਾਈ ਵਿੱਚ ਸਮਰਥਨ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਰਾਚੀ ਪ੍ਰੈੱਸ ਕਲੱਬ, ਸਿੰਧ ਦੇ ਗਵਰਨਰ ਅਤੇ ਸਿੰਧ ਦੇ ਮੁੱਖ ਮੰਤਰੀ ਨੂੰ ਲਿਖਤੀ ਸ਼ਿਕਾਇਤ ਕਰਨ ਤੋਂ ਇਲਾਵਾ, ਉਹ ਇਸ ਮਾਮਲੇ ਨੂੰ ਪੀਕੇਐਸਸੀ ਅਤੇ ਐਨਪੀਸੀ ਐਂਡ ਆਈਐਚ ਰਾਹੀਂ ਉੱਚ ਪੱਧਰ 'ਤੇ ਉਠਾਉਣਗੇ। ਅੰਤ ਵਿੱਚ ਉਨ੍ਹਾਂ ਪਾਕਿਸਤਾਨ ਦੇ ਚੀਫ਼ ਜਸਟਿਸ ਨੂੰ ਅਪੀਲ ਕੀਤੀ ਕਿ ਉਹ ਸਿੱਖ ਧਾਰਮਿਕ ਚਿੰਨ੍ਹਾਂ ਨੂੰ ਮਾਨਤਾ ਦੇਣ ਵਾਲਾ ਕਾਨੂੰਨ ਪਾਸ ਕਰਨ ਤਾਂ ਜੋ ਭਵਿੱਖ ਵਿੱਚ ਅਜਿਹੇ ਹਾਲਾਤ ਪੈਦਾ ਨਾ ਹੋਣ।

****

## ਕੈਨੇਡਾ 'ਚ ਗੈਂਗਸਟਰ ਅਮਰਪ੍ਰੀਤ ਸਮਰਾ ਦੀ ਗੋਲੀਆਂ ਮਾਰ ਕੇ ਹੱਤਿਆ

ਕੁਝ ਮਿੰਟਾਂ ਬਾਅਦ ਜਿਵੇਂ ਹੀ ਅਮਰਪ੍ਰੀਤ ਸਮਰਾ ਹਾਲ 'ਚੋਂ ਬਾਹਰ ਨਿਕਲਿਆ ਤਾਂ ਕਿਸੇ ਨੇ ਉਸ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਉਸ ਦੀ ਮੌਕੇ 'ਤੇ ਮੌਤ ਹੋ ਗਈ। ਪੁਲਿਸ ਤਰਜਮਾਨ ਬੀਬੀ ਤਾਨੀਆ ਵਿੰਸਟਨ ਨੇ ਦੱਸਿਆ ਕਿ ਮੁੱਢਲੇ ਵੇਰਵਿਆਂ ਅਨੁਸਾਰ ਇਹ ਹੱਤਿਆ ਦੋ ਗਿਰੋਹਾਂ ਦੀ ਪੁਰਾਣੀ ਦੁਸ਼ਮਣੀ ਦਾ ਨਤੀਜਾ ਹੈ। ਬੀਬੀ ਤਾਨੀਆ ਨੇ ਵਿਆਹ ਵਿੱਚ ਸ਼ਾਮਲ ਵਿਅਕਤੀ ਦੇ ਹਵਾਲੇ ਨਾਲ ਦੱਸਿਆ ਕਿ ਕਤਲ ਕਰਨ ਤੋਂ ਬਾਅਦ ਇੱਕ ਹਮਲਾਵਰ ਹਾਲ ਦੇ ਅੰਦਰ ਆਇਆ ਤੇ ਭੰਗੜਾ ਬੰਦ ਕਰਨ ਲਈ ਕਿਹਾ। ਉਸ ਦੇ ਹੱਥ ਵਿੱਚ ਮਸ਼ੀਨ ਗੰਨ ਵੇਖ ਕੇ ਵਿਆਹ 'ਚ ਸ਼ਾਮਲ 50-60 ਲੋਕ ਭੱਜ ਕੇ ਕੰਧਾਂ ਓਹਲੇ ਜਾ ਲੁਕੇ। ਕਾਤਲ ਸਭ ਨੂੰ ਵੰਗਾਰਦੇ ਹੋਏ ਬੜੇ ਆਰਾਮ ਨਾਲ ਅੰਦਰੋਂ ਬਾਹਰ ਚਲਾ ਗਿਆ। ਉਸ ਤੋਂ ਕੁਝ ਮਿੰਟਾਂ ਬਾਅਦ ਸਰੀ ਤੇ ਡੈਲਟਾ ਵਿਚਲੀ ਸੜਕ ਉੱਤੇ ਕਾਰ ਨੂੰ ਅੱਗ ਲਾਈ ਗਈ। ਪੁਲੀਸ ਦਾ ਮੰਨਣਾ ਹੈ ਕਿ ਦੋਸ਼ੀਆਂ ਨੇ ਉਹੀ ਕਾਰ ਵਾਰਦਾਤ ਸਥਾਨ ਤੋਂ ਭੱਜਣ ਲਈ ਵਰਤੀ ਹੋਵੇਗੀ ਤੇ ਪਹਿਲਾਂ ਵਾਂਗ ਸਬੂਤ ਖਤਮ ਕਰਨ ਲਈ ਉਸ ਨੂੰ ਸਾੜ ਦਿੱਤਾ।

**

## ਹੁਸ਼ਿਆਰਪੁਰ ਦੇ ਜੰਮਪਲ ਚਮਨ ਲਾਲ

ਉਨ੍ਹਾਂ ਇਸ ਮੌਕੇ ਸਾਥੀ ਕੌਂਸਲਰਾਂ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਬਰਮਿੰਘਮ ਸਿਟੀ ਕੌਂਸਲ ਮੁਤਾਬਕ ਚਮਨ ਲਾਲ ਦੇ ਪਿਤਾ ਸਰਦਾਰ ਹਰਨਾਮ ਸਿੰਘ ਬੰਗਾ ਬਰਤਾਨਵੀ-ਭਾਰਤੀ ਫ਼ੌਜ ਦੇ ਅਧਿਕਾਰੀ ਸਨ ਜਿਨ੍ਹਾਂ ਦੂਜੀ ਵਿਸ਼ਵ ਜੰਗ ਵਿੱਚ ਸੇਵਾਵਾਂ ਦਿੱਤੀਆਂ। ਚਮਨ ਲਾਲ ਦੇ ਪਿਤਾ 1954 ਵਿੱਚ ਇੰਗਲੈਂਡ ਆ ਗਏ ਤੇ ਬਰਮਿੰਘਮ 'ਚ ਵਸ ਗਏ। ਇਸ ਤੋਂ ਬਾਅਦ ਉਨ੍ਹਾਂ ਕਈ ਤਰ੍ਹਾਂ ਦੀਆਂ ਉਦਯੋਗਿਕ ਇਕਾਈਆਂ ਵਿਚ ਕੰਮ ਕੀਤਾ ਜਿਸ ਵਿਚ ਸਟੀਲ ਫੈਕਟਰੀ (ਬ੍ਰਿਟਿਸ਼ ਸਟੀਲ) ਦਾ ਕੰਮ ਵੀ ਸ਼ਾਮਲ ਸੀ। ਚਮਨ ਲਾਲ ਮਾਂ ਜੈ ਕੌਰ ਨਾਲ 1964 ਵਿੱਚ ਆਪਣੇ ਪਿਤਾ ਕੋਲ ਇੰਗਲੈਂਡ ਪਹੁੰਚੇ ਸਨ। ਉਨ੍ਹਾਂ ਸੈਕੰਡਰੀ ਤੱਕ ਦੀ ਪੜ੍ਹਾਈ ਵਾਟਵਿਲੇ ਮੌਡਰਨ ਸਕੂਲ ਤੋਂ ਕੀਤੀ। ਇਸ ਤੋਂ ਬਾਅਦ ਉਹ ਸੈਂਡਵੈੱਲ ਤੇ ਮੈਥਿਊ ਬੋਲਟਨ ਕਾਲਜ ਵਿਚ ਸ਼ਾਮ ਦੀਆਂ ਕਲਾਸਾਂ ਵੀ ਲਾਉਂਦੇਰਹੇ। ਸਿਟੀ ਕੌਂਸਲ ਮੁਤਾਬਕ ਚਮਨ ਲਾਲ ਲਗਾਤਾਰ ਸਿੱਖਦੇ ਰਹੇ ਤੇ ਪੜ੍ਹਾਈ ਜਾਰੀ ਰੱਖੀ। ਉਨ੍ਹਾਂ ਸਥਾਨਕ ਪੌਲੀਟੈਕਨਿਕ ਤੋਂ ਅਰਥਸ਼ਾਸਤਰ ਤੇ ਲਾਅ ਦੇ ਪਾਰਟ-ਟਾਈਮ ਡਿਗਰੀ ਕੋਰਸ ਵੀ ਕੀਤੇ। ਮਗਰੋਂ ਉਨ੍ਹਾਂ ਇਲੈਕਟ੍ਰੌਨਿਕਸ ਇੰਜਨੀਅਰ ਦੀ ਯੋਗਤਾ ਹਾਸਲ ਕੀਤੀ ਤੇ ਇਕ ਇਲੈਕਟ੍ਰੌਨਿਕਸ ਕੰਪਨੀ ਦੇ ਸਰਵਿਸ ਵਿਭਾਗ 'ਚ ਸਭ ਤੋਂ ਘੱਟ ਉਮਰ ਦੇ ਚੀਫ ਇੰਜਨੀਅਰ ਬਣੇ। ਇਸੇ ਵਿਭਾਗ ਦੇ ਉਹ ਮਗਰੋਂ ਮੈਨੇਜਰ ਵੀ ਬਣੇ। ਉਨ੍ਹਾਂ ਮਗਰੋਂ ਆਪਣੇ ਕਾਰੋਬਾਰ ਵੀ ਸ਼ੁਰੂ ਕੀਤੇ। ਸੰਨ 1971 ਵਿਚ ਚਮਨ ਨੇ ਵਿਦਿਆਵਤੀ ਨਾਲ ਵਿਆਹ ਕਰਾਇਆ। ਜੋੜੇ ਦੇ ਤਿੰਨ ਧੀਆਂ ਤੇ ਦੋ ਪੁੱਤਰ ਹਨ। ਸਿਆਸਤ ਵਿੱਚ ਪੈਰ ਉਨ੍ਹਾਂ 1989 ਵਿੱਚ ਰੱਖਿਆ ਜਦ ਉਹ ਲੇਬਰ ਪਾਰਟੀ ਦੇ ਮੈਂਬਰ ਬਣੇ।

***

## ਸੈਕਰਾਮੈਂਟੋ ਵਿੱਚ ਕਬੱਡੀ ਟੂਰਨਾਮੈਂਟ

ਤਾਰੀ ਡੱਬ੍ਹ, ਨਰਿੰਦਰ ਔਜਲਾ, ਅਮਨਦੀਪ ਸੰਧੂ, ਗੁਰਚਰਨ ਚੰਨੀ, ਰਾਮਪਾਲ ਨਿੱਝਰ ਇਸ ਮੌਕੇ ਮੁੱਖ ਕੱਬਡੀ ਪ੍ਰੋਮੋਟਰਾਂ ਵਜੋਂ ਇਸ ਟੂਰਨਾਮੈਂਟ ਵਿੱਚ ਸ਼ਾਮਿਲ ਸਨ। ਇਸ ਕਬੱਡੀ ਮੈਚਾਂ ਦੀ ਕੁਮੈਂਟਰੀ ਮੱਖਣ ਅਲੀ , ਕਾਲਾ ਰਾਸ਼ੀਨ, ਸੁਰਜੀਤ ਕਕਰਾਲੀ ਨੇ ਕੀਤੀ ਤੇ ਵਿਸ਼ੇਸ਼ ਤੌਰ 'ਤੇ ਇਸ ਸਾਰੇ ਟੂਰਨਾਮੈਂਟ ਦੀ ਸੰਚਾਲਣਾ ਮੁੱਖ ਸਟੇਜ਼ ਤੋਂ ਬੀਬੀ ਆਸ਼ਾ ਸ਼ਰਮਾ ਨੇ ਬੜੀ ਤਰਤੀਬ ਨਾਲ ਕੀਤੀ।

ਟੂਰਨਾਮੈਂਟ ਵਿੱਚ ਵੱਖ ਵੱਖ ਸ਼ਖ਼ਸੀਅਤਾਂ ਨੂੰ ਉਹਨਾਂ ਦੇ ਖੇਡ ਤੇ ਸੱਭਿਆਚਾਰ ਵਿੱਚ ਪਾਏ ਯੋਗਦਾਨ ਬਦਲੇ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਬੰਤ ਸਿੰਘ ਨਿੱਝਰ ਕਨੇਡਾ, ਜੌਨ ਸਿੰਘ ਗਿੱਲ, ਅਮੋਲਕ ਗਾਖਲ, ਬੀਬੀ ਆਸ਼ਾ ਸ਼ਰਮਾ ,ਮਾਇਕ ਬੋਪਾਰਾਏ, ਬਲਜੀਤ ਬਾਸੀ, ਮੱਖਣ ਧਾਲੀਵਾਲ, ਵਿੱਕੀ ਫੈਲਾਡਾਲਫੀਆਂ, ਆਦਿ ਨੂੰ ਸਨਮਾਨਿਤ ਕੀਤਾ ਗਿਆ।

ਇਸ ਟੂਰਨਾਮੈਂਟ ਵਿੱਚ ਸ਼ਾਮਿਲ ਭਾਰੀ ਗਿਣਤੀ ਵਿਚ ਮਰਦਾਂ ਤੋਂ ਇਲਾਵਾ ਬੀਬੀਆਂ ਨੇ ਵੀ ਇਸ ਕੱਬਡੀ ਖੇਡ ਦਾ ਆਨੰਦ ਮਾਣਿਆ। ਇਸ ਮੌਕੇ ਸਕਿਓਰਿਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਮੁੱਖ ਪ੍ਰਬੰਧਕਾਂ ਵਿੱਚ ਕਿੰਦੂ ਰਾਮੀਦੀ , ਗੁਰਮੁੱਖ ਸੰਧੂ, ਸੋਢੀ ਢੀਂਡਸਾ, ਸੀਤਲ ਸਿੰਘ ਨਿੱਝਰ, ਸੁਖਵਿੰਦਰ ਤੂਰ, ਗੁਰਨੇਕ ਢਿਲੋਂ, ਜੱਸੀ ਢਿੱਲੋਂ ਆਦਿ ਵਲੋਂ ਅਗਲੇ ਵਰ੍ਹੇ 25 ਮਈ ਨੂੰ 9 ਵਾਂ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ ਗਿਆ।

***

## ਪਹਿਲਵਾਨ ਬੱਚੀਆਂ ਦੇ ਹੱਕ ਵਿੱਚ

ਹੋ ਰਿਹਾ ਸੀ ਤੇ ਦੂਜੇ ਪਾਸੇ ਦੇਸ਼ ਦਾ ਨਾਮ ਰੋਸ਼ਨ ਕਰਨ ਵਾਲੀਆਂ ਔਰਤ ਪਹਿਲਵਾਨਾਂ 'ਤੇ ਤਸ਼ੱਦਦ ਕੀਤਾ ਗਿਆ ਜਿਸ ਨਾਲ ਪੂਰੇ ਦੇਸ਼ ਸ਼ਰਮਸ਼ਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਹੱਕਾਂ ਲਈ ਲੜਾਈ ਲੜ ਰਹੀਆਂ ਇਨ੍ਹਾਂ ਔਰਤ ਪਹਿਲਵਾਨਾਂ ਨਾਲ ਡੱਟ ਕੇ ਖੜ੍ਹੀ ਹੈ ਅਤੇ ਇਨ੍ਹਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇਗਾ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲ ਨੇ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਬੱਚੀਆਂ ਨੇ ਖੇਡਾਂ ਵਿਚ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੋਸ਼ਨ ਕੀਤਾ ਅੱਜ ਉਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਇਨ੍ਹਾਂ ਬੱਚੀਆਂ ਦੀ ਗੱਲ ਸੁਣਨ ਦੀ ਥਾਂ ਉਨ੍ਹਾਂ ਨੂੰ ਸੜਕਾਂ 'ਤੇ ਰੋਲਿਆ ਜਾ ਰਿਹਾ ਹੈ।

***

## ਬ੍ਰਿਜ ਭੂਸ਼ਣ ਵੱਲੋਂ ਪਹਿਲਵਾਨਾਂ ਦੇ ਅੰਦੋਲਨ ਨੂੰ ਖ਼ਲਿਸਤਾਨੀਆਂ

ਐਡਵੋਕੇਟ ਧਾਮੀ ਨੇ ਕਿਹਾ ਕਿ ਇਨਸਾਫ਼ ਲੈਣ ਖ਼ਾਤਰ ਧਰਨਾਕਾਰੀਆਂ ਦੀ ਮਦਦ ਕਰਨਾ ਸਿੱਖ ਕੌਮ ਦਾ ਪਹਿਲਾ ਫ਼ਰਜ਼ ਹੈ, ਇਸੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਔਰਤ ਪਹਿਲਵਾਨਾਂ ਦੇ ਹੱਕ ਵਿੱਚ ਹੈ। ਐਡਵਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਦਸਤਖ਼ਤ ਮੁਹਿੰਮ ਤਹਿਤ 26 ਲੱਖ ਦੇ ਲਗਭਗ ਸੰਗਤਾਂ ਦੇ ਦਸਤਖ਼ਤ ਕੀਤੇ ਫਾਰਮਾਂ ਨੂੰ ਪੰਜਾਬ ਤੇ ਰਾਜਪਾਲ ਕੋਲੋਂ ਸਮਾਂ ਲੈ ਕੇ ਸੌਂਪਿਆ ਜਾਵੇਗਾ ਕਿਉਂਕਿ ਪਹਿਲਾਂ ਰਾਜਪਾਲ ਵੱਲੋਂ ਕਿਸੇ ਰੁਝੇਵੇਂ ਕਾਰਨ ਇਹ ਪ੍ਰੋਗਰਾਮ ਮੁਲਤਵੀ ਹੋ ਗਿਆ ਸੀ ਤੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਨਵਾਂ ਸਮਾਂ ਮੰਗਿਆ ਗਿਆ ਹੈ।

ਗੁਰੂ ਘਰਾਂ ਵਿੱਚ ਹੋ ਰਹੀਆਂ ਬੇਅਦਬੀਆਂ ਦੇ ਮਾਮਲੇ 'ਤੇ ਬੋਲਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਜਦੋਂ ਤੱਕ ਕਾਨੂੰਨ ਵਿੱਚ ਸੋਧ ਕਰ ਕੇ ਸਖ਼ਤ ਕਾਨੂੰਨ ਨਹੀਂ ਬਣਾਏ ਜਾਂਦੇ ਤੇ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਉਦੋਂ ਤੱਕ ਬੇਅਦਬੀਆਂ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਚੈਨਲ ਖੋਲ੍ਹੇ ਜਾਣ ਦੇ ਮਾਮਲੇ 'ਤੇ ਐਡਵੋਕੇਟ ਧਾਮੀ ਨੇ ਕਿਹਾ ਕਿ ਮਾਮਲੇ ਨੂੰ ਨਿੱਜੀ ਤੌਰ 'ਤੇ ਦੇਖ ਰਹੇ ਹਨ ਕਿਉਂਕਿ ਇਹ ਮਾਮਲਾ ਕੋਈ ਛੋਟਾ ਨਹੀਂ ਹੈ। ਇਸ ਬਾਰੇ ਵਿਚਾਰ ਚਲ ਰਹੀ ਹੈ।

## ਭਾਰਤ ਦੇ 5 ਅਨੋਖੇ ਬਾਜ਼ਾਰ

ਇਹ ਕਾਰਤਿਕ ਪੂਰਨਿਮਾ ਦੇ ਦੌਰਾਨ ਗੰਗਾ ਦੇ ਕਿਨਾਰੇ ਆਯੋਜਿਤ ਕੀਤਾ ਜਾਂਦਾ ਹੈ। ਇਹ ਮਹੀਨਾ ਭਰ ਚੱਲਣ ਵਾਲੇ ਬਾਜ਼ਾਰਾਂ ਵਿੱਚੋਂ ਇੱਕ ਹੈ ਜਿੱਥੇ ਕਈ ਤਰ੍ਹਾਂ ਦੇ ਜਾਨਵਰ ਮਿਲਦੇ ਹਨ। ਕਿਹਾ ਜਾਂਦਾ ਹੈ ਕਿ ਇਹ ਬਜ਼ਾਰ ਚੰਦਰਗੁਪਤ ਮੌਰਿਆ ਦੇ ਸਮੇਂ ਦਾ ਹੈ ਅਤੇ ਉਸ ਦੀ ਸਭਾ ਵਿੱਚ ਇੱਥੋਂ ਘੋੜੇ ਅਤੇ ਹਾਥੀ ਖਰੀਦੇ ਜਾਂਦੇ ਸਨ।

***

## ਕਾਨਸ ਫਿਲਮ ਫੈਸਟੀਵਲ: ਗਲੈਮਰ ਅਤੇ ਪ੍ਰਦਰਸ਼ਨ

ਨੁਮਾਇੰਦਗੀ ਦੀ ਘਾਟ ਦੇ ਪ੍ਰਤੀਕਰਮ ਵਜੋਂ ਇੱਕ ਔਰਤਾਂ ਦਾ ਮਾਰਚ ਵੀ ਆਯੋਜਿਤ ਕੀਤਾ ਗਿਆ ਸੀ।

2109 ਵਿੱਚ, ਅਭਿਨੇਤਰੀ ਕ੍ਰਿਸਟਨ ਸਟੀਵਰਟ ਕਾਨਸ ਵਿਖੇ ਸਪਾਈਕ ਲੀ ਦੀ ਹਾਲੀਆ ਫਿਲਮ ਬਲੈਕਕਲਾਂਸਮੈਨ ਦੇ ਪ੍ਰਦਰਸ਼ਨ ਵੱਲ ਜਾ ਰਹੀ ਸੀ, ਉਹ ਆਪਣੀ ਉੱਚੀ ਅੱਡੀ ਵਾਲੇ ਸਟੀਲੇਟੋਸ ਪਹਿਨ ਕੇ ਥੱਕ ਗਈ ਜਾਪਦੀ ਸੀ। ਫੋਟੋਗ੍ਰਾਫ਼ਰਾਂ ਦੀ ਭੀੜ ਦੇ ਸਾਮ੍ਹਣੇ, ਸਟੀਵਰਟ ਨੇ ਸੈਂਡਲ ਉਤਾਰੇ ਅਤੇ ਨੰਗੇ ਪੈਰੀਂ ਪੌੜੀਆਂ ਚੜ੍ਹ ਗਈ। ਕਈਆਂ ਨੇ ਕ੍ਰਿਸਟਨ ਦੇ ਇਸ ਕੰਮ ਨੂੰ ਔਰਤਾਂ ਦੇ 'ਹਾਈ ਹੀਲ' ਪਹਿਨਣ ਦੀ ਕਾਨਸ ਨੀਤੀ ਨੂੰ ਪੁਕਾਰਨ ਲਈ ਸਟੰਟ ਕਿਹਾ ਹੈ।

**ਰੂਸ-ਯੂਕਰੇਨ ਯੁੱਧ ਖਿਲਾਫ ਪ੍ਰਦਰਸ਼ਨ**

2022 ਵਿੱਚ, ਰੂਸ ਦੁਆਰਾ ਯੂਕਰੇਨ ਉੱਤੇ ਹਮਲਾ ਕਰਨ ਤੋਂ ਬਾਅਦ, ਕੈਨਸ ਵਿੱਚ ਵੀ ਯੁੱਧ ਦੇ ਖਿਲਾਫ ਪ੍ਰਦਰਸ਼ਨ ਦੇਖੇ ਗਏ ਸਨ। ਇੱਕ ਨੰਗੀ ਔਰਤ ਨੇ ਲਾਲ ਕਾਰਪੇਟ 'ਤੇ ਆਪਣੇ ਆਪ ਨੂੰ ਯੂਕਰੇਨ ਦੇ ਝੰਡੇ ਦੇ ਰੰਗਾਂ ਵਿੱਚ ਰੰਗਿਆ।

ਇਸ ਪ੍ਰਦਰਸ਼ਨਕਾਰੀ ਨੇ ਯੂਕਰੇਨ ਦੇ ਝੰਡੇ ਦੀ ਨੁਮਾਇੰਦਗੀ ਕਰਦੇ ਹੋਏ, ਪੀਲੇ ਅਤੇ ਨੀਲੇ ਰੰਗ ਦੇ ਪਿਛੋਕੜ ਦੇ ਵਿਰੁੱਧ 'ਸਾਨੂੰ ਬਲਾਤਕਾਰ ਕਰਨਾ ਬੰਦ ਕਰੋ' ਸ਼ਬਦਾਂ ਦੇ ਨਾਲ ਬਾਡੀ ਪੇਂਟ ਪਹਿਨ ਕੇ ਇੱਕ ਸ਼ਕਤੀਸ਼ਾਲੀ ਬਿਆਨ ਦਿੱਤਾ। ਇਸ ਤੋਂ ਇਲਾਵਾ, ਉਸਦੀ ਪਿੱਠ ਉੱਤੇ 'ਸਕਮ' ਸ਼ਬਦ ਲਿਖਿਆ ਗਿਆ ਸੀ। ਪ੍ਰਦਰਸ਼ਨਕਾਰੀ ਲਾਲ ਕਾਰਪੇਟ ਤੱਕ ਪਹੁੰਚਣ ਵਿੱਚ ਕਾਮਯਾਬ ਹੋ ਗਈ, ਪਰ ਸੁਰੱਖਿਆ ਕਰਮੀਆਂ ਨੇ ਉਸ ਨੂੰ ਉਥੋਂ ਹਟਾ ਦਿੱਤਾ।

**2022 ਵਿੱਚ ਇੱਕ ਹੋਰ ਵਿਰੋਧ ਪ੍ਰਦਰਸ਼ਨ**

ਉਸ ਸਾਲ ਇੱਕ ਹੋਰ ਘਟਨਾ ਵਿੱਚ, ਲਗਭਗ 12 ਔਰਤਾਂ ਦੇ ਇੱਕ ਸਮੂਹ ਨੇ ਸੈਕਸ ਵਰਕਰਾਂ ਦੇ ਕਤਲ ਨੂੰ ਸੰਬੋਧਿਤ ਕਰਨ ਵਾਲੀ ਇੱਕ ਫਿਲਮ ਦੇ ਰੈੱਡ ਕਾਰਪੇਟ-ਪ੍ਰੀਮੀਅਰ ਵਿੱਚ ਵਿਘਨ ਪਾਇਆ।

ਨਾਰੀਵਾਦੀ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੇ ਔਰਤਾਂ ਵਿਰੁੱਧ ਹਿੰਸਾ ਨੂੰ ਉਜਾਗਰ ਕਰਨ ਲਈ ਇੱਕ ਬੈਨਰ ਲਹਿਰਾ ਕੇ ਵਿਰੋਧ ਪ੍ਰਦਰਸ਼ਨ ਕੀਤਾ। ਬੈਨਰ ਵਿੱਚ ਮਾਰੇ ਗਏ 129 ਔਰਤਾਂ (ਘਰੇਲੂ ਕਤਲ) ਦੇ ਪਹਿਲੇ ਨਾਮਾਂ ਨੂੰ ਨਕਾਰਿਆ ਗਿਆ ਸੀ ।

ਉਨ੍ਹਾਂ ਨੇ ਕੈਮਰੇ ਲਈ ਪੋਜ਼ ਦੇਣ ਲਈ ਪੌੜੀਆਂ 'ਤੇ ਰੁਕਦੇ ਹੋਏ ਕਾਲੇ ਧੂੰਏਂ ਦੇ ਗ੍ਰੇਨੇਡ ਵੀ ਛੱਡੇ। ਬਾਅਦ ਵਿੱਚ ਉਹਨਾਂ ਦੀ ਪਛਾਣ ਨਾਰੀਵਾਦੀ ਸਮੂਹ ਲੇਸ ਕੋਲੀਉਸ ਦੇ ਮੈਂਬਰਾਂ ਵਜੋਂ ਕੀਤੀ ਗਈ। ਪਹਿਲਾਂ ਤਾਂ ਇਨ੍ਹਾਂ ਕਾਰਕੁਨਾਂ ਨੂੰ ਸੁਰੱਖਿਆ ਕਰਮੀਆਂ ਨੇ ਨਹੀਂ ਰੋਕਿਆ ਅਤੇ ਉਨ੍ਹਾਂ ਨੇ ਤਸਵੀਰਾਂ ਅਤੇ ਵੀਡੀਓਜ਼ ਲਈ ਪੋਜ਼ ਦਿੱਤੇ।

***

## ਮਨੁੱਖੀ ਸਭਿਅਤਾ ਤੇ ਅਜ਼ਾਦੀ ਲਈ ਖ਼ਤਰਨਾਕ

ਗੁਰਮਤਿ ਅਨੁਸਾਰ ਮਨੁੱਖ ਅਤੇ ਮਨੁੱਖਤਾ, ਮਨੁੱਖੀ ਸਭਿਅਤਾ ਅਤੇ ਸੱਭਿਆਚਾਰ ਸਭ ਕੁਝ ਮਨ ਦੀ ਚੇਤਨਾ ਦੇ ਤੱਤ 'ਤੇ ਆਧਾਰਿਤ ਹੈ। ਗੁਰਬਾਣੀ ਨੇ ਗਲ ਮੁਕਾ ਦਿੱਤੀ ਕਿ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਹ ਵਿਸ਼ਾਲ ਤੇ ਬਹੁਰੰਗੀ ਹੈ। ਬ੍ਰਹਮ ਇਸ ਵਿੱਚ ਸਮਾਇਆ, ਕਣ ਕਣ ਵਿੱਚ ਮੌਜੂਦ ਇਸ ਨੂੰ ਚਲਾ ਰਿਹਾ ਹੈ।

ਹੁਣ ਜ਼ਰਾ ਸੋਚੋ, ਜੇ ਮਨੁੱਖ ਦਾ ਮਨ, ਉਸ ਦੀ ਭਾਸ਼ਾ, ਭਾਸ਼ਾ ਦੀਆਂ ਬਣੀਆਂ ਕਹਾਣੀਆਂ ਦਾ ਕੰਮ ਮਸ਼ੀਨਾਂ ਕਰਨ ਲਗ ਜਾਣ ਤਾਂ ਕੀ ਹੋਵੇਗਾ? ਜੇਕਰ ਕੰਪਿਊਟਰ ਮਸ਼ੀਨ, ਉਸ ਵਿੱਚ ਸਟੋਰ ਕੀਤੀ ਆਰਟੀਫੀਸ਼ੀਅਲ ਇੰਟੈਲੀਜੈਂਸ ਜਾਂ ਨਕਲੀ ਬੁੱਧੀ ਵਾਲੇ ਸਾਫਟਵੇਅਰ ਜੈਵਿਕ ਮਨੁੱਖੀ ਮਨ ਦੇ ਓਪਰੇਟਿੰਗ ਸਿਸਟਮ ਦੀ ਥਾਂ ਲੈ ਲੈਣ ਤਾਂ ਮਨੁੱਖੀ ਸਮਾਜ ਦਾ ਕੀ ਬਣੇਗਾ? ਕਲਪਨਾ ਡਰਾਉਣੀ ਹੈ। ਇਸ ਨਾਲ ਮਨੁੱਖੀ ਮਨ ਸੰਵੇਦਨਾਵਾਂ ਸਭ ਖਤਮ ਹੋ ਜਾਣਗੀਆਂ।

ਮਨੁੱਖ ਪੁਰਾਤਨ ਸਮੇਂ ਤੋਂ ਜੀਵਨ ਦੀਆਂ ਲੋੜਾਂ ਤੇ ਸਹੂਲਤਾਂ ਲਈ ਮਸ਼ੀਨਾਂ ਬਣਾ ਰਿਹਾ ਹੈ ਤਾਂ ਜੋ ਉਹ, ਕੰਮ ਨੂੰ ਸੁਖਾਲਾ ਬਣਾ ਸਕੇ ਅਤੇ ਅਨੰਦ ਭਰਪੂਰ ਜ਼ਿੰਦਗੀ ਗੁਜ਼ਾਰ ਸਕੇ। ਸਭ ਕੁਝ ਮਸ਼ੀਨੀ ਤੌਰ 'ਤੇ ਸੰਚਾਰ, ਭਾਸ਼ਾ, ਸ਼ਬਦਾਂ ਅਤੇ ਫੈਸਲਿਆਂ ਆਦਿ ਦੇ ਸਾਰੇ ਪਹਿਲੂਆਂ ਵਿੱਚ, ਉਹ ਮਸ਼ੀਨਰੀ ਬਣਾਈ ਜਾ ਰਹੀ ਹੈ, ਜਿਸ ਨੂੰ ਨਾ ਤਾਂ ਪ੍ਰਭਾਵਾਂ ਦੀ ਪਰਵਾਹ ਹੈ ਅਤੇ ਨਾ ਹੀ ਅੰਤਿਮ ਨਤੀਜਿਆਂ ਦੀ ਚਿੰਤਾ ਹੈ। ਆਰਟੀਫੀਸ਼ਲ ਇੰਟੈਲੀਜੈਂਸ ਕਾਰਨ ਲੋਕਾਂ ਦੀ ਸੋਚ, ਸੱਚ ਨੂੰ ਜਾਨਣ ਅਤੇ ਖੋਜਣ ਦੀ ਪ੍ਰਕਿਰਿਆ ਕੁਝ ਕੁ ਸੁਚੇਤ ਮਨੁੱਖਾਂ ਤੱਕ ਹੀ ਸੀਮਤ ਹੋ ਜਾਵੇਗਾ। ਨਕਲੀ ਬੁੱਧੀ ਇਸ ਤੋਂ ਖਤਰਨਾਕ ਵਰਤਾਰਾ ਰਚੇਗੀ। ਇਹ ਪੁਰਾਣਾ ਸੱਚ ਹੈ ਕਿ ਭੀੜ ਸੰਵੇਦਨਸ਼ੀਲਤਾ ਨੂੰ ਨਿਗਲ ਜਾਂਦੀ ਹੈ। ਨਕਲੀ ਬੁੱਧੀ ਭੀੜਾਂ ਸਿਰਜਜੇਗੀ। ਬੰਦੇ ਦੇ ਰਿਸ਼ਤੇ ਆਟੋਮੈਟਿਕ ਮਸ਼ੀਨ ਬਣ ਜਾਣਗੇ। ਜੇਕਰ ਭੀੜ ਮਸ਼ੀਨ ਦੇ ਰੂਪ ਵਿੱਚ ਹੋਵੇ ਜਾਂ ਕਿਸੇ ਨੇਤਾ, ਤਾਨਾਸ਼ਾਹ, ਵਿਚਾਰ ਦੁਆਰਾ ਚਲਾਈ ਜਾਂਦੀ ਹੋਵੇ ਤਾਂ ਉਹ ਮਨੁੱਖੀ ਸਭਿਅਤਾ ਨੂੰ ਗੁਲਾਮੀ ਦੇ ਰਾਹੇ ਪਾ ਦੇਵੇਗਾ ਜਾਂ ਤਬਾਹ ਕਰ ਦੇਵੇਗੀ। ਹੁਣ ਚਿੰਤਕ, ਦਾਰਸ਼ਨਿਕ ਅਤੇ ਵਿਗਿਆਨੀ ਖੁਦ ਮਨੁੱਖ ਦੇਵਤਾ ਤੋਂ ਸ਼ੈਤਾਨ ਬਣਨ ਦੀ ਰਚਨਾ ਕਰ ਰਹੇ ਹਨ ਜੋ ਮਨੁੱਖੀ ਸਭਿਅਤਾ ਦੇ ਖਤਮੇ ਲਈ ਭੂਮਿਕਾ ਨਿਭਾ ਰਹੇ ਹਨ। ਇਸ ਸਦੀ ਵਿੱਚ ਮਨੁੱਖ ਨਕਲੀ ਬੁੱਧੀ ਉੱਤੇ ਨਿਰਭਰ ਕਰੇਗਾ। ਦਿਮਾਗ ਕੰਮ ਕਰਨਾ ਬੰਦ ਕਰ ਦੇਵੇਗਾ। ਉਹ ਬਿਨਾਂ ਸੋਚੇ-ਸਮਝੇ ਜ਼ਿੰਦਗੀ ਜੀਵੇਗਾ ਜਿਵੇਂ ਮਸ਼ੀਨ ਕਹੇਗੀ। ਜਿਵੇਂ ਕਿ ਮਸ਼ੀਨ ਦੇ ਕੁਝ ਮਾਲਕ ਚਾਹੁੰਦੇ ਹਨ। ਉਹ ਦੇਵਤਾ ਤੋਂ ਸ਼ੈਤਾਨ ਵਲ ਸਫਰ ਕਰੇਗਾ। ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ :

ਸਲੋਕ ਮ: ੩ ॥ ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥

ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਅਰਥਾਤ ਬ੍ਰਹਮ ਦੇ ਮਾਰਗ ਨੂੰ ਨਹੀਂ ਅਪਨਾਇਆ। ਸਤਿਗੁਰੂ ਦੇ ਸ਼ਬਦ ਬਾਰੇ ਵਿਚਾਰ ਨਹੀਂ ਕੀਤਾ। ਯੋਗ ਗੁਣ ਧਾਰਨ ਨਹੀਂ ਕੀਤੇ। ਹਿਰਦੇ ਵਿੱਚ ਸੱਚਾ ਪ੍ਰਕਾਸ਼ ਨਹੀਂ ਹੋਇਆ, ਉਹ ਜੀਵ ਸੰਸਾਰ ਵਿੱਚ ਜੀਉਂਦਾ ਹੀ ਮੋਇਆ ਵਰਗਾ ਹੈ। ਅਰਥਾਤ ਉਸਨੇ ਸੋਝੀ ਸੱਚ ਤੇ ਯੋਗ ਥਾਂ ਉਪਰ ਨਹੀਂ ਲਗਾਈ।

***

## 'ਪਿਆਸੇ ਸ਼ਹਿਰਾਂ' ਦੇ 'ਡੁੱਬਣ' ਦੀ ਦਾਸਤਾਨ

ਉਨ੍ਹਾਂ ਦੇ ਹਮਲੇ ਦਾ ਸਾਹਮਣਾ ਕਰਨ ਵਾਲੀ ਸਮੱਗਰੀ ਦਾ ਹੇਠਲਾ ਹਿੱਸਾ ਵਧੇਰੇ ਆਸਾਨੀ ਨਾਲ ਟੁੱਟ ਜਾਂਦਾ ਹੈ। ਕਮਜ਼ੋਰ ਜ਼ਮੀਨ 'ਤੇ ਸਥਿਤ ਰਿਹਾਇਸ਼ੀ ਇਲਾਕਿਆਂ ਲਈ ਇਹ ਵੱਡਾ ਖ਼ਤਰਾ ਹੈ।

ਡਿਟਸੇ ਨੇ ਚਿਤਾਵਨੀ ਦਿੱਤੀ ਹੈ ਕਿ ਤੇਜ਼ ਮੀਂਹ ਤੋਂ ਬਾਅਦ ਕਿਤੇ ਵੀ ਅਜਿਹੇ ਹੜ੍ਹ ਆ ਸਕਦੇ ਹਨ। ਪਹਾੜੀ ਖੇਤਰਾਂ ਵਿੱਚ ਡੈਮ ਅਚਾਨਕ ਫ਼ੇਲ੍ਹ ਹੋ ਸਕਦੇ ਹਨ, ਝੀਲਾਂ ਭਰ ਸਕਦੀਆਂ ਹਨ ਅਤੇ ਨੀਵੇਂ ਖੇਤਰਾਂ ਵਿੱਚ ਭਾਰੀ ਤਬਾਹੀ ਮਚਾ ਸਕਦੀਆਂ ਹਨ।

**ਕੀ ਹੜ੍ਹਾਂ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ?**

ਡਿਟਸੇ ਦਾ ਮੰਨਣਾ ਹੈ ਕਿ ਮੌਸਮ ਦੀ ਭਵਿੱਖਬਾਣੀ ਨੂੰ ਹਾਈਡ ਰੋਲੋਜੀਕਲ ਮਾਡਲਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਹੜ੍ਹਾਂ ਦੀ ਸੰਭਾਵਨਾ ਦਾ ਕਾਫ਼ੀ ਹੱਦ ਤੱਕ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਪਰ ਇਸ ਦੇ ਬਾਵਜੂਦ ਹਾਲੇ ਤੱਕ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਸੰਭਵ ਨਹੀਂ ਹੈ। ਇਹ ਬਹੁਤ ਤੇਜ਼ੀ ਨਾਲ ਵਾਪਰਦਾ ਹੈ ਅਤੇ ਇੰਨੇ ਵੱਡੇ ਪੈਮਾਨੇ 'ਤੇ ਡਾਟਾ ਇਕੱਠਾ ਕਰਨਾ ਅਜੇ ਦੂਰ ਦੀ ਗੱਲ ਹੈ। ਪਿਛਲੇ ਕੁਝ ਸਾਲਾਂ ਤੋਂ, ਸੈਟੇਲਾਈਟ ਚਿੱਤਰਾਂ ਅਤੇ ਸੀਸਮੋਮੀਟਰਾਂ ਦੀ ਮਦਦ ਨਾਲ ਅਸਲ ਸਮੇਂ ਵਿੱਚ ਨਿਗਰਾਨੀ ਕਰਕੇ ਹੜ੍ਹ ਦੀਆਂ ਲਹਿਰਾਂ ਦੀ ਤਾਕਤ ਨੂੰ ਮਾਪਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਇਹ ਖੋਜ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ। ਡਿਟਸੇ ਨੂੰ ਉਮੀਦ ਹੈ ਕਿ ਇਹ ਖੋਜ ਭਵਿੱਖ ਵਿੱਚ ਹੜ੍ਹਾਂ ਲਈ ਇੱਕ ਸ਼ੁਰੂਆਤੀ ਚੇਤਾਵਨੀ ਪ੍ਰਣਾਲੀ ਬਣਾਉਣ ਵਿੱਚ ਮਦਦ ਕਰੇਗੀ।

***

## 2024 : 'ਜਿੱਤ' ਕੇ ਅੰਤ ਨੂੰ 'ਹਾਰ'

ਇਹ ਨਤੀਜਾ ਮੋਰਚੇ ਦੇ ਅਸਲ ਸ਼ਕਤੀ ਆਧਾਰ ਨੂੰ ਨਹੀਂ ਦਰਸਾਉਂਦਾ ਸੀ। ਇਸ ਲਈ ਐਸ.ਡੀ.ਐਸ. ਨਿਸ਼ਚਿਤ ਤੌਰ 'ਤੇ 2024 'ਚ ਉਸ ਵਿਗਾੜ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇਗਾ।

ਫਿਰ ਆਂਧਰਾ ਪ੍ਰਦੇਸ਼ ਅਤੇ ਓਡੀਸ਼ਾ ਅਲੱਗ ਸ਼੍ਰੇਣੀ ਦੇ ਹਨ। ਆਂਧਰਾ ਪ੍ਰਦੇਸ਼ 'ਚ ਭਾਜਪਾ ਅਤੇ ਕਾਂਗਰਸ ਦੋਵਾਂ ਦੇ ਖ਼ਿਲਾਫ਼ 'ਯੁਵ ਜਨ ਸ਼੍ਰਮਿਕ ਰਾਇਥੂ ਕਾਂਗਰਸ ਪਾਰਟੀ' (ਵਾਈ.ਐਸ. ਆਰ.ਸੀ.ਪੀ.) ਇਕੱਲਿਆਂ ਚੋਣਾਂ ਲੜੇਗੀ। ਓਡੀਸ਼ਾ 'ਚ ਨਵੀਨ ਪਟਨਾਇਕ ਦੀ ਅਗਵਾਈ ਵਾਲੀ ਬੀਜੂ ਜਨਤਾ ਦਲ (ਬੀ.ਜੇ.ਡੀ.), ਉੱਭਰਦੀ ਭਾਜਪਾ ਅਤੇ ਕਾਂਗਰਸ ਦੋਵਾਂ ਦੇ ਖ਼ਿਲਾਫ਼ ਲੜੇਗੀ। ਓਡੀਸ਼ਾ ਦੇ ਮੁੱਖ ਮੰਤਰੀ ਭਾਜਪਾ ਦੇ ਹੋਰ ਵਿਸਥਾਰ ਤੋਂ ਆਪਣੇ ਖੇਤਰ ਨੂੰ ਬਚਾਉਣ ਲਈ ਸਾਰੀਆਂ ਕੋਸ਼ਿਸ਼ਾਂ ਕਰਨਗੇ।

ਤੇਲੰਗਾਨਾ ਇਕ ਹੋਰ ਸੂਬਾ ਹੈ, ਜੋ ਇਸ ਸਾਲ ਦੇ ਅਖੀਰ 'ਚ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰੇਗਾ, ਜਿਸ 'ਚ ਸੱਤਾਧਾਰੀ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐਸ.), ਭਾਜਪਾ ਅਤੇ ਕਾਂਗਰਸ ਨਾਲ ਅਲੱਗ-ਅਲੱਗ ਜੂਝੇਗੀ। ਵਿਧਾਨ ਸਭਾ ਦੇ ਨਤੀਜੇ ਦੱਸਣਗੇ ਕਿ ਭਾਜਪਾ ਦੀ ਚੁਣੌਤੀ ਨਾਲ ਨਜਿੱਠਣ ਲਈ ਬੀ.ਆਰ.ਐਸ. ਅਤੇ ਕਾਂਗਰਸ ਵਿਚਾਲੇ ਕਿਸੇ ਸਮਝੌਤੇ ਦੀ ਸੰਭਾਵਨਾ ਬਣਦੀ ਹੈ ਜਾਂ ਨਹੀਂ। ਉੱਤਰ-ਪੂਰਬੀ ਰਾਜਾਂ 'ਚ ਤ੍ਰਿਪੁਰਾ ਵਿੱਚ, ਭਾਜਪਾ ਆਪਣੀਆਂ ਦੋ ਲੋਕ ਸਭਾ ਸੀਟਾਂ ਨੂੰ ਗੁਆ ਸਕਦੀ ਹੈ ਜੇਕਰ ਖੱਬੇਪੱਖੀ-ਕਾਂਗਰਸ ਗੱਠਜੋੜ ਨੇ ਟਿਪਰਾਮੋਥਾ ਦੇ ਨਾਲ ਸਮਝੌਤਾ ਕਰ ਲਿਆ, ਜੋ ਕਿ ਆਦਿਵਾਸੀਆਂ ਦੀ ਪਾਰਟੀ ਹੈ।

ਭਾਜਪਾ ਆਪਣੀਆਂ ਦੋ ਲੋਕ ਸਭਾ ਸੀਟਾਂ ਯਕੀਨੀ ਬਣਾਉਣ ਲਈ ਗੱਠਜੋੜ ਵਿੱਚ ਟਿਪਰਾਮੋਥਾ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਸ ਨੂੰ ਅਜੇ ਤੱਕ ਇਸ 'ਚ ਕੋਈ ਕਾਮਯਾਬੀ ਨਹੀਂ ਮਿਲੀ। ਤ੍ਰਿਪੁਰਾ ਵਿੱਚ ਭਗਵਾਂ ਨੂੰ ਪਾਸੇ ਕਰਨ ਲਈ ਕਾਂਗਰਸ ਅਜੇ ਵੀ ਟਿਪਰਾਮੋਥਾ ਦੇ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ।

ਅਸਾਮ ਵਿੱਚ, ਕਾਂਗਰਸ ਅਜੇ ਵੀ ਵਿਰੋਧੀ ਪਾਰਟੀਆਂ ਵਿਚਾਲੇ ਪ੍ਰੇਰਕ ਸ਼ਕਤੀ ਹੈ, ਪਰ ਭਾਜਪਾ ਦੇ ਖ਼ਿਲਾਫ਼ ਸੰਯੁਕਤ ਵਿਰੋਧੀ ਧਿਰ ਨੂੰ ਸੁਵਿਧਾਜਨਕ ਬਣਾਉਣ ਲਈ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸੁਲਝਾਉਣਾ ਪਵੇਗਾ। ਮੁੱਖ ਮੰਤਰੀ ਹਿੰਮਤ ਵਿਸ਼ਵ ਸ਼ਰਮਾ ਇਕ ਚਤੁਰ ਭਾਜਪਾ ਨੇਤਾ ਹਨ ਅਤੇ ਉੱਤਰ-ਪੂਰਬ 'ਚ ਖੇਤਰੀ ਪਾਰਟੀਆਂ ਵਿਚਾਲੇ ਭਾਜਪਾ ਦੇ ਦਬਦਬੇ ਨੂੰ ਯਕੀਨੀ ਬਣਾਉਣ 'ਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਸਮੁੱਚੇ ਤੌਰ 'ਤੇ, ਭਾਜਪਾ ਨੂੰ ਆਪਣੇ ਗੜ੍ਹਾਂ ਵਿਚ ਹਰਾਉਣ ਵਿੱਚ ਸਫਲਤਾ ਕਾਂਗਰਸ ਅਤੇ ਖੇਤਰੀ ਗੱਠਜੋੜਾਂ ਦੀ ਸਮਰੱਥਾ 'ਤੇ ਨਿਰਭਰ ਕਰੇਗੀ।2019 ਦੀਆਂ ਲੋਕ ਸਭਾ ਚੋਣਾਂ ਵਿੱਚ ਹਿੰਦੀ ਭਾਸ਼ੀ ਰਾਜਾਂ 'ਚ ਭਾਜਪਾ ਨੂੰ ਵੱਡੀ ਗਿਣਤੀ ਵਿੱਚ ਸੀਟਾਂ ਮਿਲੀਆਂ ਸਨ, ਪਰ ਅੱਜ ਜੋ ਸਥਿਤੀ ਹੈ, ਉੱਤਰ ਪ੍ਰਦੇਸ਼ ਨੂੰ ਛੱਡ ਕੇ ਭਾਜਪਾ ਨੂੰ ਵੱਡੀ ਗਿਣਤੀ ਵਿੱਚ ਸੀਟਾਂ ਦਾ ਨੁਕਸਾਨ ਹੋਣਾ ਤੈਅ ਹੈ। ਉਦਾਹਰਨ ਵਜੋਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ 65 ਲੋਕ ਸਭਾ ਸੀਟਾਂ ਹਨ, ਜਿਨ੍ਹਾਂ 'ਚੋਂ 2019 ਦੀਆਂ ਚੋਣਾਂ 'ਚ ਕਾਂਗਰਸ ਨੂੰ ਤਿੰਨ ਦੇ ਮੁਕਾਬਲੇ ਭਾਜਪਾ ਨੂੰ 61 ਸੀਟਾਂ ਮਿਲੀਆਂ ਸਨ। ਇਨ੍ਹਾਂ ਤਿੰਨਾਂ ਰਾਜਾਂ 'ਚੋਂ ਕਾਂਗਰਸ ਦੀਆਂ ਸੀਟਾਂ ਦੀ ਗਿਣਤੀ ਘੱਟ ਤੋਂ ਘੱਟ 30 ਨੂੰ ਪਾਰ ਕਰ ਸਕਦੀ ਹੈ।

ਇਸੇ ਤਰ੍ਹਾਂ ਕਰਨਾਟਕ ਵਿਚ ਕੁੱਲ 28 ਲੋਕ ਸਭਾ ਸੀਟਾਂ 'ਚੋਂ ਭਾਜਪਾ ਨੂੰ 25 ਸੀਟਾਂ ਮਿਲੀਆਂ ਸਨ। ਭਾਜਪਾ ਦਾ ਇਹ ਅੰਕੜਾ 2024 ਦੀਆਂ ਚੋਣਾਂ 'ਚ ਦਸ 'ਚੋਂ ਘੱਟ ਹੋਣਾ ਤੈਅ ਹੈ ਅਤੇ ਜੇਕਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਜੇ.ਡੀ. (ਐਸ.) ਦੇ ਨਾਲ ਸਮਝੌਤਾ ਹੋ ਜਾਂਦਾ ਹੈ ਤਾਂ ਭਾਜਪਾ ਨੂੰ ਕੁੱਲ 28 ਲੋਕ ਸਭਾ ਸੀਟਾਂ ਤੋਂ ਘੱਟ ਸੀਟਾਂ ਮਿਲਣਗੀਆਂ।

ਅਜੇ ਤੱਕ ਕਾਂਗਰਸ ਕੋਲ ਮੌਜੂਦਾ ਲੋਕ ਸਭਾ 'ਚ 52 ਸੀਟਾਂ ਹਨ। ਇਸ 'ਚ ਕਾਂਗਰਸ ਰਣਨੀਤੀਕਾਰ ਸੁਨੀਲ ਕਾਨੂੰਗੋਲੂ ਦੀ ਅਗਵਾਈ ਵਿੱਚ ਯੋਗ ਯੋਜਨਾਬੰਦੀ ਨਾਲ 70 ਤੋਂ 80 ਤੱਕ ਦਾ ਵਾਧਾ ਹੋ ਸਕਦਾ ਹੈ। ਇਸ ਨਾਲ 2024 ਦੀਆਂ ਚੋਣਾਂ ਤੋਂ ਬਾਅਦ ਕਾਂਗਰਸ ਦਾ ਅੰਕੜਾ 122 ਤੋਂ 132 ਤਕ ਹੋ ਜਾਵੇਗਾ, ਜੋ ਲੋਕ ਸਭਾ ਦੀ ਕੁੱਲ 543 ਸੀਟਾਂ 'ਚੋਂ ਭਾਜਪਾ ਨੂੰ 170 ਸੀਟਾਂ ਤੋਂ ਹੇਠਾਂ ਲਿਆਉਣ ਲਈ ਕਾਫ਼ੀ ਹੈ। 2024 ਲੋਕ ਸਭਾ ਵਿੱਚ ਕਾਫ਼ੀ ਸੀਟਾਂ ਦੇ ਨਾਲ ਵਾਈ.ਐਸ. ਆਰ.ਸੀ.ਪੀ. ਅਤੇ ਬੀ.ਜੇ.ਡੀ. ਵਿਰੋਧੀ ਗੱਠਜੋੜ ਦੇ ਨਾਲ ਸਹਿਯੋਗ ਕਰਨ 'ਚ ਰੁਚੀ ਲੈਣਗੇ। 2004 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਸਿਰਫ਼ 114 ਸੀਟਾਂ ਮਿਲੀਆਂ ਸਨ ਅਤੇ 2009 ਦੀਆਂ ਚੋਣਾਂ ਵਿੱਚ ਇਹ ਗਿਣਤੀ ਵਧ ਕੇ 146 ਹੋ ਗਈ ਸੀ।

ਵਿਰੋਧੀ ਧਿਰ ਦੀ ਆਉਣ ਵਾਲੀ ਬੈਠਕ ਵਿੱਚ ਉਨ੍ਹਾਂ ਮੁੱਦਿਆਂ 'ਤੇ ਚਰਚਾ ਹੋਣੀ ਚਾਹੀਦੀ ਹੈ, ਜਿਨ੍ਹਾਂ 'ਤੇ ਪਾਰਟੀਆਂ ਸੰਸਦ ਅਤੇ ਸੰਸਦ ਦੇ ਬਾਹਰ ਪ੍ਰਚਾਰ ਕਰਨਗੀਆਂ। ਕਰਨਾਟਕ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਬੇਰੁਜ਼ਗਾਰੀ ਅਤੇ ਗ਼ਰੀਬੀ ਦੇ ਨਾਲ-ਨਾਲ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੇ ਵੀ ਵੋਟਰਾਂ ਦਾ ਧਿਆਨ ਖਿੱਚਿਆ ਹੈ। ਸੰਯੁਕਤ ਵਿਰੋਧੀ ਧਿਰ ਵਲੋਂ ਉਨ੍ਹਾਂ ਮੁੱਦਿਆਂ ਦੇ ਆਧਾਰ 'ਤੇ ਇਕ ਕੌਮੀ ਮੁਹਿੰਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ, ਜੋ ਆਉਣ ਵਾਲੇ ਦਿਨਾਂ 'ਚ ਘੱਟੋ ਘੱਟ ਆਮ ਪ੍ਰੋਗਰਾਮ ਦਾ ਹਿੱਸਾ ਬਣ ਸਕਣ। ਗ਼ੈਰ-ਭਾਜਪਾ ਵਿਰੋਧੀਆਂ ਲਈ ਹੁਣ ਰਾਜਨੀਤਕ ਸਥਿਤੀ ਲਾਹੇਵੰਦ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਗਲਾ ਇੱਕ ਸਾਲ ਕਾਂਗਰਸ ਦੇ ਨਾਲ-ਨਾਲ ਹੋਰ ਭਾਜਪਾ ਵਿਰੋਧੀ, ਵਿਰੋਧੀ ਪਾਰਟੀਆਂ ਲਈ ਬੇਹੱਦ ਮਹੱਤਵਪੂਰਨ ਹੈ। ਕਰਨਾਟਕ ਦੀ ਲੜਾਈ ਜਿੱਤ ਲਈ ਗਈ ਹੈ ਪਰ ਵਿਰੋਧੀ ਧਿਰ ਵਲੋਂ 2024 ਵਿੱਚ ਭਾਜਪਾ ਦੇ ਖ਼ਿਲਾਫ਼ ਆਖ਼ਰੀ ਜੰਗ ਜਿੱਤਣੀ ਬਾਕੀ ਹੈ।

**

## ਪੰਜਾਬ ਵਿੱਚ ਪਰਿਵਾਰਵਾਦ

ਚੁਬਾਰੇ ਰਸੋਈ" ਵਾਲੀ ਪਹੁੰਚ ਕਾਰਨ ਇਹ ਕਾਡਰ ਕਾਮਰੇਡਾਂ ਤੋਂ ਦੂਰ ਹੁੰਦਾ ਚਲਾ ਗਿਆ। ਪਹਿਲਾਂ ਪਹਿਲ ਇਹਨਾਂ ਨੂੰ ਬੀ. ਐੱਸ. ਪੀ. ਨੇ ਵਰਤਿਆ, ਫਿਰ ਡੇਰਾਵਾਦ ਨੇ ਅਤੇ ਅੱਜ ਕੱਲ੍ਹ ਇਹਨਾਂ ਦਾ ਝੁਕਾਅ 'ਆਪ' ਪਾਰਟੀ ਵੱਲ ਜ਼ਿਆਦਾ ਹੈ। ਕਾਮਰੇਡਾਂ ਦੀ ਹਾਲਤ ਹੁਣ ਇਹ ਹੈ ਕਿ ਲੋਕਾਂ ਨਾਲ ਤਾਂ ਖੜ੍ਹਦੇ ਹਨ ਇਹ ਲੋਕ, ਧਰਨੇ ਮੁਜ਼ਾਹਰਿਆਂ ਵਿੱਚ ਅੱਗੇ ਹੋ ਕੇ ਭਾਗ ਲੈਂਦੇ ਹਨ ਇਹ ਲੋਕ, ਪਰ ਵੋਟਾਂ ਵੇਲੇ ਧਰਮ, ਜਾਤ, ਪੈਸਾ ਅਤੇ ਨਸ਼ਾ ਇਹਨਾਂ ਦੀ ਪੀਪੀ ਖਾਲੀ ਰੱਖਣ ਲਈ ਇਹਨਾਂ ਦੇ ਆੜ੍ਹੇ ਆ ਜਾਂਦੇ ਹਨ। ਕਿਸੇ ਵੀ ਰਾਜਸੀ ਪਾਰਟੀ ਨੂੰ ਕਿਸੇ ਇੱਕ ਫਿਰਕੇ ਦੀ ਜਾਂ ਕਿਸੇ ਖ਼ਾਸ ਧਰਮ ਦੀ ਪਾਰਟੀ ਬਣਕੇ ਨਹੀਂ ਵਿਚਰਨਾ ਚਾਹੀਦਾ ਅਤੇ ਨਾ ਹੀ ਇਹ ਧਾਰਨਾ ਕਿਸੇ ਵੀ ਰਾਜਨੀਤਿਕ ਪਾਰਟੀ ਨੂੰ ਗਵਾਰਾ ਹੋ ਸਕਦੀ ਹੈ। ਹੁਣ ਬੇਸ਼ਕ ਦੂਜੀਆਂ ਪਾਰਟੀਆਂ ਦੇ ਤਥਾ ਕਥਿਤ ਧਰਮ ਨਿਰਪੱਖ ਸੋਚ ਦੇ ਲੀਡਰਾਂ ਨੂੰ ਆਪਣੇ ਵੱਲ ਖਿੱਚ ਕੇ ਦੇਸ਼ ਦੀ ਪ੍ਰਮੁੱਖ ਪਾਰਟੀ ਵੱਲੋਂ ਪੰਜਾਬ ਵਿੱਚ ਆਪਣਾ ਅਕਸ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪ੍ਰੰਤੂ ਲੋੜ ਹੈ ਵਿਚਾਰਧਾਰਕ ਤਬਦੀਲੀ ਦੀ ਤਾਂ ਕਿ ਇਹ ਪਾਰਟੀ ਪੰਜਾਬੀਆਂ ਨੂੰ ਸਹੀ ਮਾਅਨਿਆਂ ਪੰਜਾਬ ਦੀ ਪ੍ਰਤੀਨਿਧਤਾ ਕਰਦੀ ਪ੍ਰਤੀਤ ਹੋਵੇ। ਪੰਜਾਬ ਵਿੱਚ ਰਾਜਸੀ ਖੜੋਤ ਤਾਂ ਨਹੀਂ, ਘੜਮੱਸ ਹੈ। ਰਾਜਨੀਤੀ ਵਿੱਚ ਹੱਦਾਂ ਪਾਰ ਕਰ ਚੁੱਕੀ ਗਿਰਾਵਟ, ਸ਼ੁੱਧ ਪ੍ਰਗਤੀਵਾਦੀ ਸੋਚ ਦੇ ਧਾਰਨੀਆਂ ਅਤੇ ਬੁੱਧੀਜੀਵੀਆਂ ਨੂੰ ਰਾਜਨੀਤੀ ਤੋਂ ਪਰਹੇਜ਼ ਲਈ ਉਤਸ਼ਾਹਿਤ ਕਰਦੀ ਹੈ। ਇਹੀ ਕਾਰਨ ਹੈ ਕਿ ਸੁਹਿਰਦ ਲੋਕ ਅੱਗੇ ਆਉਣ ਤੋਂ ਗੁਰੇਜ਼ ਕਰਦੇ ਹਨ ਅਤੇ ਦੇਸ਼ ਅਜਿਹੇ ਲੋਕਾਂ ਦੀ ਅਗਵਾਈ ਤੋਂ ਵਾਂਝਾ ਰਹਿ ਜਾਂਦਾ ਹੈ। ਫਿਰ ਰਾਜਨੀਤਿਕ ਖਲਾਅ ਵਿੱਚੋਂ ਪੈਦਾ ਹੁੰਦੇ ਹਨ ਕੁਛ ਆਪੂੰ ਬਣੇ ਅਹਿਮਕ ਲੀਡਰ ਜੋ ਕਿ ਕੌਮ ਦੇਸ਼ ਨੂੰ ਕੋਈ ਸੇਧ ਦੇਣ ਦੇ ਸਮਰੱਥ ਤਾਂ ਨਹੀਂ ਹੁੰਦੇ ਸਗੋਂ ਆਪਣੇ ਗੁਮਰਾਹਕੁੰਨ ਭਾਸ਼ਣਾਂ ਦੇ ਜ਼ਰੀਏ ਪੰਜਾਬ ਨੂੰ ਬਲਦੀ ਦੇ ਬੂਥੇ ਦੇ ਕੇ ਆਪ ਉਹ ਇੱਧਰ ਉੱਧਰ ਹੋ ਜਾਂਦੇ ਹਨ। ਅੱਜ ਲੋੜ ਹੈ ਕਿਸੇ ਅਜਿਹੇ ਸੰਜੀਦਾ ਪੰਜਾਬ ਹਿਤੈਸ਼ੀ ਦੀ ਜੋ ਪੰਜਾਬ ਨੂੰ ਵਿਕਾਸ ਦੇ ਰਾਹ ਪਾ ਸਕੇ।

***

## ਕਿਵੇਂ ਹੋਵੇਗਾ ਪੰਜਾਬ

ਆਪਣੀ ਪੈਨਸ਼ਨ ਲਗਵਾਉਣ ਅਤੇ ਹੋਰ ਬਕਾਏ ਆਦਿ ਲੈਣ ਲਈ ਵੀ ਕਈ ਵਾਰ ਉਹੋ ਕੁਝ ਕਰਨਾ ਪੈਂਦਾ ਹੈ, ਜੋ ਉਸਨੇ ਲੋਕਾਂ ਤੋਂ ਕਰਵਾਇਆ ਹੁੰਦਾ ਹੈ।

ਇਥੇ ਜ਼ਿਕਰ ਯੋਗ ਹੈ ਕਿ ਸਾਰੇ ਸਰਕਾਰੀ ਮੁਲਾਜ਼ਮ ਭ੍ਰਿਸ਼ਟ ਨਹੀਂ ਹੁੰਦੇ ਸਗੋਂ ਵੱਡੀ ਗਿਣਤੀ ਸਰਕਾਰੀ ਮੁਲਾਜ਼ਮ ਅਤੇ ਅਧਿਕਾਰੀ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਹਨ ਅਤੇ ਰਿਸ਼ਵਤ ਲੈਣ ਨੂੰ ਪਾਪ ਸਮਝਦੇ ਹਨ ਪਰ ਕੁਝ ਰਿਸ਼ਵਤਖੋਰ ਮੁਲਾਜ਼ਮਾਂ ਕਾਰਨ ਬਦਨਾਮੀ ਸਾਰੇ ਮਹਿਕਮੇ ਦੀ ਹੋ ਜਾਂਦੀ ਹੈ।

ਹੁਣ ਤਾਂ ਕੁਝ ਪ੍ਰਾਈਵੇਟ ਅਦਾਰਿਆਂ 'ਚ ਵੀ ਭ੍ਰਿਸ਼ਟਾਚਾਰ ਘੁਸਪੈਠ ਕਰ ਚੁੱਕਿਆ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਸ਼ਮਸ਼ਾਨ ਘਾਟ ਵਿੱਚ ਕਈ ਵਾਰ ਇਕੋ ਸਮੇਂ ਅਨੇਕਾਂ 'ਮ੍ਰਿਤਕ ਦੇਹਾਂ' ਪਹੁੰਚ ਜਾਂਦੀਆਂ ਹਨ, ਜਿਸ ਕਾਰਨ ਕੁਝ ਲੋਕ ਆਪਣੇ ਪਰਿਵਾਰਕ ਮੈਂਬਰ ਦੀ 'ਮ੍ਰਿਤਕ ਦੇਹ' ਦਾ ਅੰਤਿਮ ਸਸਕਾਰ ਪਹਿਲਾਂ ਕਰਵਾਉਣ ਲਈ ਅਕਸਰ ਸ਼ਮਸ਼ਾਨ ਘਾਟ ਦੇ ਪ੍ਰਬੰਧਕਾਂ ਜਾਂ ਕਰਮਚਾਰੀਆਂ ਦੀ ਕਥਿਤ 'ਸੇਵਾ ਪਾਣੀ' ਕਰਨ ਦਾ ਯਤਨ ਕਰਦੇ ਹਨ। ਇਸ ਤੋਂ ਇਲਾਵਾ ਸ਼ਮਸ਼ਾਨ ਘਾਟ 'ਚ ਅਜਿਹੇ ਲੋਕ ਵੀ ਹੁੰਦੇ ਹਨ, ਜੋ ਸ਼ਮਸ਼ਾਨ ਘਾਟ ਦੇ ਨਕਲੀ ਕਰਮਚਾਰੀ ਬਣ ਕੇ ਕੇ ਜਾਂ ਕੋਈ ਹੋਰ ਬਹਾਨਾ ਲਗਾ ਕੇ ਪੀੜ੍ਹਤ ਪਰਿਵਾਰ ਤੋਂ ਕਿਸੇ ਨਾ ਕਿਸੇ ਬਹਾਨੇ 500 ਜਾਂ 1000 ਰੁਪਏ ਲੈ ਜਾਂਦੇ ਹਨ, ਕੀ ਇਹ ਭ੍ਰਿਸ਼ਟਾਚਾਰ ਨਹੀਂ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੇ ਜਨਮ ਤੋਂ ਸ਼ੁਰੂ ਹੋਇਆ ਭ੍ਰਿਸ਼ਟਾਚਾਰ ਮਨੁੱਖ ਦੇ ਅੰਤਿਮ ਸਮੇਂ ਤਕ ਕਿਸੇ ਨਾ ਕਿਸੇ ਰੂਪ 'ਚ ਚਲਦਾ ਰਹਿੰਦਾ ਹੈ। ਫਿਰ ਅਜਿਹੇ ਸਮੇਂ 'ਚ ਪੰਜਾਬ ਨੂੰ ਪੂਰੀ ਤਰ੍ਹਾਂ ਕਿਸ ਤਰ੍ਹਾਂ ਭ੍ਰਿਸ਼ਟਾਚਾਰ ਮੁਕਤ ਕੀਤਾ ਜਾ ਸਕਦਾ ਹੈ?

ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਜੋ ਕੰਮ ਸ਼ੁਰੂ ਕੀਤਾ ਹੋਇਆ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਇਹ ਤਾਂ ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਜੀਵਨ ਦੇ ਹਰ ਖੇਤਰ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਪੂਰੀ ਤਰ੍ਹਾਂ ਸਮਾਪਤ ਕਰਨ 'ਚ ਪੰਜਾਬ ਦੀ ਮੌਜੂਦਾ ਸਰਕਾਰ ਕਿੰਨੀ ਕੁ ਸਫ਼ਲ ਹੁੰਦੀ ਹੈ?

***

## ਸਿੰਧੀ ਮੰਦਰ ਦੇ ਪ੍ਰਬੰਧਕਾਂ ਨੇ ਸਿੱਖਾਂ 'ਤੇ ਕੇਸ ਦਰਜ ਕਰਵਾਇਆ

ਉੱਥੇ ਸਿੰਧੀ ਨਿਜ਼ ਕੀਤਾ ਜਾਂਦਾ ਹੈ ਜੋ ਕਿ ਗੁਰੂ ਸਾਹਿਬ ਦਾ ਘੋਰ ਅਪਮਾਨ ਹੈ। ਇਸ ਮੰਦਰ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁਰਸਿੱਖਾਂ ਵੱਲੋਂ ਲਿਆਂਦੇ ਗਏ ਸੀ ਤਾਂ ਮੰਦਰ ਦੇ ਪ੍ਰਬੰਧਕਾਂ ਨੇ ਸਿੰਘਾਂ 'ਤੇ ਪੁਲਿਸ ਕੇਸ ਦਰਜ ਕਰਵਾ ਦਿੱਤਾ, ਜਦਕਿ ਇਹ ਸਾਰੀ ਕਾਰਵਾਈ ਪੁਲਿਸ ਦੀ ਮੌਜੂਦਗੀ ਵਿੱਚ ਹੀ ਹੋਈ ਸੀ। ਇਸ ਬਾਬਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਵੇ ਅਤੇ ਅਨਮਤੀ ਸਥਾਨਾਂ 'ਤੇ ਪ੍ਰਕਾਸ਼ ਨਾ ਕੀਤਾ ਜਾਵੇ । ਆਗੂਆਂ ਨੇ ਆਖਿਆ ਕਿ ਭਾਈ ਤਰਸੇਮ ਸਿੰਘ ਦਿਉਲ ਨੂੰ ਬਤੌਰ ਅਬਜ਼ਰਵਰ ਭੇਜਿਆ ਗਿਆ ਸੀ ਅਤੇ ਉਸ ਦਾ ਡੱਟ ਕੇ ਸਾਥ ਦਿੱਤਾ ਜਾਵੇਗਾ। ਇਸ ਕੇਸ ਵਿੱਚ ਜਿਨ੍ਹਾਂ ਸਿੱਖੀ ਸਰੂਪ ਵਾਲਿਆਂ ਨੇ ਸਿੱਖ ਵਿਰੋਧੀ ਰੋਲ ਅਦਾ ਕੀਤਾ, ਮੰਦਰ ਦੇ ਪ੍ਰਬੰਧਕਾਂ ਨੂੰ ਕੇਸ ਦਰਜ ਕਰਵਾਉਣ ਲਈ ਉਤਸ਼ਾਹਿਤ ਕੀਤਾ ਉਨ੍ਹਾਂ ਨੂੰ ਸਮਾਂ ਆਉਣ 'ਤੇ ਬੇਨਕਾਬ ਵੀ ਕੀਤਾ ਜਾਵੇਗਾ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com